INTERNATIONAL MAGAZINE

RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਏਕੋ ਬ੍ਰਹਮੁ ਦੁਤੀਅ ਨਾਸਤਿ

ਅਕਤੂਬਰ
(October)
2017



ਸੰਤ ਮਹਾਰਾਜ ਰਤਵਾੜਾ ਸਾਹਿਬ
(17 ਜੂਨ 1918 – 31 ਅਕਤੂਬਰ 2001)

## ਮਹਾਨ ਗੁਰਮਤਿ ਰੂਹਾਨੀ ਸਮਾਗਮ

## ਰਤਵਾੜਾ ਸਾਹਿਬ

ਨਿਊ ਚੰਡੀਗੜ੍ਹ

**30-31 ਅਕਤੂਬਰ | 1-2 ਨਵੰਬਰ 2017**

ਪ੍ਰਾਰਥਕ : ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ



ਸੰਤ ਮਾਤਾ ਜੀ ਰਤਵਾੜਾ ਸਾਹਿਬ
(8 ਅਗਸਤ 1918 – 1 ਨਵੰਬਰ 2013)

# ਆਤਮ ਮਾਰਗ

ਸਾਲ-ਤੇਈਵਾਂ, ਮਹੀਨਾ-ਅਕਤੂਬਰ, 2017

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ


| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਰੀਕ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

**ਫੋਨ :- 84378-12900, 94172-14391, 94172-14379,**

**Email :atammarg1@yahoo.co.in**

Postal Address for any Enquiry, Money Order, Cheque and drafts :

**'ATAM MARG' MAGAZINE**

**Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India**

### SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

### SUBSCRIPTION FOREIGN (ਵਿਦੇਸ਼)

| ਸਾਲਾਨਾ | ਜੀਵਨ ਕਾਲ |
|---|---|
| $ 60/- | $ 600/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-

For Atam Marg Email : atammarg1@yahoo.co.in,

Website & Live video -

www.ratwarasahib.in
www.ratwarasahib.org } (Every sunday)

Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ** - ਬਾਬਾ ਸਤਨਾਮ ਸਿੰਘ ਅਟਵਾਲ
ਫੋਨ ਅਤੇ ਫੈਕਸ : 001-408-263-1844

**ਕਨੇਡਾ** - ਭਾਈ ਸਰਮੁਖ ਸਿੰਘ ਪੰਨੂੰ, ਵੈਨਕੂਵਰ
ਫੋਨ : 001-604-433-0408

ਭਾਈ ਤਰਸੇਮ ਸਿੰਘ ਬੈਂਸ - ਮੋਬਾਇਲ : 001-604-862-9525
ਫੋਨ : 001-604-599-5000

ਭਾਈ ਜਸਬੀਰ ਸਿੰਘ ਰਾਨੂ ਫੋਨ : 001-604-589-9189

**ਇੰਗਲੈਂਡ** - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
ਫੋਨ : 0044-121-200-2818
ਫੈਕਸ : 0044-121-200-2879

ਭਾਈ ਅਰਵਿੰਦਰ ਸਿੰਘ (ਰਾਜ)
ਮੋਬਾਇਲ :0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
ਮੋਬਾਇਲ - 0061-406619858

## ਸੰਪਰਕ ਨੰਬਰ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ, ਹਿੰਦੀ, ਅੰਗ੍ਰੇਜ਼ੀ) 9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (CBSE) , ਫੋਨ : 0160-2255003
3. ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ ਮੋਬਾਇਲ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (PSEB) ਮੋਬਾਇਲ : 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ 98786-95178, 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ ਮੋਬਾਇਲ : 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ (ਬੀ.ਐੱਡ) - ਮੋਬਾਇਲ : 94172-14382
8. ਅਕਾਲ ਬਿਰਧ ਆਸ਼ਰਮ (ਫਰੀ) - ਮੋਬਾਇਲ : 98157-28220

### ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ੍ਰੀ ਮਾਨ ਜੀ | - | 98551-32009 |
| ਸ੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385<br>98555-28517 |
| ਕੇਬਲ ਟੀ.ਵੀ ਨੈਟਵਰਕ | - | 94172-14385 |

### ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | ਬਾਰਹਮਾਹਾ | 7 |
| | *ਡਾ. ਜਗਜੀਤ ਸਿੰਘ* | |
| 3. | ਜੇਹਾ ਬੀਜੈ ਸੋ ਲੂਣੇ ਕਰਮਾ ਸੰਦੜਾ ਖੇਤੁ ॥ | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਬਾਬਾਣੀਆਂ ਕਹਾਣੀਆਂ | 22 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਭੇਖ ਦਿਖਾਏ ਜਗਤ ਕਉ ਲੋਗਨ ਕੋ ਬਸ ਕੀਨ। | 26 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | 30-31 ਅਕਤੂਬਰ, 1-2 ਨਵੰਬਰ<br>ਮਹਾਨ ਗੁਰਮਤਿ ਰੂਹਾਨੀ ਸਮਾਗਮ ਇਸ਼ਤਿਹਾਰ | 31 |
| 7. | ਮਨ ਮੇਰੇ ਭੂਲੇ ਕਪਟੁ ਨ ਕੀਜੈ | 45 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 8. | ਗੁਰ ਰਾਮਦਾਸੁ ਰਾਖਹੁ ਸਰਣਾਈ | 51 |
| | *ਡਾ. ਜਗਜੀਤ ਸਿੰਘ* | |
| 9. | ਗੁਰੂ ਗੋਬਿੰਦ ਸਿੰਘ ਰਚਿਤ - ਜ਼ਫਰਨਾਮਾ | 57 |
| | *ਸ. ਨਿਰੰਜਨ ਸਿੰਘ ਨੂਰ* | |
| 10. | ਗੁਰਬਾਣੀ ਅਰਥ-ਭੰਡਾਰ | 59 |
| | *ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ* | |
| 11. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ | 61 |
| | *ਡਾ. ਸਵਾਮੀ ਰਾਮ ਜੀ* | |
| 12. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ, ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ, ਹਸਪਤਾਲ ਅਤੇ ਪੁਸਤਕ ਸੂਚੀ | 63 |

# ਸੰਪਾਦਕੀ

## *'ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥'*

*ਭਾਈ (ਡਾ.) ਸੁਖਵਿੰਦਰ ਸਿੰਘ*

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*
*ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ*
*ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥ ਅੰਗ- ੧੬੭*

ਸਾਰੀਆਂ ਬਖਸ਼ਿਸ਼ਾਂ ਦੇ ਦਾਤੇ ਸਮਰੱਥ ਸਤਿਗੁਰੂ ਆਪ ਹਨ। ਪ੍ਰਮੇਸ਼ਰ ਵਾਹਿਗੁਰੂ ਸਰਬ ਸ਼ਕਤੀਆਂ ਸੰਪੰਨ ਹਨ। ਪ੍ਰਮੇਸ਼ਰ ਵਾਹਿਗੁਰੂ ਦਾ ਸਰਗੁਣ ਸਰੂਪ ਸਤਿਗੁਰੂ ਹਨ ਅਤੇ ਸਤਿਗੁਰੂ ਦਾ ਨਿਰਗੁਣ ਸਰੂਪ ਅਕਾਲ ਪੁਰਖ ਵਾਹਿਗੁਰੂ ਹਨ। ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਵਾਹਿਗੁਰੂ ਜੀ ਆਪ ਹਨ। ***'ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥'*** ਇਸੇ ਤਰ੍ਹਾਂ ਸਮਰੱਥ ਸਤਿਗੁਰੂ ਵੀ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਹਨ। ਅਕਾਲ ਪੁਰਖ ਵਾਹਿਗੁਰੂ ਦੀ ਬੇਅੰਤ ਰਚਨਾ ਵਿਚ ਅਸੀਂ ਇਕ ਬ੍ਰਹਿਮੰਡ ਭਾਵ ਧਰਤੀ ਮੰਡਲ ਵਿਚ ਰਹਿ ਰਹੇ ਹਾਂ। ਇਸ ਮੰਡਲ ਵਿਚ ਬਖਸ਼ਿਸ਼ਾਂ ਦੇ ਦਾਤੇ ਸਮਰੱਥ ਸਤਿਗੁਰੂ ਹਨ। ਦੁਨਿਆਵੀ ਅਤੇ ਰੂਹਾਨੀ ਬਖਸ਼ਿਸ਼ਾਂ ਦੇ ਮਾਲਕ ਸਤਿਗੁਰੂ ਆਪ ਹਨ। ਉਹ ਕਿਸੇ ਸ਼ੈਅ ਨੂੰ ਅਰਸ਼ਾਂ ਤੋਂ ਫਰਸ਼ਾਂ ਤੇ ਸੁੱਟ ਸਕਦੇ ਹਨ। ਫਰਸ਼ਾਂ ਤੋਂ ਅਰਸ਼ਾਂ ਦੀਆਂ ਉਡਾਰੀਆਂ ਲੁਆ ਸਕਦੇ ਹਨ।

*ਖਿਨ ਮਹਿ ਨੀਚ ਕੀਟ ਕਉ ਰਾਜ ॥*
*ਪਾਰਬ੍ਰਹਮ ਗਰੀਬ ਨਿਵਾਜ ॥ ਅੰਗ - ੨੭੭*

*ਖਿਨ ਮਹਿ ਨਿਥਾਵੇ ਕਉ ਦੀਨੋ ਥਾਨੁ ॥*
*ਖਿਨ ਮਹਿ ਨਿਮਾਣੇ ਕਉ ਦੀਨੋ ਮਾਨੁ ॥ ਅੰਗ- ੧੧੪੩*

*ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥*
*ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥*
*ਅੰਗ- ੫੩੭*

ਭਰਿਆਂ ਨੂੰ ਖਾਲੀ ਕਰਨਾ ਅਤੇ ਖਾਲੀਆਂ ਨੂੰ ਭਰਨਾ ਇਹ ਵਾਹਿਗੁਰੂ ਦਾ ਛਿਨ ਦਾ ਕੰਮ ਹੈ। ***'ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥ ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥*** ਭਿਖਾਰੀਆਂ ਨੂੰ ਛਿਨ 'ਚ ਰਾਜ ਦਿਵਾ ਸਕਦਾ ਹੈ ਤੇ ਰਾਜ ਭਾਗ ਮਾਣਨ ਵਾਲਿਆਂ ਨੂੰ ਮੰਗਤੇ ਬਣਨਾ ਪੈ ਜਾਂਦਾ ਹੈ। ਜਦੋਂ ਪ੍ਰਮੇਸ਼ਰ ਦੀ ਨਦਰਿ ਪੁੱਠੀ ਹੋ ਜਾਂਦੀ ਹੈ ***'ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥'*** ਮੂਰਖਾਂ ਨੂੰ, ਅਗਿਆਨੀਆਂ ਨੂੰ ਸਮਝਦਾਰ ਅਤੇ ਬੁੱਧੀਵਾਨ ਬਣਾ ਦਿੰਦਾ ਹੈ ਤੇ ਬੁੱਧੀਵਾਨਾਂ ਨੂੰ ਅਤਿ ਦਰਜੇ ਦਾ ਮਤਹੀਣ ਮੂਰਖ ਬਣਾ ਦਿੰਦਾ ਹੈ ਕਿਉਂਕਿ ਉਹ ਸਰਬ ਕਲਾ ਸਮਰੱਥ ਹੈ। ਉਸ ਦੇ ਘਰ ਵਿਚ ਨਾ ਦੇਰ ਹੈ ਤੇ ਨਾ ਹੀ ਅੰਧੇਰ ਹੈ। ਧੰਨ ਗੁਰੂ ਨਾਨਕ ਮਹਾਰਾਜ ਇਸ ਪ੍ਰਥਾਇ ਫੁਰਮਾਨ ਕਰਦੇ ਹਨ -

*ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥*
*ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥*
*ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥*
*ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥*
*ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥*
*ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥*
*ਅੰਗ- ੧੪੪*

ਉਥੇ ਇਕ ਸੰਵਿਧਾਨ, ਨਿਯਮ ਕੰਮ ਕਰ ਰਿਹਾ ਹੈ। ***'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥'*** ਦਾ ਸਦੀਵੀ ਕਾਲ ਨਿਯਮ ਵਰਤ ਰਿਹਾ ਹੈ। ***'ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥'*** ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦਾ ਪਾਵਨ ਪ੍ਰਕਾਸ਼ ਗੁਰਪੁਰਬ 7 ਅਕਤੂਬਰ ਨੂੰ ਸਿੱਖ ਸੰਗਤਾਂ ਵਲੋਂ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਧੰਨ ਗੁਰੂ ਰਾਮਦਾਸ ਮਹਾਰਾਜ ਨੇ ਭਾਈ ਜੇਠਾ ਜੀ ਦੇ ਰੂਪ ਵਿਚ ਕਰੜੀ ਘਾਲਣਾ ਘਾਲੀ। ਕਿਸੇ ਵੀ ਸਖਸ਼ੀਅਤ ਦੇ ਜੀਵਨ ਦਾ ਝਲਕਾਰਾ ਉਸ ਦੇ ਪਰਿਵਾਰਕ, ਵਿਵਹਾਰਕ, ਸਮਾਜਿਕ ਤੇ ਧਾਰਮਿਕ ਜੀਵਨ ਤੋਂ ਝਲਕਦਾ ਹੈ ਭਾਵ ਸਪਸ਼ਟ ਹੁੰਦਾ ਹੈ। ਇਨ੍ਹਾਂ ਚਾਰ ਖੇਤਰਾਂ ਵਿਚੋਂ ਵਿਰਲੇ ਹਨ ਜਿਹੜੇ ਸਾਰੇ ਖੇਤਰਾਂ ਵਿਚ ਪੂਰੇ ਉਤਰਦੇ ਤੇ ਨਿਭਦੇ ਹਨ। ਧੰਨ ਗੁਰੂ ਰਾਮਦਾਸ ਮਹਾਰਾਜ ਜੀ ਭਾਈ ਜੇਠਾ ਦੇ ਰੂਪ ਵਿਚ ਚਾਰੋਂ ਖੇਤਰਾਂ 'ਚ ਪੂਰੇ ਉਤਰਦੇ ਹਨ। ਪਰਿਵਾਰਿਕ ਜੀਵਨ ਵਿਚ ਆਪ ਜੀ ਦੀ ਛੋਟੀ ਸਰੀਰਕ ਉਮਰ ਵਿਚ ਮਾਤਾ ਪਿਤਾ ਦਾ ਚੜ੍ਹਾਈ ਕਰ ਜਾਣਾ ਬਾਅਦ ਵਿਚ ਸਤਿਕਾਯੋਗ ਨਾਨੀ ਜੀ ਵਲੋਂ ਪਾਲਣ ਪੋਸਣ ਕਰਨਾ ਅਤੀ ਕਠਿਨਾਈ ਭਰਿਆ ਜੀਵਨ ਸੀ। ਉਹ ਇਹੋ ਜਿਹਾ ਸਮਾਂ ਸੀ ਕਿ ਉਨ੍ਹਾਂ ਦੇ ਨਗਰ ਚੂੰਨਾ ਮੰਡੀ ਲਾਹੌਰ ਵਿਖੇ ਨਗਰ ਵਾਲਿਆਂ ਦੀਆਂ ਅੱਖਾਂ 'ਤੇ ਪਰਦੇ ਪਏ ਹੋਏ ਸੀ। ਭਾਵੇਂ ਉਸ ਸਮੇਂ ਨਗਰ ਦੀਆਂ ਗਲੀਆਂ ਵਿਚ ਉਡਦੇ ਕੱਖਾਂ ਦੀ ਕੀਮਤ ਤਾਂ ਹੋਵੇਗੀ ਪਰ ਭਾਈ ਜੇਠਾ ਜੀ ਨੂੰ ਕਿਸੇ ਨੇ ਵੀ ਗੱਲ ਨਾਲ ਨਹੀਂ ਲਾਇਆ। ਕਿਸੇ ਨੂੰ ਕੀ ਪਤਾ ਸੀ ਕਿ ਇਹ ਤਾਂ ਕਰੋੜਾਂ ਦੀ ਗਿਣਤੀ ਭਾਵ ਅਣਗਿਣਤਾਂ ਨੂੰ ਰਹਿੰਦੀ ਦੁਨੀਆਂ ਤੱਕ ਰਾਮਦਾਸਪੁਰ ਵਿਚ ਗਲ ਲਾ ਕੇ ਬਖਸ਼ਿਸ਼ਾਂ ਕਰਨਗੇ। ਧੰਨ ਗੁਰੂ ਅਮਰਦਾਸ ਮਹਾਰਾਜ ਜੀ ਦੀ ਸੇਵਾ ਵਿਚ ਰਹਿ ਕੇ ਪਰਿਵਾਰਕ ਜ਼ਿੰਮੇਵਾਰੀਆਂ ਬਾਖੂਬੀ ਸੰਭਾਲੀਆਂ।

ਗੁਰੂ ਘਰ ਵਿਚ ਇਕ ਨਿਮਾਣੇ ਜਿਹੇ ਸੇਵਾਦਾਰ ਬਣ ਕੇ ਪਰਿਵਾਰਕ ਜੀਵਨ ਗੁਜ਼ਾਰਿਆ। ਵਿਹਾਰਿਕ ਤੇ ਸਮਾਜਿਕ ਜੀਵਨ ਵੀ ਆਪ ਜੀ ਦਾ ਪ੍ਰੇਰਨਾਦਾਇਕ ਰਿਹਾ ਹੈ। ਧਾਰਮਿਕ ਜੀਵਨ ਵਿਚ ਸੇਵਾ ਸਿਮਰਨ ਕਰਦੇ ਸਤਿਗੁਰੂ ਪ੍ਰਤੀ ਅਥਾਹ ਸ਼ਰਧਾ ਪਿਆਰ ਆਪਣੀ ਮਿਸਾਲ ਆਪ ਹਨ। ਤਾਂਹੀ ਆਪ ਜੀ ਨੇ ਫੁਰਮਾਨ ਕੀਤਾ ਹੈ ਕਿ ***'ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥ ਹਮ ਰੁਲਤੇ ਫਿਰਤੇ ਕੋਈ ਬਾਤ ਨ ਪੁਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥'***

ਸਮਰੱਥ ਸਤਿਗੁਰੂ ਧੰਨ ਗੁਰੂ ਅਮਰਦਾਸ ਮਹਾਰਾਜ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਕੇ ਆਪ ਜੀ ਥਾਪੇ ਗਏ। ਸਤਿਗੁਰੂ ਨੂੰ ਮਿਲ ਕੇ ਸਾਰੇ ਦੁੱਖ ਰੋਗ ਸੰਤਾਪ ਉਤਰ ਗਏ ਭਾਵ ਕੋਈ ਵੀ ਦੁਖ ਨਹੀਂ ਰਿਹਾ। ਆਪ ਬਖਸ਼ਿਸ਼ਾਂ ਪ੍ਰਾਪਤ ਕਰਕੇ ਦੁਖ ਕੱਟਣਹਾਰੇ ਬਣ ਗਏ। ਦਾਤਾਂ ਦੇ ਮਾਲਕ ਬਣ ਗਏ। ਅੱਜ ਪਵਿੱਤਰ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਅਣਗਿਣਤ ਸੰਗਤਾਂ ਝੋਲੀਆਂ ਭਰ ਕੇ ਜਾ ਰਹੀਆਂ ਹਨ। ਸਰੀਰਕ ਅਤੇ ਆਤਮਿਕ ਹਰ ਤਰ੍ਹਾਂ ਦੀਆਂ ਭੁੱਖਾਂ ਦੀ ਨਵਿਰਤੀ ਉਥੇ ਹੋ ਰਹੀ ਹੈ। ਭੱਟ ਕੀਰਤ ਜੀ ਨੇ ਠੀਕ ਹੀ ਕਿਹਾ ਹੈ -

*ਇਕ ਅਰਦਾਸਿ ਭਾਟ ਕੀਰਤਿ ਕੀ*
*ਗੁਰ ਰਾਮਦਾਸ ਰਾਖਹੁ ਸਰਣਾਈ ॥* *ਅੰਗ- ੧੪੦੬*

ਹੇ ਸਤਿਗੁਰ! ਮੇਰੀ ਅਰਦਾਸ ਹੈ ਕਿ ਮੈਨੂੰ ਆਪਣੀ ਚਰਨ ਸ਼ਰਨ ਵਿਚ ਰੱਖੋ। ਆਪ ਜੀ ਦੀ ਚਰਨ ਸ਼ਰਨ ਵਿਚ ਰਹਿੰਦਿਆਂ ਕਿਸੇ ਸ਼ੈਅ ਦਾ ਡਰ ਭੈਅ ਨਹੀਂ ਰਹੇਗਾ। ***'ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥'***

*ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥*
*ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥*
*ਅੰਗ- ੬੨੪*

ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਦੀ ਸ਼ਰਨ ਲੈ ਲਈ ਉਹ ਆਪ ਵੀ ਤਰੇ ਹਨ ਤੇ ਤਾਰਨਹਾਰੇ ਬਣ ਗਏ ਹਨ। ਉਨ੍ਹਾਂ ਬਾਰੇ ਫੁਰਮਾਨ ਹੈ ***'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥'*** ਸ਼ਰਣ ਦੋ ਤਰ੍ਹਾਂ ਨਾਲ ਲਈ ਜਾਂਦੀ ਹੈ। ਸਰੀਰ ਕਰਕੇ ਤੇ ਮਨ ਕਰਕੇ। ਰੱਬ ਦੇ ਪਿਆਰੇ ਹਰ ਵਕਤ ਗੁਰੂ ਦੀ ਸ਼ਰਨ ਵਿਚ ਰਹਿੰਦੇ ਹਨ। ਉਨ੍ਹਾਂ ਦਾ ਇਕੋ ਇਕ ਧੇਅ ਹੁੰਦਾ ਹੈ।

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ- ੯੧੮*

ਉਹ ਤਨ, ਮਨ ਅਤੇ ਧਨ ਹਰ ਤਰ੍ਹਾਂ ਨਾਲ ਗੁਰੂ ਦੀ ਸ਼ਰਨ ਵਿਚ ਹੁੰਦੇ ਹਨ। ਸੇਵਾ ਅਤੇ ਪਰਉਪਕਾਰੀ ਕਾਰਜਾਂ ਨਾਲ ਤਨ ਨੂੰ ਸਫਲਾ ਕਰਦੇ ਹਨ। ਸਿਮਰਨ ਅਤੇ ਨਾਮ ਬਾਣੀ ਨਾਲ ਮਨ ਨੂੰ ਸਫਲਾ ਕਰਦੇ ਹਨ। ਮਾਇਆ ਰਾਹੀਂ ਪਰਉਪਕਾਰ ਦੇ ਕਾਰਜ ਕਰਕੇ ਧਨ ਨੂੰ ਸਫਲਾ ਕਰਦੇ ਹਨ। ਸਮਰੱਥ ਸਤਿਗੁਰੂ ਦੇ ਹੁਕਮ ਅਨੁਸਾਰ ਜੀਵਨ ਬਤੀਤ ਕਰਦੇ ਹੋਏ ਉਹ ਅਭੇਦ ਅਵਸਥਾ ਦੇ ਮਾਲਕ ਬਣ ਜਾਂਦੇ ਹਨ। ***'ਹੁਕਮਿ ਮੰਨਿਐ ਪਾਈਐ'*** ਦੀ ਅਵਸਥਾ ਪ੍ਰਾਪਤ ਕਰ ਲੈਂਦੇ ਹਨ।

ਇਹੋ ਜਿਹੀਆਂ ਬਖਸ਼ਿਸ਼ਾਂ ਪ੍ਰਾਪਤ ਹਨ ਰਤਵਾੜਾ ਸਾਹਿਬ ਵਾਲੇ ਪਿਆਰੇ ਮਹਾਂਪੁਰਸ਼ ਅਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਬੀਜੀ। ਆਪ ਜੀਆਂ ਦਾ ਸਮੁੱਚਾ ਜੀਵਨ ਨਾਮ ਬਾਣੀ ਨਾਲ ਸਰਸ਼ਾਰ, ਪਰਉਪਕਾਰੀ ਜੀਵਨ ਹੈ। ਉਨ੍ਹਾਂ ਵਲੋਂ ਆਰੰਭੇ ਅਨੇਕਾਂ ਪਰਉਪਕਾਰੀ ਕਾਰਜਾਂ ਰਾਹੀਂ ਉਹ ਅੱਜ ਵੀ ਸਾਮ੍ਹਣੇ ਪ੍ਰਤੱਖ ਭਾਸ ਰਹੇ ਹਨ। ਆਤਮਿਕ ਖੁਰਾਕ ਭੁੰਚਣ ਵਾਲੇ ਜਗਿਆਸੂ ਜਨਾਂ ਲਈ ਵੱਡੀ ਦਾਤ ਉਨ੍ਹਾਂ ਵਲੋਂ ਆਰੰਭ ਕੀਤਾ ਗਿਆ 'ਆਤਮ ਮਾਰਗ' ਮੈਗਜ਼ੀਨ ਹੈ ਅਤੇ ਹੋਰ ਅਨੇਕਾਂ ਪੁਸਤਕਾਂ ਜੋ ਕਿ ਸਦਾ ਹੀ ਜਗਿਆਸੂਆਂ ਨੂੰ ਰੂਹਾਨੀ ਸੇਧ ਬਖਸ਼ ਰਹੀਆਂ ਹਨ।

ਇਨ੍ਹਾਂ ਪਿਆਰੀਆਂ ਰੱਬੀ ਆਤਮਾਵਾਂ ਦੀ ਯਾਦ ਵਿਚ ਸੰਗਤਾਂ ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੇ 30, 31 ਅਕਤੂਬਰ, 1, 2 ਨਵੰਬਰ ਨੂੰ ਮਹਾਨ ਗੁਰਮਤਿ ਸਮਾਗਮ ਦੇ ਰੂਪ ਵਿਚ ਜੁੜ ਰਹੀਆਂ ਹਨ। ਇਨ੍ਹਾਂ ਚਾਰੋਂ ਦਿਨਾਂ ਵਿਚ ਸਿੱਖ ਪੰਥ ਦੇ ਸਮੂੰਹ ਸ਼ਹੀਦਾਂ ਦੀ ਯਾਦ, ਸਿੱਖ ਪੰਥ ਵਿਚ ਸਤਿਕਾਰਤ ਬੀਬੀਆਂ ਦਾ ਯੋਗਦਾਨ, ਪਿਆਰੇ ਮਹਾਂਪੁਰਸ਼ਾਂ ਤੇ ਬੀਜੀ ਦੀ ਨਿੱਘੀ ਯਾਦ ਅਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਮਨਾਏ ਜਾ ਰਹੇ ਹਨ। ਟਰੱਸਟ ਰਤਵਾੜਾ ਸਾਹਿਬ ਵਲੋਂ ਸੁਚੱਜੇ ਪ੍ਰਬੰਧ ਦੀਆਂ ਤਿਆਰੀਆਂ ਲਈ 17 ਸਤੰਬਰ ਨੂੰ ਪਹਿਲੀ ਮੀਟਿੰਗ ਹੋ ਚੁੱਕੀ ਹੈ। ਬੇਅੰਤ ਸੇਵਾਦਾਰਾਂ ਦੀਆਂ ਸੇਵਾਵਾਂ ਦੀ ਵੰਡ ਕੀਤੀ ਗਈ ਹੈ। ਦੂਰ ਨੇੜੇ ਦੇ ਸ਼ਹਿਰਾਂ, ਸੈਂਟਰਾਂ ਵਿਚ ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਹੋਰ ਜਥਿਆਂ ਵਲੋਂ ਦੀਵਾਨ ਸਜਾ ਕੇ ਸੰਗਤਾਂ ਨੂੰ ਪਹੁੰਚਣ ਲਈ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਚਾਰ ਦਿਨਾਂ ਦੇ ਸਮਾਗਮਾਂ ਵਿਚ ਸੰਗਤਾਂ ਸੇਵਾ ਸਿਮਰਨ ਕਰਕੇ, ਨਾਮ ਬਾਣੀ ਨਾਲ ਜੁੜ ਕੇ ਲਾਹੇ ਲੈਂਦੀਆਂ ਹਨ। ਸਰੀਰਕ ਤੰਦਰੁਸਤੀ ਲਈ ਅੱਖਾਂ ਦੇ ਫਰੀ ਆਪਰੇਸ਼ਨ ਕੈਂਪ ਤੇ ਫਰੀ ਮੈਡੀਕਲ ਕੈਂਪ

*(ਬਾਕੀ ਪੰਨਾ 63 'ਤੇ)*

# ਕਤਿਕ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ ॥

(ਕੱਤਕ ਮਹੀਨੇ ਦੀ ਸੰਗਰਾਂਦ 17 ਅਕਤੂਬਰ, 2017) ਦਿਨ ਮੰਗਲਵਾਰ

*ਡਾ. ਜਗਜੀਤ ਸਿੰਘ*

*ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪*

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥*

*ਅੰਗ - ੧੩੫*

ਪਦ ਅਰਥ - ਕਤਿਕਿ=ਕੱਤਕ ਮਹੀਨੇ ਦੀ (ਠੰਢੀ ਬਹਾਰ ਰੁੱਤ) ਰੁੱਤ; ਕਾਹੂ ਜੋਗੁ=ਕਿਸੇ ਦੂਜੇ ਦੇ ਜ਼ਿਮੇ, ਕਿਸੇ ਦੂਜੇ ਦੇ ਮੱਥੇ; ਵਿਆਪਨਿ=ਜ਼ੋਰ ਪਾ ਲੈਂਦੇ ਹਨ; ਰਾਮ ਤੇ=ਰੱਬ ਤੋਂ; ਲਗਨਿ ਜਨਮ ਵਿਜੋਗ=ਜਨਮਾਂ ਜਨਮਾਂ ਦੇ ਵਿਛੋੜੇ, ਲੰਮੇ ਵਿਛੋੜੇ; ਮਾਇਆ ਭੋਗ=ਮਾਇਆ ਦੀਆਂ ਮੌਜਾਂ, ਇੰਦ੍ਰੀਆਂ ਦੇ ਭੋਗ, ਐਸ਼ੋਇਸ਼ਰਤ; ਵਿਚੁ ਨ ਕੋਈ ਕਰਿ ਸਕੈ=ਕੋਈ ਵਿਚੋਲਾ ਨਹੀਂ ਬਣ ਸਕਦਾ, ਕੋਈ ਵਿਚ ਨਹੀਂ ਪੈ ਸਕਦਾ, ਸਹਾਇਤਾ ਨਹੀਂ ਕਰ ਸਕਦਾ; ਕਿਸ ਥੈ=ਕਿਸ ਕੋਲ; ਰੋਵਹਿ ਰੋਜ=ਰੋਜ਼ ਰੋਜ਼ ਕਿਸ ਕੋਲ ਜਾ ਕੇ ਰੋਈਏ, ਫਰਿਆਦ ਕਰੀਏ; ਕੀਤਾ=ਆਪਣਾ ਕੀਤਾ; ਧੁਰਿ=ਧੁਰ ਤੋਂ, ਪ੍ਰਮਾਤਮਾ ਦੀ ਹਜ਼ੂਰੀ ਤੋਂ; ਬਿਓਗ=ਵਿਯੋਗ, ਵਿਛੋੜੇ ਦੇ ਦੁੱਖ; ਬੰਦੀ ਮੋਚ=ਹੇ ਬੰਧਨ ਕੱਟਣ ਵਾਲੇ, ਬੰਧਨਾਂ ਤੋਂ ਮੁਕਤ ਕਰਨ ਵਾਲੇ; ਬਿਨਸਹਿ=ਬਿਨਸ ਜਾਂਦੇ ਹਨ, ਨਾਸ ਹੋ ਜਾਂਦੇ ਹਨ; ਸੋਚ=ਚਿੰਤਾ, ਫਿਕਰ।

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥

ਸਰਲ ਅਰਥ : ਕੱਤਕ ਮਹੀਨੇ (ਦੀ ਸੁਹਾਵਣੀ ਰੁੱਤ) ਵਿਚ ਭੀ ਜੇ ਪ੍ਰਭੂ ਪਤੀ ਤੋਂ ਵਿਛੋੜਾ ਬਣਿਆ ਅਤੇ ਨਤੀਜੇ ਵਜੋਂ ਜੀਵਨ ਵਿਚ ਦੁਖ ਜਾਂ ਸੰਕਟ ਆਉਂਦੇ ਰਹੇ, ਤਾਂ ਐਸਾ ਆਪਣੇ ਪੂਰਬਲੇ ਕਰਮਾਂ ਦੀ ਕਮਾਈ ਵਜੋਂ ਹੁੰਦਾ ਹੈ, ਇਸ ਦਾ ਦੋਸ਼ ਕਿਸੇ ਦੂਸਰੇ ਨੂੰ ਨਹੀਂ ਦਿਤਾ ਜਾ ਸਕਦਾ। ਇਹ ਅਟੱਲ ਸਚਾਈ ਹੈ ਕਿ ਪਰਮੇਸ਼ਰ ਨੂੰ ਵਿਸਰ ਜਾਣ, ਭੁੱਲ ਜਾਣ ਨਾਲ ਮਨੁੱਖ ਨੂੰ ਕਈ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਰੋਗ ਆ ਘੇਰਦੇ ਹਨ।

ਵਿਆਖਿਆ - ਸੰਸਾਰ ਦੀ ਖੇਡ ਕਰਮਾਂ ਅਤੇ ਪ੍ਰਤੀਕਰਮਾਂ ਦੀ ਖੇਡ ਹੈ। ਮਨੁੱਖ ਜੋ ਬੀਜਦਾ ਹੈ, ਓਹੀ ਵੱਢਦਾ ਹੈ। ਅਸੀਂ ਆਪਣੇ ਕੀਤੇ ਕਰਮਾਂ ਦਾ ਫਲ ਭੋਗਦੇ ਹਾਂ। ਇਹ ਦੈਵੀ ਕਾਨੂੰਨ ਹੈ, ਰੱਬੀ ਹੁਕਮ ਹੈ। ਜੇ ਕਿਸਾਨ ਕਿੱਕਰ ਬੀਜ ਕੇ ਅੰਗੂਰਾਂ ਦੀ ਆਸ ਰੱਖੇ ਜਾਂ ਕੱਤਣ ਲਈ ਹੱਥ ਵਿਚ ਉੱਨ ਚੁੱਕੀ ਫਿਰੇ ਤੇ ਆਸ ਰੇਸ਼ਮ ਪਹਿਨਣ ਦੀ ਰੱਖੇ ਤਾਂ ਇਹ ਉਸ ਦੀ ਮੂਰਖਤਾ ਹੀ ਹੋਵੇਗੀ-

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ - ੧੩੭੯*

ਕਰਮ ਸਾਡੇ ਪੈਰਾਂ ਦੀਆਂ ਜੰਜੀਰਾਂ ਹਨ। ਕਰਮਾਂ ਦਾ ਫਲ ਭੋਗਣ ਲਈ ਮਨੁੱਖ ਨੂੰ ਬਾਰ-ਬਾਰ ਜਨਮ ਲੈਣਾ ਪੈਂਦਾ ਹੈ, ਬਾਰ-ਬਾਰ ਮਰਨਾ ਪੈਂਦਾ ਹੈ, ਚੌਰਾਸੀ ਲੱਖ ਜੂਨਾਂ ਦਾ ਚੱਕਰ ਮੁੱਕਣ ਵਿਚ ਨਹੀਂ ਆਉਂਦਾ। ਕਈ ਵਾਰੀ ਬਾਪ, ਕਈ ਵਾਰ ਬੇਟਾ, ਕਈ ਜਨਮ ਗੁਰੂ, ਕਈ ਜਨਮ ਚੇਲੇ ਅਨੇਕ ਜਨਮਾਂ ਦੀ ਗਿਣਤੀ ਦੱਸੀ ਨਹੀਂ ਜਾ ਸਕਦੀ।

*੧. ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥*
*ਜੀਵਿ ਜੀਵਿ ਮੁਏ ਮੁਏ ਜੀਵੇ ॥*
*ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ॥*
*ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ॥*

*ਅੰਗ - ੧੨੩੮*

*੨. ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥*
*ਬਹੁਤੁ ਸਜਾਇ ਪਇਆ ਦੇਸਿ ਲੰਮੈ ॥*
*ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ॥*

*ਅੰਗ - ੧੦੨੦*

ਇਸ ਲਈ ਇਸ ਜਨਮ ਵਿਚ ਮਿਲੇ ਸੁੱਖਾਂ ਦੁਖਾਂ ਲਈ ਦੂਜਿਆਂ ਨੂੰ ਜ਼ਿੰਮੇਵਾਰ ਜਾਂ ਦੋਸ਼ੀ ਠਹਿਰਾਉਣਾ ਉਚਿਤ ਨਹੀਂ ਹੈ। ਦੋਸ਼ ਦੇਣਾ ਹੈ ਤਾਂ ਆਪਣੇ ਕਰਮਾਂ ਨੂੰ ਦਿਉ, ਆਪਣੇ ਆਪ ਨੂੰ ਦਿਉ ਕਿਉਂਕਿ ਜੋ ਅਸੀਂ ਕਰਮ ਕਰਦੇ ਹਾਂ, ਉਸ ਦਾ ਹੀ ਫਲ ਭੋਗਦੇ ਹਾਂ -

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*

*ਅੰਗ - ੪੩੩*

ਬਾਣੀ ਜਪੁ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸਪਸ਼ਟ ਸ਼ਬਦਾਂ ਵਿਚ ਦਸਦੇ ਹਨ ਕਿ ਚੰਗੇ ਤੇ ਮਾੜੇ

ਕਰਮ, ਪੁੰਨ ਤੇ ਪਾਪ, ਇਹ ਕੇਵਲ ਕਹਿਣ ਮਾਤਰ ਹੀ ਨਹੀਂ, ਇਹ ਨਿਰੀਆਂ ਗੱਲਾਂ ਨਾ ਸਮਝੋ, ਮਨੁੱਖ ਜੋ-ਜੋ ਕਰਮ ਕਰਦਾ ਹੈ, ਅੰਤਸ਼ਕਰਣ ਵਿਚ ਉਨ੍ਹਾਂ ਦੀ ਛਾਪ ਲਗਦੀ ਜਾਂਦੀ ਹੈ, ਸਭ ਕੁਝ ਅੰਦਰ ਉਕਰਿਆ ਜਾ ਰਿਹਾ ਹੈ ਅਤੇ ਜ਼ਿੰਦਗੀ ਦਾ ਅਜਿਹਾ ਪੂਰਾ ਰੀਕਾਰਡ ਮਰਨ ਉਪਰਾਂਤ ਮਨੁੱਖ ਦੀ ਜੀਵ ਆਤਮਾ ਦੇ ਨਾਲ ਜਾਂਦਾ ਹੈ। ਇਸ ਲੇਖੇ ਜੋਖੇ ਅਨੁਸਾਰ ਹੀ ਨਵਾਂ ਜੀਵਨ ਪ੍ਰਾਪਤ ਹੁੰਦਾ ਹੈ ਅਤੇ ਕਰਮਾਂ ਦੀ ਪਿਛਲੀ ਮੂਹੜੀ ਸਮੇਤ ਕੀਤੇ ਨਵੇਂ ਕਰਮ ਮਨੁੱਖ ਦੀ ਤਕਦੀਰ ਬਣਦੇ ਹਨ -

*ਪੁੰਨੀ ਪਾਪੀ ਆਖਣੁ ਨਾਹਿ ॥*
*ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥*
*ਆਪੇ ਬੀਜਿ ਆਪੇ ਹੀ ਖਾਹੁ ॥*
*ਨਾਨਕ ਹੁਕਮੀ ਆਵਹੁ ਜਾਹੁ ॥* *ਅੰਗ - ੪*

ਗੁਰੂ ਅਰਜਨ ਦੇਵ ਜੀ ਇਸ ਦੈਵੀ ਹੁਕਮ ਦੀ ਪ੍ਰੋੜਤਾ ਵਿਚ ਫੁਰਮਾਨ ਕਰਦੇ ਹਨ ਕਿ ਸਾਰਾ ਸੰਸਾਰ ਮਾੜੇ ਤੇ ਚੰਗੇ (ਦੁਕ੍ਰਿਤ ਸੁਕ੍ਰਿਤ) ਕਰਮਾਂ ਦੀ ਖੇਡ ਵਿਚ ਲਭਾਇਮਾਨ ਹੈ। ਰੱਬ ਨਾਲ ਜੁੜਿਆ ਕੋਈ ਵਿਰਲਾ ਭਗਤ ਜਨ ਹੀ ਇਸ ਖੇਡ ਤੋਂ ਨਿਰਲੇਪ ਹੋ ਕੇ ਵਿਚਰਦਾ ਹੈ-

*ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥*
*ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ ॥*
*ਅੰਗ - ੫੧*

ਜਪੁਜੀ ਦੀ ਪਉੜੀ 24 ਵਿਚ 'ਧਰਮ ਖੰਡ' ਦਾ ਬਖਾਨ ਕਰਦਿਆਂ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਕੁੱਲ ਬ੍ਰਹਿਮੰਡੀ ਰਚਨਾ ਵਿਚ ਇਹ ਧਰਤੀ ਪੁੰਨ ਕਮਾਉਣ ਲਈ 'ਧਰਮਸਾਲ' ਵਜੋਂ ਸਥਾਪਤ ਕੀਤੀ ਗਈ ਹੈ ਜਿਸ ਵਿਚ ਅਨੇਕ ਪ੍ਰਕਾਰ ਦੇ ਜੀਵ ਚੰਗੇ-ਮਾੜੇ ਕਰਮਾਂ ਰਾਹੀਂ ਕਿਰਿਆਸ਼ੀਲ ਹੋ ਰਹੇ ਹਨ। ਪ੍ਰਭੂ ਦੇ ਸੱਚੇ ਦਰਬਾਰ ਵਿਚ ਉਨ੍ਹਾਂ ਦੇ ਸੱਚੇ ਤੇ ਕੱਚੇ ਕਰਮਾਂ ਦਾ ਲੇਖਾ ਜੋਖਾ ਹੁੰਦਾ ਹੈ-

*ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥*
*ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥*
*ਤਿਨ ਕੇ ਨਾਮ ਅਨੇਕ ਅਨੰਤ ॥*
*ਕਰਮੀ ਕਰਮੀ ਹੋਇ ਵੀਚਾਰੁ ॥*
*ਸਚਾ ਆਪਿ ਸਚਾ ਦਰਬਾਰੁ ॥*
*ਤਿਥੈ ਸੋਹਨਿ ਪੰਚ ਪਰਵਾਣੁ ॥*
*ਨਦਰੀ ਕਰਮਿ ਪਵੈ ਨੀਸਾਣੁ ॥*
*ਕਚ ਪਕਾਈ ਓਥੈ ਪਾਇ ॥*
*ਨਾਨਕ ਗਇਆ ਜਾਪੈ ਜਾਇ ॥* *ਅੰਗ - ੭*

ਮਨੁੱਖ ਕਰਮਾਂ ਦੇ ਚੱਕਰ ਵਿਚ ਕਿਵੇਂ ਪੈਂਦਾ ਹੈ ਅਤੇ ਇਸ ਵਿਚੋਂ ਕਿਵੇਂ ਨਿਕਲਿਆ ਜਾ ਸਕਦਾ ਹੈ? ਇਹ ਬੜਾ ਗੰਭੀਰ ਪ੍ਰਸ਼ਨ ਹੈ ਜਿਸ ਦਾ ਸਮਾਧਾਨ ਗੁਰਬਾਣੀ ਵਿਚ ਪ੍ਰਾਪਤ ਹੈ। ਇਸ ਦਾ ਜ਼ਿਕਰ 'ਕੱਤਕ' ਮਹੀਨੇ ਦੇ ਪਹਿਲੇ ਵਾਕ ਵਿਚ ਪ੍ਰਾਪਤ ਹੈ - ***'ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥'*** ਸਾਰੇ ਰੋਗਾਂ, ਦੁੱਖਾਂ ਦਾ ਕਾਰਨ ਪ੍ਰਮੇਸ਼ਵਰ ਨੂੰ ਭੁੱਲ ਜਾਣਾ ਹੈ ਅਤੇ ਸਾਰੇ ਦੁੱਖਾਂ, ਰੋਗਾਂ ਦਾ ਇਲਾਜ ਉਸ ਦੀ ਯਾਦ ਨੂੰ ਹਿਰਦੇ ਵਿਚ ਵਸਾ ਲੈਣਾ ਹੈ। ਪ੍ਰਭੂ ਨੂੰ ਵਿਸਾਰ ਕੇ ਮਨੁੱਖ 'ਹਉਮੈ' ਮੈਂ, ਮੇਰੀ ਦਾ ਸੰਸਾਰ ਉਸਾਰ ਲੈਂਦਾ ਹੈ। ਹਉਮੈ=ਹਉਂ+ਮੈਂ, ਮੇਰਾ ਘਰ ਬਾਰ, ਮੇਰੀ ਪਦਵੀ, ਮੇਰੀ ਜਾਇਦਾਦ, ਮੇਰੇ ਸਾਕ ਸੰਬੰਧੀ, ਮੇਰੇ ਸੱਜਣ ਦੁਸ਼ਮਣ, ਸਾਰਾ ਲੈਣ ਦੇਣ, ਲੜਾਈ ਝਗੜੇ, ਸਾਰਾ ਜੀਵਨ ਚੰਗੇ ਮਾੜੇ ਕਰਮਾਂ ਵਿਚ, ਦੁਖਾਂ ਸੁਖਾਂ ਵਿਚ ਬੀਤ ਜਾਂਦਾ ਹੈ ਤੇ ਇਕ ਲੰਮਾ ਜਨਮ ਮਰਣ ਦਾ ਗੇੜ ਸ਼ੁਰੂ ਹੋ ਜਾਂਦਾ ਹੈ। ਗੁਰਵਾਕ ਹੈ-

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥* *ਅੰਗ - ੨੬੭*

ਹਉਮੈ ਵਿਚ ਕਿਰਿਆਸ਼ੀਲ ਮਨੁੱਖ ਅਨੇਕ ਜੂਨਾਂ ਵਿਚ ਭਟਕਦਾ ਰਹਿੰਦਾ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ - ੪੬੬*

ਮਹਾਂਪੁਰਸ਼ ਇਨ੍ਹਾਂ ਕਰਮਾਂ ਦੀਆਂ ਤਿੰਨ ਕਿਸਮਾਂ ਦਸਦੇ ਹਨ - ਸੰਚਿਤ ਕਰਮ, ਪਰਾਲਬਧ ਕਰਮ ਅਤੇ ਕ੍ਰਿਆਮਾਨ ਕਰਮ। 'ਪਰਮੇਸਰ ਤੇ ਭੁਲਿਆ' ਹੋਇਆਂ ਅਤੇ ਅਗਿਆਨਤਾ ਵਿਚ ਭਟਕਦੇ ਜੀਵਾਂ ਦੇ ਸਾਰੇ ਕਰਮਾਂ ਦੇ ਬੀਜ ਅੰਤਸ਼ਕਰਣ ਵਿਚ ਜਮ੍ਹਾਂ ਹੁੰਦੇ ਰਹਿੰਦੇ ਹਨ ਜੋ ਜਨਮ ਸਮੇਂ ਪਰਾਲਬਧ ਬਣ ਕੇ ਜੀਵ ਦੀ ਪੂੰਜੀ ਵਜੋਂ ਨਾਲ ਹੀ ਪ੍ਰਾਪਤ ਹੁੰਦੇ ਹਨ। ਇਹ ਕਰਮ ਅਵੱਸ਼ ਭੋਗਣੇ ਪੈਂਦੇ ਹਨ -

*ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥*
*ਅੰਗ - ੯੩੭*

'ਸੰਚਿਤ ਕਰਮ' ਅਣਭੋਗੇ ਕਰਮਾਂ ਦਾ ਖਜ਼ਾਨਾ ਹੈ ਜੋ ਸਮੇਂ ਦੀ, ਵਾਰੀ ਦੀ ਉਡੀਕ ਵਿਚ ਰਹਿੰਦੇ ਹਨ। ਇਨ੍ਹਾਂ ਦਾ ਭੁਗਤਾਨ ਕਈ-ਕਈ ਜਨਮਾਂ ਵਿਚ ਹੁੰਦਾ ਰਹਿੰਦਾ ਹੈ। ਕ੍ਰਿਆਮਾਨ ਕਰਮ ਸਾਡੇ ਨਿਤ ਦੇ ਕਰਮ ਹਨ ਜੋ ਅਣਭੋਗੇ, ਸੰਚਿਤ ਰੂਪ ਵਿਚ ਕਿਰਿਆਸ਼ੀਲ ਹੋਣ ਲਈ ਸਮੇਂ ਦੀ ਉਡੀਕ ਕਰਦੇ ਹਨ ਅਤੇ ਨਵਾਂ ਜਨਮ ਧਾਰਨ ਤੇ ਪਰਾਲਬਧ ਰੂਪ ਵਿਚ ਕ੍ਰਿਆਸ਼ੀਲ ਹੁੰਦੇ ਹਨ। ਏਥੋਂ ਤਕ ਕਿ ਮਨੁੱਖ ਦਾ ਹਉਮੈ ਤੋਂ ਛੁਟਕਾਰਾ, ਗੁਰੂ

ਨਾਲ ਮਿਲਾਪ, ਅਗਿਆਨ ਦਾ ਵਿਨਾਸ਼ ਅਤੇ ਜੀਵਨਪਦ ਦੀ ਪ੍ਰਾਪਤੀ ਵੀ ਕਰਮਾਂ ਅਨੁਸਾਰ, ਪਰਾਲਬਧ ਮੁਤਾਬਿਕ ਹੁੰਦੀ ਹੈ-

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥* *ਅੰਗ - ੨੦੪*

ਗੁਰਬਾਣੀ ਅਨੁਸਾਰ ਗੁਰੂ ਨਾਲ ਮਿਲਾਪ ਵੀ ਧੁਰ ਤੋਂ ਲਿਖੇ ਭਾਗਾਂ ਅਨੁਸਾਰ ਹੀ ਹੁੰਦਾ ਹੈ -

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥*
*ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥*
*ਅੰਗ - ੪੫੦*

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥

ਜਿਨ੍ਹਾਂ ਪ੍ਰਾਣੀਆਂ ਨੇ ਇਸ ਜਨਮ ਵਿਚ ਪ੍ਰਮਾਤਮਾ ਦੀ ਯਾਦ ਵਲੋਂ ਮੂੰਹ ਮੋੜੀ ਰੱਖਿਆ ਹੈ, ਉਨ੍ਹਾਂ ਨੂੰ ਲੰਮੇ ਵਿਛੋੜੇ ਪੈ ਜਾਂਦੇ ਹਨ। ਪ੍ਰਭੂ ਨੂੰ ਭੁੱਲ ਕੇ ਪਦਾਰਥਾਂ ਦੇ ਭੋਗਾਂ ਵਿਚੋਂ ਮਨੁੱਖ ਖੁਸ਼ੀ ਭਾਲਦਾ ਹੈ ਪਰ ਅੰਤ ਸਮੇਂ ਇਹ ਖੁਸ਼ੀ ਇਕ ਪਲ ਵਿਚ ਦੁਖਦਾਈ ਹੋ ਜਾਂਦੀ ਹੈ, ਬਿਖਿਆ ਦਾ ਰੂਪ ਧਾਰ ਲੈਂਦੀ ਹੈ।

ਵਿਆਖਿਆ - ਮਾਇਆ ਦੇ ਭੋਗਾਂ ਤੋਂ ਮਨੁੱਖ ਛਿਨ-ਪਲ ਦੀ ਖੁਸ਼ੀ ਤਾਂ ਲੈ ਸਕਦਾ ਹੈ ਪਰ ਇਸਨੂੰ ਅਸਲ ਖੁਸ਼ੀ ਨਹੀਂ ਕਹਿ ਸਕਦੇ। ਜਿਸ ਸੁਖ ਨੇ ਪਲਾਂ ਵਿਚ ਦੁਖ ਵਿਚ ਬਦਲ ਜਾਣਾ ਹੈ, ਉਹ ਸੁਖ ਕਾਹਦਾ? ਮਨੁੱਖ ਵਿਸ਼ੇ ਨਹੀਂ ਭੋਗਦਾ, ਸਗੋਂ ਵਿਸ਼ੇ ਮਨੁੱਖ ਨੂੰ ਭੋਗਦੇ ਹਨ। ਅਫੀਮੀ ਸੋਚਦਾ ਹੈ ਕਿ ਉਹ ਅਫੀਮ ਖਾਂਦਾ ਹੈ ਪਰ ਅਸਲ ਵਿਚ ਅਫੀਮ ਉਸ ਨੂੰ ਖਾ ਰਹੀ ਹੁੰਦੀ ਹੈ। ਸ਼ਰਾਬੀ ਸ਼ਰਾਬ ਨਹੀਂ ਪੀਂਦਾ, ਸ਼ਰਾਬ ਉਸ ਨੂੰ ਪੀ ਰਹੀ ਹੁੰਦੀ ਹੈ -

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥* *ਅੰਗ - ੯੩੨*

ਗੁਰਬਾਣੀ ਅਨੁਸਾਰ ਅਨੇਕਾਂ ਮਾਇਕ ਪਦਾਰਥਾਂ ਦੇ ਭੋਗ ਅਤੇ ਸੁਖ-ਮਹਿਲ ਮਾੜੀਆਂ, ਮੋਤੀ ਹੀਰੇ, ਮਨ ਭਾਉਂਦੀਆਂ ਵਸਤੂਆਂ-ਪ੍ਰਭੂ ਨੂੰ ਭੁਲਾਉਣ ਦੇ ਸਾਧਨ ਹਨ। ਇਨ੍ਹਾਂ ਦੇ ਭੋਗਾਂ ਵਿਚ ਮਨ ਕਦੇ ਧੀਰਜ ਵਿਚ ਨਹੀਂ ਰਹਿੰਦਾ, ਨਾ ਹੀ ਸੁੱਖ ਸ਼ਾਂਤੀ ਮਿਲਦੀ ਹੈ ਸਗੋਂ ਪਾਪਾਂ ਦੀ ਪੰਡ ਹੋਰ ਭਾਰੀ ਹੁੰਦੀ ਜਾਂਦੀ ਹੈ। ਸੁੱਖ ਸ਼ਾਂਤੀ, ਸਹਿਜ, ਅਨੰਦ, ਪ੍ਰਭੂ ਦੀ ਯਾਦ ਅਤੇ ਨਾਮ-ਸਿਮਰਨ ਵਿਚੋਂ ਹੀ ਪ੍ਰਾਪਤ ਹੋਣਾ ਹੈ ਜੋ ਸੁੱਖਾਂ ਦਾ ਸੋਮਾ ਹੈ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
*ਅੰਗ - ੭੦੭*

ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥

ਮਨੁੱਖ ਦੀ ਆਪਣੇ ਕੀਤੇ ਕਰਮਾਂ ਅਨੁਸਾਰ ਪ੍ਰਾਪਤ ਦੁਖਦਾਈ ਹਾਲਤ ਵਿਚ ਕਿਸੇ ਪਾਸ ਨਿਤ ਰੋਣੇ ਰੋਣ ਦਾ ਕੀ ਲਾਭ? ਕੋਈ ਵੀ ਉਸ ਨੂੰ ਕੀਤੇ ਕਰਮਾਂ ਦੇ ਫਲ ਤੋਂ ਬਚਾ ਨਹੀਂ ਸਕਦਾ। ਧਰਮਰਾਜ ਦੇ ਦਰਬਾਰ ਵਿਚ ਕੋਈ ਵਿਚ ਪੈ ਕੇ ਉਸਨੂੰ ਕਰਮ-ਗਤੀ ਤੋਂ ਛੁਟਕਾਰਾ ਨਹੀਂ ਦਵਾ ਸਕਦਾ। ਕੀਤੇ ਕਰਮਾਂ ਅਨੁਸਾਰ ਬਣੀ ਪ੍ਰਾਲਬਧ ਨੂੰ ਕੋਈ ਵਿਚੋਲਾ ਟਾਲ ਨਹੀਂ ਸਕਦਾ। ਧਰਮਰਾਜ ਦੇ ਦਰਬਾਰ ਵਿਚ ਨਾ ਸਿਫਾਰਸ਼ ਚਲਦੀ ਹੈ ਨਾ ਰਿਸ਼ਵਤ-

*ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥*
*ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥*
*ਅੰਗ - ੪੬੩*

ਕੀਤੇ ਕਰਮਾਂ ਅਨੁਸਾਰ ਜੋ ਧੁਰ-ਦਰਗਾਹ ਤੋਂ, ਪ੍ਰਭੂ ਦੀ ਹਜ਼ੂਰੀ ਤੋਂ ਸੰਜੋਗ ਲਿਖੇ ਜਾਂਦੇ ਹਨ, ਉਸਨੂੰ ਕੋਈ ਨਹੀਂ ਟਾਲ ਸਕਦਾ। ਪਰ ਨਿਰਾਸ਼ ਹੋਣ ਵਾਲੀ ਕੋਈ ਗੱਲ ਨਹੀਂ। ਪ੍ਰਭੂ ਹੁਕਮ ਅਨੁਸਾਰ ਹੋਈ ਰਚਨਾ ਵਿਚ ਹਰ ਦੁਖ ਦਾ ਦਾਰੂ ਵੀ ਪ੍ਰਾਪਤ ਹੈ। ਗੁਰਬਾਣੀ ਸਾਨੂੰ ਸੇਧ ਬਖਸ਼ਦੀ ਹੈ। ਦੁਖ ਵੀ ਦਾਰੂ ਬਣ ਜਾਂਦਾ ਹੈ। ਜਦੋਂ ਮਨ ਦੁਨਿਆਵੀ ਪ੍ਰਾਪਤੀਆਂ ਵਿਚੋਂ ਸੁੱਖ ਦੀ ਭਾਲ ਕਰਦਾ ਥੱਕ ਜਾਂਦਾ ਹੈ ਤਾਂ ਸੁੱਖਾਂ ਦੇ ਸੱਚੇ-ਸੋਮੇ, ਪ੍ਰਮਾਤਮਾ ਵਲ ਰੁਖ ਕਰਦਾ ਹੈ, ਸਾਧ ਸੰਗ ਲੋੜਦਾ ਹੈ, ਨਾਮ-ਬਾਣੀ ਨਾਲ ਜੁੜਦਾ ਹੈ ਜੋ ਸੁਖ, ਸਹਜ, ਅਨੰਦ ਦਾ ਸੋਮਾ ਹੈ -

*ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥*
*ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ ॥*
*ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥*
*ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥*
*ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥*
*ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥*
*ਅੰਗ - ੧੨੪੦*

ਵਡਭਾਗੀ ਮੇਰਾ ਪ੍ਰਭ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥

ਜੇ ਚੰਗੇ ਭਾਗਾਂ ਨਾਲ ਪ੍ਰਭੂ ਦਇਆਲ ਹੋ ਕੇ ਆਪਣਾ ਮਿਲਾਪ ਆਪ ਬਖਸ਼ਿਸ਼ ਕਰੇ ਤਾਂ ਵਿਛੋੜੇ ਤੋਂ ਪੈਦਾ ਹੋਏ

ਸਾਰੇ ਸੋਗ-ਸੰਤਾਪ, ਦੁਖ-ਕਲੇਸ਼ ਮਿਟ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ - ਹੇ ਮਾਇਆ ਦੇ ਬੰਧਨਾਂ ਤੋਂ ਛੁਡਾਵਣ ਵਾਲੇ ਮੇਰੇ ਮਾਲਕ। ਜੀਵ ਨੂੰ ਮਾਇਆ ਦੇ ਮੋਹ ਤੋਂ ਬਚਾ ਲੈ। ਆਪਣੀ ਦਇਆ-ਮਿਹਰ ਕਰਕੇ ਜੀਵ ਨੂੰ ਆਪਣੀ ਸ਼ਰਨ ਵਿਚ ਲੈ-ਲੈ। ਜੀਵ ਦਾ ਸਹਾਰਾ ਬਣ ਕੇ ਜੀਵ ਦੀ ਬੰਦ-ਖਲਾਸੀ ਕਰਦੇ।

ਨਿਰਣੇ ਵਜੋਂ ਗੁਰੂ ਸਾਹਿਬ ਸੇਧ ਬਖਸ਼ਦੇ ਫੁਰਮਾਨ ਕਰਦੇ ਹਨ ਕਿ ਕੱਤਕ ਦੀ ਸੁਹਾਵਣੀ ਰੁੱਤ ਵਿਚ ਜੇ ਚੰਗੇ ਭਾਗਾਂ ਨੂੰ ਸਾਧ-ਸੰਗ, ਸਾਧ-ਜਨਾਂ ਦੀ ਸੰਗਤ, ਨਾਮ-ਅਭਿਆਸੀ ਗੁਰੂ ਪਿਆਰਿਆਂ ਦੀ ਸੰਗਤ ਪ੍ਰਾਪਤ ਹੋ ਜਾਵੇ, ਤਾਂ ਪ੍ਰਭੂ-ਵਿਛੋੜੇ ਵਾਲੇ ਸਾਰੇ ਦੁਖ-ਸੰਤਾਪ, ਚਿੰਤਾ-ਝੋਰੇ ਦੂਰ ਹੋ ਜਾਂਦੇ ਹਨ ਅਤੇ ਮਿਲਾਪ ਦਾ ਅਨੰਦ ਸੁੱਖ-ਸਹਿਜ ਪ੍ਰਾਪਤ ਹੋ ਜਾਂਦਾ ਹੈ।

ਜਿਥੇ ਸਾਧਸੰਗਤ ਜੁੜਦੀ ਹੈ, ਉਹ ਅਸਥਾਨ ਨਾਮ-ਸਿਮਰਨ ਦੀ ਆਭਾ ਨਾਲ ਪਵਿੱਤਰ ਹੋ ਜਾਂਦਾ ਹੈ, ਜਿੱਥੇ ਸੱਚੇ ਸਾਹਿਬ ਦੀ ਵਡਿਆਈ ਹੁੰਦੀ ਹੈ, ਓਥੇ ਲੋਕ-ਮਨਾਂ ਵਿਚੋਂ ਮੰਦ ਭਾਵਨਾਵਾਂ ਮੁੱਕ ਜਾਂਦੀਆਂ ਹਨ। ਪਾਰਬ੍ਰਹਮ ਪ੍ਰਮੇਸ਼ਵਰ ਪਤਿਤਾਂ ਨੂੰ ਪੁਨੀਤ ਕਰਨ ਵਾਲਾ, ਮਾੜੇ ਸੰਚਿਤ ਕਰਮਾਂ ਦਾ ਲੇਖਾ ਮਿਟਾ ਦੇਣ ਵਾਲਾ, ਕ੍ਰਿਪਾਲੂ ਪਿਤਾ ਹੈ। ਐਸਾ ਉਸ ਦਾ 'ਬਿਰਦੁ' ਹੈ, ਸੁਭਾਅ ਹੈ। ਸੰਚਿਤ ਕਰਮਾਂ ਨੂੰ ਖਤਮ ਕਰਨ ਦਾ ਇਕੋਇਕ ਸਾਧਨ 'ਸਤਿਸੰਗਤ' ਹੈ, ਧੁਰ ਕੀ ਸੱਚੀ ਬਾਣੀ ਦਾ ਕੀਰਤਨ ਅਤੇ ਨਾਮ-ਅਭਿਆਸ ਹੈ -

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥*
*ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥*
*ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥*
*ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥*
*ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ ॥*

*ਅੰਗ - ੩੧੯*

ਗੁਰੂ ਪਿਆਰਿਆਂ ਭਗਤ ਜਨਾਂ ਦੀ ਸੰਗਤ ਵਿਚ ਸਾਹਿਬ ਚੇਤੇ ਆਉਂਦਾ ਹੈ, ਮਨ ਨਾਮ-ਬਾਣੀ ਵਿਚ ਟਿਕਦਾ ਹੈ, ਮਨ ਦੀ ਮੈਲ ਧੁਲਦੀ ਹੈ ਅਤੇ ਨਿਰਮਲ ਮਨ ਨਾਮ-ਰਸ ਵਿਚ ਮੁਗਧ ਹੋ ਕੇ ਅਨੰਦ ਮਾਣਦਾ ਹੈ, ਐਸਾ ਗੁਰਬਾਣੀ ਦਾ ਨਿਰਣਾ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥*

*ਅੰਗ - ੫੨੦*

ਤਾਂ ਤੇ 'ਕਤਿਕ ਮਹੀਨੇ' ਵਿਚ ਸਾਧ-ਸੰਗਤ ਵਿਚ ਆ ਕੇ ਗੁਰਬਾਣੀ-ਨਾਮ-ਸਿਮਰਨ ਅਭਿਆਸ ਵਿਚ ਜੁੜ ਕੇ ਸਾਰੇ ਦੁਖਾਂ ਅਤੇ ਚਿੰਤਾਵਾਂ ਤੋਂ ਮੁਕਤ ਹੋਣਾ ਲੋੜੀਏ-

ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥

## ਰਾਗ ਤੁਖਾਰੀ ਵਿਚ ਰਚੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਵਿਚੋਂ ਕੱਤਕ ਦੇ ਮਹੀਨੇ ਦਾ ਪਾਠ ਅਤੇ ਸਰਲ ਵਿਆਖਿਆ।

*ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥*
*ਦੀਪਕੁ ਸਹਜਿ ਬਲੈ ਤਤਿ ਜਲਾਇਆ ॥*
*ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥*
*ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥*
*ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥*
*ਨਾਨਕ ਮਿਲਹੁ ਕਪਟ ਦਰ ਖੋਲਹੁ*
*ਏਕ ਘੜੀ ਖਟੁ ਮਾਸਾ॥੧੨॥* *ਅੰਗ - ੧੨*

ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥
ਦੀਪਕੁ ਸਹਜਿ ਬਲੈ ਤਤਿ ਜਲਾਇਆ ॥

ਕੱਤਕ ਦੇ ਮਹੀਨੇ ਵਿਚ ਜਿਵੇਂ ਕਿਰਸਾਨ ਮੁੰਜੀ (ਝੋਨਾ), ਮਕਈ ਆਦਿਕ ਸਾਵਣੀ ਦੀ ਫਸਲ ਕੱਟ ਕੇ ਘਰ ਲਿਆਉਂਦਾ ਹੈ, ਤਿਵੇਂ ਹੀ ਸਾਰੇ ਮਨੁੱਖ ਕੀਤੇ ਕਰਮਾਂ ਦੇ ਫਲ, ਇਕੱਠੇ ਕੀਤੇ ਸੰਸਕਾਰਾਂ ਦੇ ਰੂਪ ਵਿਚ ਪ੍ਰਾਪਤ ਕਰਦੇ ਹਾਂ (ਕਿਰਤੁ ਪਇਆ)। ਅਸੀਂ ਸਭ ਜੀਵ ਮਨ ਰਾਹੀਂ, ਬਚਨਾਂ ਰਾਹੀਂ ਅਤੇ ਕਰਮਾਂ ਰਾਹੀਂ ਕਈ ਜਨਮਾਂ ਤੋਂ ਕਿਰਿਆਸ਼ੀਲ ਹਾਂ, ਪ੍ਰਮਾਤਮਾ ਦੇ ਹੁਕਮ ਅਨੁਸਾਰ, ਉਸ ਦੇ ਨਿਯਮਾਂ (ਖੁਸ਼ੀ) ਅਨੁਸਾਰ (ਪ੍ਰਭ ਭਾਇਆ) ਹਰੇਕ ਕਰਮ ਦਾ ਪ੍ਰਤੀਕਰਮ ਹੋ ਰਿਹਾ ਹੈ ਅਤੇ ਉਨ੍ਹਾਂ ਦੇ ਪ੍ਰਤੀਕਰਮ, ਸੰਸਕਾਰਾਂ ਦੇ ਰੂਪ ਵਿਚ ਪ੍ਰਾਪਤ ਕਰ ਰਹੇ ਹਾਂ, ਸੰਸਕਾਰ ਸਾਨੂੰ ਅਗਲੇ ਕਰਮਾਂ ਲਈ ਪ੍ਰੇਰਤ ਕਰਦੇ ਹਨ। ਇਹ ਚੱਕਰ ਚਲਦਾ ਰਹਿੰਦਾ ਹੈ। ਗੁਰੂ ਕ੍ਰਿਪਾ ਨਾਲ ਹੀ ਇਹ ਦੋਸ਼-ਚੱਕਰ ਟੁੱਟ ਸਕਦਾ ਹੈ। ਗੁਰਬਾਣੀ ਦਾ ਫੁਰਮਾਨ ਹੈ -

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥* *ਅੰਗ - ੨੬੮*

ਜਿਹੜਾ ਮਨੁੱਖ ਗੁਰੂ ਕ੍ਰਿਪਾ ਦਾ ਪਾਤਰ ਬਣ ਜਾਂਦਾ ਹੈ, ਉਸ ਦੇ ਅੰਦਰ ਆਤਮਕ ਅਡੋਲਤਾ ਆ ਜਾਂਦੀ ਹੈ, ਉਸ ਦੇ ਹਿਰਦੇ ਵਿਚ ਆਤਮਕ ਚਾਨਣ ਬਖਸ਼ਣ ਵਾਲਾ ਦੀਵਾ ਜਗ ਪੈਂਦਾ ਹੈ। ਗੁਰੂ ਨੇ ਆਤਮਕ ਤੱਤ ਦੀ ਸੋਝੀ ਬਖਸ਼ੀ, ਪ੍ਰਭੂ ਪਛਾਣ ਬਖਸ਼ਿਸ਼ ਕੀਤੀ ਅਤੇ ਅੰਦਰ ਚਾਨਣ ਹੋ ਗਿਆ, ਬੁਝਿਆ ਦੀਵਾ ਜਗ ਪਿਆ (ਦੀਪਕੁ ਸਹਿਜ ਬਲੈ ਤਤਿ ਜਲਾਇਆ) ਅਜਿਹੀ ਅਵਸਥਾ ਵਿਚ ਜੀਵ

*(ਬਾਕੀ ਪੰਨਾ 56 'ਤੇ)*

# ਜੇਹਾ ਬੀਜੇ ਸੋ ਲੂਣੈ ਕਰਮਾ ਸੰਦੜਾ ਖੇਤੁ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂਹਾਨੀ. ਮਿਸ਼ਨ।*

***(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-42)***

ਸੰਤ ਮਹਾਰਾਜ ਜੀ ਦੇ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਰਾੜਾ ਸਾਹਿਬ, ਜਦੋਂ ਉਨ੍ਹਾਂ ਨੇ ਟੋਏ ਪੁੱਟ ਲਏ, ਟੋਇਆਂ ਦੇ ਉਤੇ ਹੀ ਛਪਰੀਆਂ ਪਾ ਲਈਆਂ ਸੀ, ਚਾਰ-ਚਾਰ ਫੁੱਟ ਮੁਰੱਬੇ ਦੇ ਟੋਏ ਸੀ। ਪੈ ਤਾਂ ਸਕਦੇ ਨਹੀਂ ਸੀ ਉਸ ਵਿਚ। ਫੇਰ ਦੂਜੀ ਵਾਰੀ ਥੋੜ੍ਹੇ ਵੱਡੇ ਕਰ ਲਏ ਸੀ ਤੇ ਅੰਦਰ ਇਕ ਮੰਜਾ ਡਹਿ ਕੇ ਥੋੜ੍ਹਾ ਜਿਹਾ ਥਾਉਂ ਬਚਿਆ ਕਰਦਾ ਸੀ। ਸੇਵਾਦਾਰ ਹੁੰਦੇ, ਕੋਟੇ ਵਾਲੇ ਨਾਹਰ ਸਿੰਘ, ਕਹਿਣ ਲੱਗੇ, ਬਾਬਾ ਜੀ! ਇਕ ਸੱਪ ਰੋਜ਼ ਆਉਂਦੈ, ਤੁਹਾਡੇ ਦਰਵਾਜ਼ੇ ਮੂਹਰੇ ਖੜ੍ਹਾ ਰਹਿੰਦੈ, ਫਨ ਫੈਲਾ ਕੇ, ਅਗਾਂਹਾਂ ਨਹੀਂ ਜਾਂਦਾ, ਨੇੜੇ ਕਿਸੇ ਨੂੰ ਆਉਣ ਨਹੀਂ ਦਿੰਦਾ। ਸਾਨੂੰ ਆਗਿਆ ਕੀ ਹੈ, ਕਿਤੇ ਅੰਦਰ ਨਾ ਆ ਜਾਵੇ।

ਕਹਿੰਦੇ, ਕੁਛ ਨਾ ਕਹਿਓ। ਇਹਦੇ ਇਕ ਦੋ ਦਿਨ ਹੋਰ ਰਹਿੰਦੇ ਨੇ, ਤੜਫਿਆ ਹੋਇਐ ਵਿਚਾਰਾ। ਤਿੰਨ ਚਾਰ ਦਿਨਾਂ ਤੋਂ ਬਾਅਦ ਫੇਰ ਆਇਆ। ਸੇਵਾਦਾਰ ਕਹਿਣ ਲੱਗਿਆ, ਬਾਬਾ ਜੀ! ਉਹ ਸੱਪ ਤਾਂ ਆਪ ਦੀ ਕੁਟੀਆ ਦੇ ਪਿਛਲੇ ਪਾਸੇ ਲੰਮਾ ਪਿਐ, ਮਰਿਆ ਹੋਇਆ।

ਆਪ ਨੇ ਕਿਹਾ ਕਿ ਭਾਈ, ਉਹਦੇ ਉਤੇ ਕੱਪੜਾ ਪਾ ਦਿਓ ਤੇ ਦੱਬ ਦਿਓ, ਅਰਦਾਸ ਕਰ ਦਿਓ, ਭਲਾ ਹੋ ਜਾਏ ਇਹਦਾ।

ਪੁਛਿਆ ਕਿ ਮਹਾਰਾਜ! ਇਹ ਕੌਣ ਸੀ?

ਆਪ ਨੇ ਦੱਸਿਆ ਕਿ ਜਦੋਂ ਗੁਰੂ ਛੇਵੇਂ ਪਾਤਸ਼ਾਹ ਰਾੜੇ ਆਏ ਸੀ, ਇਹ ਇਥੇ ਦਾ ਚੌਧਰੀ ਸੀਗਾ, ਬੜਾ ਹੀ ਹੰਕਾਰੀ ਚੌਧਰੀ। ਚਾਹੀਦਾ ਤਾਂ ਇਹ ਸੀ ਕਿ ਗੁਰੂ ਮਹਾਰਾਜ 52 ਰਾਜਿਆਂ ਨੂੰ ਛੁਡਾ ਕੇ ਗਵਾਲੀਅਰ ਦੇ ਕਿਲ੍ਹੇ ਤੋਂ, ਤਾਂ ਇਥੇ ਪਹੁੰਚੇ ਸੀ। ਸਾਰੇ ਦੇਸ਼ ਵਿਚ ਧੰਨ-ਧੰਨ ਹੋ ਰਹੀ ਸੀ। ਇਹ ਹੰਕਾਰੀ ਕਹੇ ਕਿ ਮੈਂ ਇਨ੍ਹਾਂ ਨਾਲੋਂ ਵੀ ਉੱਚਾ ਹਾਂ, ਨਾ ਗੁਰੂ ਮਹਾਰਾਜ ਨੂੰ ਨਮਸ਼ਕਾਰ ਕਰੀ, ਨਾ ਕਹਿਣ 'ਤੇ ਬੈਠਿਆ ਹੀ। ਚਾਹੁੰਦਾ ਸੀ ਕਿ ਮਹਾਰਾਜ ਮੈਨੂੰ ਮੰਜੇ 'ਤੇ ਨਾਲ ਹੀ ਬਿਠਾਲ ਲੈਣ।

ਕਹਿੰਦੇ, ਇਹ ਚੜ੍ਹਾਈ ਕਰ ਗਿਆ, ਉਸ ਵੇਲੇ ਦਾ ਇਹ ਹੰਕਾਰੀ ਬੰਦਾ, ਤੜਫਦਾ ਫਿਰਦੈ। ਜ਼ਹਿਰ ਦੇ ਨਾਲ ਭੁੱਜ ਰਿਹੈ ਤੇ ਇਥੇ ਠੰਢ ਮਿਲਦੀ ਸੀ। ਇਸ ਕਰਕੇ ਆਉਂਦਾ ਸੀ, ਹੁਣ ਇਹਦਾ ਕਰਮ ਕੱਟਿਆ ਗਿਆ, ਸੋ ਇਹਦੀ ਕੋਈ ਗਤੀ ਹੋ ਜਾਏਗੀ।

ਸੋ ਇਸ ਕਰਕੇ ਸਾਧਸੰਗਤ ਜੀ! ਕੀਤੇ ਹੋਏ ਕਰਮ, ਚੰਗਾ ਕਰ ਲਓ, ਮਾੜਾ ਕਰ ਲਓ, ਚੰਗਾ ਵੀ ਭੋਗਣਾ ਪੈਂਦੈ, ਮਾੜਾ ਵੀ ਭੋਗਣਾ ਪੈਂਦੈ। ਦੋਹਾਂ ਦਾ ਫਲ ਆਦਮੀ ਨੂੰ ਚੱਖਣਾ ਹੀ ਪੈਂਦੈ। ਸੋ ਮਹਾਰਾਜ ਕਹਿੰਦੇ, ਸਿਆਣਾ ਬੰਦਾ ਉਹ ਹੈ ਜਿਹੜਾ ਕਰਮ ਕਰਨ ਤੋਂ ਪਹਿਲਾਂ ਸੋਚ ਲਵੇ ਕਿ ਇਹ ਟਲਣੇ ਤਾਂ ਹੈ ਨਹੀਂ। ਇਹ ਤਾਂ ਜਿਹੜਾ ਉਨ੍ਹਾਂ ਨੇ ਬੀਜ ਦਿਤਾ, ਉਹ ਤਾਂ ਵੱਢਣਾ ਹੀ ਹੈ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ- ੧੩੪*

ਇਹ ਤਾਂ ਵੱਢਣਾ ਹੀ ਪੈਣੈ, ਇਹਨੂੰ ਮੈਂ ਸੋਧ ਕੇ ਬੀਜਾਂ। ਜੇ ਕੰਢਿਆਲੀ ਖੇਤ 'ਚ ਬੀਜ ਲਓ, ਫੇਰ ਜਦੋਂ ਵੱਢੇਗਾ, ਰੋਂਦਾ ਹੀ ਹੈ, ਕਿੰਨੀ ਔਖੀ ਹੋ ਜਾਏਗੀ ਵੱਢਣੀ। ਜੇ ਫਸਲ ਬੀਜ ਲਓ, ਭਰਪੂਰ ਫਸਲ ਹੁੰਦੀ ਹੈ ਤੇ ਆਦਮੀ ਖੁਸ਼ ਹੁੰਦੈ।

ਸੋ ਮਹਾਰਾਜ ਕਹਿੰਦੇ, ਕੰਮ ਇਹੋ ਜਿਹਾ ਨਾ ਕਰੋ ਜਿਹਦਾ ਫਲ ਦਰਗਾਹ 'ਚ ਜਾ ਕੇ ਮਾੜਾ ਮਿਲੇ -

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*
*ਅੰਗ- ੯੧੮*

*ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥*
*ਅੰਗ- ੧੩੮੧*

ਸੋ ਇਹ ਕਰਮ ਹੋਇਆ ਕਰਦੇ ਨੇ, **ਪਰਾਲਬਧ ਦੇ** ਜਿਹੜੇ ਭੋਗਣੇ ਪੈਂਦੇ ਨੇ। ਜਿਹੜੇ ਕਰਮ ਅਸੀਂ ਰੋਜ਼ ਕਰਦੇ ਹਾਂ ਇਨ੍ਹਾਂ ਦਾ ਨਾਮ ਹੁੰਦੈ **ਕ੍ਰਿਆਮਾਨ ਕਰਮ**। ਇਹ ਕਰਮ ਫਲ ਦੇਣ ਵਾਸਤੇ, ਚਾਹੇ ਤਾਂ ਇਸੇ ਜਨਮ 'ਚ ਦੇ ਦੇਣ, ਚਾਹੇ ਅਗਲਾ ਜਨਮ ਧਾਰਨਾ ਪਵੇ। ਚਾਹੇ ਸੈਂਕੜੇ ਜਨਮ ਤੋਂ ਬਾਅਦ ਉਹ ਕਰਮ ਉਘੜੇ। ਇਹ ਤਾਂ ਨੱਠਣਾ ਨਹੀਂ ਜਿੰਨਾਂ ਚਿਰ ਭੋਗਦੇ ਨਹੀਂ ਹੈਗੇ। 'ਭੋਗੇ ਬਿਨ ਭਾਗਹਿ ਨਾਹੀ ਕਰਮ ਗਤੀ ਬਲਵਾਨ।'

ਤੀਸਰੇ ਹੋਇਆ ਕਰਦੇ ਨੇ **ਸੰਚਿਤ ਕਰਮ**, ਜਿਹੜੇ ਜਮ੍ਹਾਂ ਪਏ ਨੇ ਸਟੋਰ ਵਿਚ, ਉਹ ਚਲਦੇ ਰਹਿੰਦੇ ਨੇ, ਆਦਮੀ ਜੰਮਦਾ ਰਹਿੰਦੈ, ਮਰਦਾ ਰਹਿੰਦੈ। ਉਹ ਕਰਮ ਭੋਗਣੇ ਹੀ ਪੈਂਦੇ ਨੇ ਉਹਨੂੰ। ਉਹ ਨਹੀਂ ਟਲਿਆ ਕਰਦੇ। ਹੁਣ ਛੁਟਕਾਰਾ ਕਿਵੇਂ ਹੋਵੇ? ਕੋਈ ਹੈ ਤਰੀਕਾ ਛੁਟਕਾਰੇ ਦਾ? ਹੁਣ ਵੀ ਅਸੀਂ ਕਰਮ ਕਰਦੇ ਹਾਂ, ਚੰਗੇ ਵੀ ਕਰਦੇ ਹਾਂ ਮਾੜੇ ਵੀ ਕਰਦੇ ਹਾਂ। ਇਹਦਾ ਫਲ ਤਾਂ ਮਿਲਣਾ

ਹੀ ਹੈ ਚੰਗਿਆਂ ਦਾ ਸਵਰਗ 'ਚ ਮਿਲਣੈ, ਮਾੜਿਆਂ ਦਾ ਨਰਕਾਂ 'ਚ ਜਾ ਕੇ ਮਿਲਣੈ। ਕਰਿਆ ਕੀ ਜਾਵੇ?

ਇਕ ਤਰੀਕਾ ਹੈ। ਉਹ ਇਹ ਹੈ ਕਿ ਗੁਰੂ ਵਾਲਾ ਬਣ ਕੇ ਨਾਮ ਜਪੇ। ਐਨਾ ਨਾਮ ਜਪੇ ਕਿ ਇਹਦੀ ਸੁਰਤੀ ਤ੍ਰਿਕੁਟੀ ਲੰਘ ਜਾਵੇ। ਉਥੇ ਨਾਮ ਦਾ ਬਲ ਐਨਾ ਪੈਂਦੈ, ਐਨਾ ਸੇਕ ਪੈਂਦੈ, ਜਿਹੜੇ ਕਰਮ ਅੰਤਸ਼ਕਰਣ ਵਿਚ ਜਮ੍ਹਾਂ ਪਏ ਨੇ, ਉਹ ਸਾਰੇ ਹੀ ਜਲ ਜਾਂਦੇ ਨੇ। ਇਕ ਕਰਮ ਵੀ ਨਹੀਂ ਰਹਿੰਦਾ। ਭੁੱਜੇ ਦਾਣਿਆਂ ਵਾਂਗਣ ਹੋ ਜਾਂਦੇ ਨੇ। ਭੁੱਜਿਆ ਦਾਣਾ ਫੇਰ ਹਰਾ ਨਹੀਂ ਹੋਇਆ ਕਰਦਾ। ਸੋ ਮਹਾਰਾਜ ਕਹਿੰਦੇ, ਕਰਮ ਸੋਚ ਕੇ ਕਰ। ਇਹੋ ਜਿਹਾ ਕਰਮ ਕਰ ਜਿਹੜਾ ਤੇਰੇ ਨਾਲ ਨਿਭ ਜਾਏ, ਤੈਨੂੰ ਸੁਖ ਦੇਵੇ। ਇਹੋ ਜਿਹਾ ਕਰਮ ਨਾ ਕਰ ਜਿਹੜਾ ਤੈਨੂੰ ਦੁਖੀ ਕਰੇ, ਸ਼ਰਮਿੰਦਾ ਕਰੇ।

*ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥*
*ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥*

*ਅੰਗ- ੫੯੦*

ਐਸੀ ਰੀਤ ਨੂੰ ਜਾਲ ਦਿਓ। ਜਿਹੜੀ ਸਾਨੂੰ ਸ਼ਰਮਿੰਦਾ ਕਰਾ ਦੇਵੇ। ਜਿਹੜਾ ਕੰਮ ਵਾਹਿਗੁਰੂ ਨੂੰ ਵਿਸਾਰ ਦੇਵੇ, ਉਸ ਕੰਮ ਨੂੰ ਖਤਮ ਕਰੋ -

ਜਿਹੜੀ ਵਾਹਿਗੁਰੂ ਨਾਲ ਪਤ ਰਹਿ ਜਾਏ ਉਹ ਠੀਕ ਹੋਇਆ ਕਰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਜਿਹੜੀ ਸੰਗਰਾਂਦ ਸੀ ਕੱਤਕ ਦੇ ਮਹੀਨੇ ਦੀ, ਬੜਾ ਹੀ ਸੋਹਣਾ ਇਹਦੇ 'ਚ ਉਪਦੇਸ਼ ਮਹਾਰਾਜ ਨੇ ਦਿਤੈ। ਪਹਿਲਾਂ ਹੀ ਜਿਹੜੀ ਲਾਈਨ ਆਉਂਦੀ ਹੈ ਤੁਕ ਆਉਂਦੀ ਹੈ, ਮਹਾਰਾਜ ਨੇ ਕਰਮਾਂ ਦੀ ਦਿਤੀ ਹੈ - ***'ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥'*** ਕਰਮ ਤਾਂ ਤੁਸੀਂ ਕਮਾਉਂਦੇ ਹੋਂ, ਦੋਸ਼ ਕੀਹਨੂੰ ਦਿੰਦੇ ਹੋਂ, ਸਮਝਾਉਣ ਵਾਲੇ ਤਾਂ ਬੇਅੰਤ ਸਮਝਾਉਂਦੇ ਨੇ ਪਰ ਕਰਿਆ ਕੀ ਜਾਵੇ, ਦੁਨੀਆਂ ਸਮਝਦੀ ਨਹੀਂ ਹੈ। ਵੱਡੇ-ਵੱਡੇ ਮਹਾਂਪੁਰਸ਼, ਚਾਰੇ ਵੇਦ, ਛੇਈਂ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਗੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਤੌਰੇਤ, ਅੰਜੀਲ, ਜਬੂੰਰ, ਬਾਈਬਲ, ਕੁਰਾਨ ਸ਼ਰੀਫ, ਅਨੇਕਾਂ ਮਹਾਤਮਾ, ਸਾਧੂ ਸੰਤ ਹਾਕਾਂ ਮਾਰ-ਮਾਰ ਸਮਝਾਉਂਦੇ ਨੇ ਇਸ ਜੀਵ ਨੂੰ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ ॥*

*ਅੰਗ - ੧੩੭੮*

ਪਰ ਫੇਰ, ਕਹਿੰਦੇ ਜਿਨ੍ਹਾਂ ਦੇ ਮਨ ਵਿਚ ਸ਼ੈਤਾਨ ਵਸ ਗਿਆ, ਉਹ ਚਿੱਤ ਨਹੀਂ ਫੇਰਦੇ, ਇਸ ਕੰਨ ਸੁਣਦੇ ਨੇ, ਉਸ ਕੰਨ ਕੱਢ ਦਿੰਦੇ ਨੇ। ਬੜੀ ਹੈਰਾਨੀ ਹੁੰਦੀ ਹੈ ਮਹਾਂਪੁਰਸ਼ਾਂ ਨੂੰ। ਸਾਰੇ ਮਹਾਂਪੁਰਸ਼ ਕਹਿੰਦੇ ਨੇ, ਬੋਧੀ ਕਹਿੰਦੇ ਨੇ ਕਿ ਇਕ ਮਾਰ ਦੇਵਤਾ ਹੈ, ਉਹ ਨਹੀਂ ਚੰਗੇ ਕਰਮ ਕਰਨ ਦਿੰਦਾ। ਅਸੀਂ ਕਹਿੰਦੇ ਹਾਂ ਕਿ ਕਲਜੁਗ ਵਸਿਆ ਹੋਇਐ। ਇਹ ਕਲਜੁਗ ਨਹੀਂ ਸਾਨੂੰ ਇਸ ਰਸਤੇ 'ਤੇ ਆਉਣ ਦਿੰਦਾ। ਕੋਈ ਕਹਿੰਦੈ, ਮਾਇਆ ਹੈ। ਸੋ ਇਹ ਸੁਣਦਾ ਨਹੀਂ ਹੈ। ਜਿੰਨਾਂ ਜੀਅ ਕਰਦੈ ਜ਼ੋਰ ਲਾ ਲਓ। ਉਪਦੇਸ਼ ਦਿੰਦੇ ਨੇ ਮਹਾਤਮਾ ਦਿਨ ਰਾਤ। ਮਹਾਰਾਜ ਕਹਿੰਦੇ, ਕਰਮ ਨਾ ਕਰ ਇਹੋ ਜਿਹਾ ਜਿਹੜਾ ਭੋਗਣਾ ਔਖਾ ਹੋ ਜਾਏ। ਉਸ ਵੇਲੇ ਜਦੋਂ ਭੋਗੇਂਗਾ ਫੇਰ ਤੈਨੂੰ ਪਛਤਾਉਣਾ ਪੈਣੈ। ਫੇਰ ਕੁਛ ਬਣਦਾ ਨਹੀਂ ਹੈ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*

*ਅੰਗ - ੧੨੮੧*

ਦੂਸਰਾ ਜੋ ਮਹਾਰਾਜ ਜੀ ਨੇ ਉਪਦੇਸ਼ ਦਿਤੈ, ਉਹ ਇਹ ਦਿਤੈ ਕਿ ਜੇ ਅਸੀਂ ਵਾਹਿਗੁਰੂ ਨੂੰ ਭੁੱਲ ਜਾਈਏ, ਤਾਂ ਸਾਨੂੰ ਸਾਰੇ ਰੋਗ ਲਗ ਜਾਂਦੇ ਨੇ। ਦੁਨੀਆਂ ਰੋਗੀ ਹੈ, ਦੁਖੀ ਹੈ, ਦੁਖ ਹੈਂ ਕਿਉਂ? ਕਿਉਂਕਿ ਪ੍ਰਮੇਸ਼ਰ ਨੂੰ ਭੁੱਲੇ ਹੋਏ ਹਾਂ। ਜੇ ਵਾਹਿਗੁਰੂ ਨਾ ਭੁੱਲੇ, ਤਾਂ ਆਦਮੀ ਸੁਖੀ ਰਹਿੰਦੈ, ਕਰਮ ਵੀ ਨਰਮ ਪੈ ਜਾਂਦੇ ਨੇ।

ਇਕ ਕਿਸੇ ਸ਼ਹਿਰ ਦੇ ਵਿਚ ਇਕ ਪ੍ਰੇਮੀ ਰਹਿੰਦਾ ਸੀ, ਖੱਤਰੀ ਸੀ ਉਹ। ਬਹੁਤ ਸੋਹਣਾ ਸੁਭਾਅ ਸੀ ਉਹਦਾ। ਸੇਵਾ ਕਰਦਾ ਸੀ, ਸਾਧੂਆਂ ਦੀ ਸੰਗਤ ਕਰਿਆ ਕਰਦਾ ਸੀ। ਉਸੇ ਸ਼ਹਿਰ ਦੇ ਵਿਚ ਇਕ ਹੋਰ ਬੰਦਾ ਰਹਿੰਦਾ ਸੀ, ਅਮੀਰ ਤਾਂ ਕਾਫੀ ਸੀ ਪਰ ਵਿਕਾਰੀ ਸੀ, ਮਾੜੇ ਕੰਮ ਕਰਿਆ ਕਰਦਾ ਸੀ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ ਉਥੇ ਚਲੇ ਗਏ। ਬਾਗ ਵਿਚ ਡੇਰਾ ਕਰ ਲਿਆ ਤੇ ਬਾਗ ਇਸੇ ਖੱਤਰੀ ਦਾ ਸੀ। ਇਹਨੂੰ ਪਤਾ ਲੱਗਿਆ ਕਿ ਕੋਈ ਸਾਧੂ ਆਏ ਨੇ, ਇਹਨੇ ਕਿਹਾ ਕਿ ਮੇਰੇ ਬਾਗ 'ਚ ਠਹਿਰੇ ਨੇ, ਮੇਰਾ ਫਰਜ਼ ਬਣਦੈ ਕਿ ਮੈਂ ਪ੍ਰਸ਼ਾਦ ਪਾਣੀ ਛਕਾਵਾਂ। ਪ੍ਰਸ਼ਾਦਾ ਲੈ ਕੇ ਜਾਂਦੈ। ਸੰਗਤ ਵਧਦੀ ਜਾਂਦੀ ਹੈ। ਉਸੇ ਤਰ੍ਹਾਂ ਦੇ ਨਾਲ ਸੇਵਾਦਾਰ ਵੀ ਵਧਦੇ ਜਾਂਦੇ ਨੇ। ਇਹ ਰੋਜ਼ ਜਾਂਦੈ। ਮਹਾਰਾਜ ਚਾਰ ਵਜੇ ਸ਼ਾਮ ਨੂੰ ਸਤਿਸੰਗ ਕਰਦੇ ਸੀ, ਇਹ ਉਸ ਵੇਲੇ ਚਲਿਆ ਜਾਂਦਾ ਸੀ। ਅੰਮ੍ਰਿਤ ਵੇਲੇ ਨਹੀਂ ਸੀ ਜਾ ਸਕਦਾ। ਇਹਦੇ ਮਿੱਤਰ ਨੇ ਕਿਹਾ ਕਿ ਤੂੰ ਰੋਜ਼ ਜਾਂਦੈ। ਕਿੱਥੇ ਜਾਂਦੈ? ਕਹਿੰਦਾ, ਮੈਂ ਤੈਨੂੰ ਕਹਿਣ ਨੂੰ ਸੀ ਕਿ ਤੂੰ ਇਕ ਵਾਰੀ ਚੱਲ ਕੇ ਤਾਂ ਦੇਖ, ਜਿੱਥੇ ਮੈਂ ਜਾਂਦਾਂ।

ਉਹ ਕਹਿੰਦਾ, ਕੋਈ ਸਾਧ-ਸੰਤ ਹੋਣੈ।

ਕਹਿੰਦਾ, ਹਾਂ।

ਉਹ ਕਹਿੰਦਾ, ਮੈਂ ਨਹੀਂ ਜਾਂਦਾ ਹੁੰਦਾ।

ਇਹ ਤਾਂ ਐਵੇਂ ਹੁੰਦੇ ਨੇ। ਅਖੀਰ ਜਾਂਦੇ-ਜਾਂਦੇ ਇਕ

ਵਾਰੀ ਇਹਨੇ ਮਿਲਾ ਦਿਤਾ, ਕਹਿਣ ਲੱਗਿਆ, ਤੂੰ ਚੱਲ ਤਾਂ ਸਹੀ। ਦੇਖੇਂਗਾ ਤਾਂ ਤੈਨੂੰ ਪਤਾ ਲੱਗੇਗਾ, ਸਾਰਾ ਸ਼ਹਿਰ ਜਾ ਰਿਹੈ। ਦੂਰ-ਦਰਾਜ਼ ਤੋਂ ਲੋਕ ਆਉਂਦੇ ਨੇ। ਤੂੰ ਨਹੀਂ ਜਾਂਦਾ।

ਇਹ ਜਿਸ ਵਕਤ ਗਿਆ ਤਾਂ ਕੁਛ ਚੰਗਾ ਨਾ ਲੱਗਿਆ, ਚਿੱਤ ਲੱਗਿਆ ਨਾ ਚੰਗੀ ਤਰ੍ਹਾਂ, ਕਦੇ ਏਧਰ ਦੇਖੀ ਜਾਵੇ, ਕਦੇ ਓਧਰ ਦੇਖੀ ਜਾਵੇ। ਕਿਉਂਕਿ ਭਾਗ ਨਹੀਂ ਸੀ ਬਣੇ ਸਤਿਸੰਗ ਦੇ। ਕਿਉਂਕਿ ਸਤਿਸੰਗ ਦੇ ਜਿੰਨਾਂ ਚਿਰ ਭਾਗ ਨਾ ਬਣਨ ਸਤਿਸੰਗ ਦੇ ਵਿਚ ਬੈਠ ਕੇ ਵੀ ਸਤਿਸੰਗ ਨਹੀਂ ਆਦਮੀ ਕਰਦਾ।

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ- ੬੪੨*

ਇਸ ਤਰ੍ਹਾਂ ਮਹਾਰਾਜ ਨੇ ਫੁਰਮਾਨ ਕਰਿਐ -

*ਧਾਰਨਾ - ਸਤਿਸੰਗ ਨਾ ਮਿਲਦਾ ਭਾਗ ਬਿਨਾਂ।*

ਭਾਗ ਤੋਂ ਬਗੈਰ ਸਤਿਸੰਗ 'ਚ ਆ ਕੇ ਵੀ ਆਦਮੀ ਖਾਲੀ ਰਹਿ ਜਾਂਦੈ। ਲੈ ਗਿਆ ਇਹ ਇਸਨੂੰ, ਪਰ ਦਰਸ਼ਨਾਂ ਦਾ ਫਲ ਤਾਂ ਪ੍ਰਾਪਤ ਹੋਣਾ ਹੀ ਹੋਣਾ ਸੀ। ਬਰਫ ਨੂੰ ਚਾਹੇ ਗੁੱਸੇ ਨਾਲ ਹੱਥ ਲਾ ਲਓ, ਚਾਹੇ ਪਿਆਰ ਨਾਲ ਲਾ ਲਓ, ਬਰਫ ਨੇ ਹੱਥ ਤਾਂ ਠੰਢਾ ਕਰਨਾ ਹੀ ਕਰਨਾ ਹੈ।

ਸੋ ਸਤਿਸੰਗ ਕਰਿਆ, ਚਿੱਤ ਲੱਗਿਆ ਨਾ। ਘਰ ਆ ਕੇ ਪੁੱਛਿਆ ਕਿ ਕਿਵੇਂ ਹੈ। ਕਹਿੰਦਾ, ਲਗਦਾ ਤਾਂ ਸੋਹਣਾ ਹੈ। ਗੱਲਾਂ ਤਾਂ ਸੋਹਣੀਆਂ ਕਹਿੰਦੇ ਨੇ। ਅੰਦਰ ਨਾ ਕੋਈ ਅਸਰ ਹੋਇਆ। ਦੂਸਰੇ ਦਿਨ ਫੇਰ ਲੈ ਗਿਆ। ਦੂਸਰੇ ਦਿਨ ਮਨ ਦੇ ਅੰਦਰ ਵਿਕਾਰ ਪੈਦਾ ਹੋ ਗਏ। ਜਿਸ ਰਸਤੇ ਜਾਂਦੇ ਸੀ, ਉਥੇ ਇਕ ਮਾੜੀ ਬਸਤੀ ਸੀ। ਜਦੋਂ ਉਹਦੇ ਕੋਲ ਦੀ ਲੰਘਿਆ ਤਾਂ ਵਿਕਾਰ ਪੈਦਾ ਹੋ ਗਏ, ਐਨੇ ਜ਼ਬਰਦਸਤ ਹੋ ਗਏ ਕਿ ਕਹਿਣ ਲੱਗਿਆ ਕਿ ਮੈਨੂੰ ਅੱਜ ਤਾਂ ਹੈਗਾ ਕੰਮ ਤੇ ਅੱਜ ਤਾਂ ਨਹੀਂ ਮੈਂ ਜਾਂਦਾ। ਕੱਲ੍ਹ ਤੋਂ ਤੇਰੇ ਨਾਲ ਚੱਲਿਆ ਕਰੂੰ। ਪਰ ਇਸ ਤਰ੍ਹਾਂ ਕਰੀਂ ਆਪਾਂ ਇਕੱਠੇ ਆਏ ਹਾਂ, ਇਕੱਠੇ ਮੁੜਨੈਂ। ਜੇ ਤਾਂ ਤੂੰ ਪਹਿਲਾਂ ਆ ਗਿਆ ਤਾਂ ਤੂੰ ਬੋਹੜ ਦੇ ਦਰਖਤ ਥੱਲੇ ਬਹਿ ਜਾਈਂ। ਜੇ ਮੈਂ ਆ ਗਿਆ ਤਾਂ ਮੈਂ ਤੇਰਾ ਇੰਤਜ਼ਾਰ ਕਰੀ ਜਾਵਾਂਗਾ। ਉਸੇ ਤਰ੍ਹਾਂ ਹੋਇਆ, ਉਹ ਪ੍ਰੇਮੀ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਚਲਿਆ ਗਿਆ। ਇਹ ਜਿਹੜਾ ਸੀ ਇਹ ਵਿਕਾਰ ਕਰਨ ਵਾਸਤੇ ਮਾੜੀ ਬਸਤੀ 'ਚ ਚਲਿਆ ਗਿਆ। ਅੱਗੇ ਗਿਆ ਤਾਂ ਉਹਦਾ ਘਰ ਬੰਦ ਸੀ, ਉਹ ਕਿਤੇ ਗਈ ਹੋਈ ਸੀ। ਇਹ ਛੇਤੀ ਦੇ ਕੇ ਆ ਕੇ ਬੋਹੜ ਦੀਆਂ ਜੜ੍ਹਾਂ 'ਚ ਬੈਠ ਕੇ ਉਡੀਕਣ ਲਗ ਗਿਆ। ਕਾਫੀ ਦੇਰ ਉਡੀਕਦਾ ਰਿਹਾ, ਬਾਰਿਸ਼ ਹੋਈ-ਹੋਈ ਸੀ, ਜ਼ਮੀਨ ਨਰਮ ਹੋਈ-ਹੋਈ ਸੀ, ਐਵੇਂ ਇਕ ਡੱਕਾ ਚੁੱਕ ਲਿਆ ਤਿੱਖਾ ਜਿਹਾ ਤੇ ਜ਼ਮੀਨ ਫਰੋਲਣ ਲਗ ਗਿਆ। ਫਰੋਲਦੇ-ਫਰੋਲਦੇ ਮਿੱਟੀ ਕੱਢਣ ਲੱਗ ਗਿਆ। ਥੋੜ੍ਹਾ ਜਿਹਾ ਜਦੋਂ ਗਹਿਰਾ ਫਰੋਲਿਆ ਉਹਦੇ ਵਿਚੋਂ ਇਕ ਗਾਗਰ ਨਿਕਲ ਆਈ। ਬੜਾ ਖੁਸ਼ ਹੋਇਆ ਕਿ ਗਾਗਰ ਹੈ, ਹੌਲੀ-ਹੌਲੀ ਕੱਢ ਲਈ, ਕੀ ਦੇਖਦੈ ਗਾਗਰ ਨੂੰ ਪਲਟਾ ਦੇ ਦਿਤਾ, ਸਾਰੀ ਗਾਗਰ ਕੋਲਿਆਂ ਨਾਲ ਭਰੀ ਹੋਈ ਹੈ। ਇਕ ਮੋਹਰ ਉਹਦੇ ਵਿਚ ਪਈ ਹੈ। ਖੁਸ਼ ਹੋ ਗਿਆ ਕਿ ਆਪਾਂ ਨੂੰ ਗਾਗਰ ਵੀ ਮਿਲ ਗਈ ਤੇ ਮੋਹਰ ਵੀ ਮਿਲ ਗਈ। ਇਧਰਲੇ ਪਾਸੇ ਜਦੋਂ ਉਹ ਗੁਰਸਿੱਖ ਆਇਆ ਤਾਂ ਉਹ ਲੰਗ ਮਾਰਦਾ ਤੁਰਿਆ ਆਉਂਦੈ। ਪੈਰ ਬੰਨ੍ਹਿਆ ਹੋਇਐ। ਕਹਿਣ ਲੱਗਿਆ ਕੀ ਗੱਲ ਤੂੰ ਲੰਗ ਮਾਰਦੈ ਤੇ ਮੈਂ ਖੁਸ਼ ਬੈਠਾਂ। ਤੂੰ ਆਇਐਂ ਸਤਿਸੰਗ 'ਚੋਂ, ਮੈਂ ਆਇਆ ਮਾੜੇ ਥਾਉਂ ਤੋਂ। ਹੁਣ ਤੂੰ ਆਪੇ ਹੀ ਦਸ ਕਿ ਸਤਿਸੰਗ ਚੰਗੈ ਕਿ ਮੇਰੇ ਵਾਲਾ ਰਸਤਾ ਚੰਗੈ?

ਉਹ ਕਹਿਣ ਲੱਗਿਆ, ਭਰਾਵਾ! ਮੇਰੇ ਕੰਡਾ ਲੱਗਿਐ ਕਰੌਂਦੇ ਦਾ। ਉਹਦਾ ਦਰਦ ਹੈ, ਹਟ ਜਾਏਗਾ। ਪਰ ਸਤਿਸੰਗ ਚੰਗੀ ਚੀਜ਼ ਹੈ। ਤੇਰਾ ਰਸਤਾ, ਇਹ ਤਾਂ ਕਦਾਚਿਤ ਚੰਗੀ ਚੀਜ਼ ਨਹੀਂ, ਇਹ ਤਾਂ ਮਾੜੀ ਹੈ, ਜਿਸਨੂੰ ਮਹਾਰਾਜ ਜੀ ਫੁਰਮਾਨ ਕਰਦੇ ਨੇ -

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥* *ਅੰਗ- ੩੧੫*

ਕਹਿਣ ਲੱਗਿਆ, ਪ੍ਰੇਮੀਆਂ! ਮਾੜੇ ਕੰਮ ਤਾਂ ਕਦੇ ਵੀ ਚੰਗੇ ਨਹੀਂ ਹੁੰਦੇ। ਜਦੋਂ ਦਰਗਾਹ 'ਚ ਜਾ ਕੇ ਲੇਖਾ ਦੇਣਾ ਪੈਂਦੈ। ਮੇਰੇ ਸਤਿਗੁਰੂ ਕਹਿੰਦੇ ਨੇ ਕਿ ਘਾਣੀ ਦੇ ਵਿਚ ਪੀੜ ਦਿੰਦੇ ਨੇ। ਕਹਿਣ ਲੱਗਿਆ, ਦਰਗਾਹ ਦੀ ਗੱਲ ਤਾਂ ਛੱਡ, ਮੈਂ ਤਾਂ ਹੁਣ ਦੀ ਗੱਲ ਕਰਦਾਂ। ਪ੍ਰਤੱਖ ਬਾਤ ਮੈਂ ਕਰ ਰਿਹਾਂ, ਤੇਰੇ ਕੰਡਾ ਲੱਗਿਐ, ਤੇ ਮੈਨੂੰ ਮੋਹਰ ਮਿਲ ਗਈ। ਮੈਂ ਮਾੜੇ ਕੰਮ ਵਾਸਤੇ ਆਇਆਂ, ਤੂੰ ਚੰਗੇ ਵਾਸਤੇ ਆਇਐਂ।

ਉਹ ਕਹਿਣ ਲੱਗਿਆ, ਮੈਂ ਤਾਂ ਨਹੀਂ ਇਸ ਬਾਰੇ ਕੁਛ ਜਾਣਦਾ, ਤੂੰ ਮੇਰੇ ਸਤਿਗੁਰੂ ਕੋਲ ਚੱਲ।

ਤ੍ਰਿਕਾਲਦਰਸ਼ੀ ਨੇ ਤੈਨੂੰ ਦਿਖਾ ਦੇਣਗੇ ਅੱਖਾਂ ਨਾਲ ਕਿ ਕੀ ਭਾਣਾ ਵਰਤਿਐ। ਮਹਾਰਾਜ ਦੇ ਪਾਸ ਚਲੇ ਗਏ, ਮਹਾਰਾਜ ਨੇ ਕਿਹਾ ਕਿ ਕੀ ਗੱਲ ਭਾਈ, ਤੁਸੀਂ ਮੁੜ ਆਏ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੁਸੀਂ ਸਭ ਕੁਛ ਜਾਣੀ ਜਾਣ ਹੋਂ।

ਆਹ ਮੇਰਾ ਮਿੱਤਰ ਹੈ। ਇਹ ਮੈਂ ਸਤਿਸੰਗ 'ਚ ਇਕ ਦਿਨ ਲਿਆਂਦਾ ਸੀ। ਅੱਜ ਆਇਆ ਤਾਂ ਇਹ ਮਾੜੇ ਕੰਮ ਨੂੰ ਚਲਿਆ ਗਿਆ। ਜਦੋਂ ਮੈਂ ਵਾਪਸ ਆ ਰਿਹਾ ਸੀ ਮੇਰੇ ਕੰਡਾ ਲੱਗਿਆ। ਇਹ ਮੈਨੂੰ ਕਹਿੰਦੈ ਕਿ ਤੇਰੇ ਤਾਂ ਕੰਡਾ ਲੱਗਿਆ, ਤੇ ਮੈਨੂੰ ਮੋਹਰ ਮਿਲ ਗਈ, ਗਾਗਰ ਸੀ ਕੋਲਿਆਂ ਦੀ ਭਰੀ ਹੋਈ ਉਹਦੇ ਵਿਚ ਇਕ ਮੋਹਰ ਪਈ ਸੀ।

ਮਹਾਰਾਜ ਕਹਿੰਦੇ, ਪ੍ਰੇਮੀਆਂ! ਪਿਛਲੇ ਜਨਮ ਦਾ ਕੁਛ ਹਾਲ ਜਾਣਦੈਂ।

ਕਹਿੰਦਾ, ਨਹੀਂ ਮਹਾਰਾਜ।

ਕਹਿੰਦੇ, ਆਹ ਦਿਖਾਈਏ ਤੈਨੂੰ। ਮਹਾਰਾਜ ਨੇ ਦਿਖਾਇਆ ਕਿ ਵੱਡਾ ਦਾਤਾ ਸੀ, ਦਾਨ ਕਰਿਆ ਸੀ। ਕਿਸੇ ਸਾਧੂ, ਬ੍ਰਹਮਗਿਆਨੀ ਮਹਾਂਪੁਰਸ਼ ਨੂੰ ਮੋਹਰ ਦਾਨ ਕਰੀ ਸੀ। ਕਹਿੰਦੇ, ਤੈਨੂੰ ਆਹ ਮੋਹਰਾਂ ਦੀ ਭਰੀ ਗਾਗਰ ਹੁਣ ਮਿਲਣੀ ਸੀ ਅੱਜ, ਜੇ ਤੂੰ ਅੱਜ ਸਤਿਸੰਗ 'ਚ ਆ ਜਾਂਦਾ। ਇਹ ਤਿਆਰ ਹੋ ਗਈ ਸੀ ਤੈਨੂੰ ਮਿਲਣ ਵਾਸਤੇ, ਤੈਨੂੰ ਭਰੀ ਹੋਈ ਗਾਗਰ ਮਿਲਣੀ ਸੀ ਮੋਹਰਾਂ ਦੀ ਇਸ ਜਨਮ 'ਚ। ਪਰ ਤੂੰ ਵਿਕਾਰਾਂ ਦੀ ਅੱਗ ਵਿਚ ਫੂਕ ਕੇ ਪੁੰਨਾਂ ਨੂੰ ਕੋਲੇ ਬਣਾ ਦਿਤਾ। ਆਹ ਇਕ ਬਚਦੀ ਸੀ ਤੇਰੀ, ਕੱਲ੍ਹ ਤੂੰ ਸਤਿਸੰਗ 'ਚ ਆਇਆ ਸੀ। ਉਹ ਇਹ ਮੋਹਰ ਹੈ ਤੇਰੀ, ਜਿਹੜਾ ਮੂਲ ਸੀ ਤੇਰਾ, ਨਹੀਂ ਤਾਂ ਇਹ ਵੀ ਕੋਲਾ ਬਣ ਜਾਣਾ ਸੀ। ਆਹ ਪ੍ਰੇਮੀ ਜਿਹਨੂੰ ਤੂੰ ਤਾਅਨਾ ਮਾਰਦੈਂ ਕਹਿੰਦੇ, ਪਿਛਲੇ ਜਨਮ 'ਚ ਇਹਦਾ ਇਕ ਐਸਾ ਕਰਮ ਕੀਤਾ ਹੋਇਆ ਸੀ ਕਿ ਇਸ ਨੂੰ ਸੂਲੀ ਮਿਲਣੀ ਸੀ। ਸਤਿਸੰਗ 'ਚ ਆ ਗਿਆ, ਸੂਲੀ ਦੀ ਸੂਲ ਬਣਾ ਦਿਤੀ, ਪ੍ਰਮੇਸ਼ਰ ਨੇ। ਸੋ ਕੰਮ ਨੇਕ ਕਰਿਆ। ਮਹਾਰਾਜ ਕਹਿੰਦੇ ਜੋ ਵੀ ਕਰੋ, ਸੋਚ ਕੇ ਕਰੋ, ਐਹੋ ਜਿਹਾ ਕੰਮ ਨਾ ਕਰੋ ਜਿਹਦੇ ਨਾਲ ਸਾਨੂੰ ਪਛਤਾਉਣਾ ਪੈ ਜਾਵੇ। ਸੋ ਇਹ ਜੋ ਮਹੀਨਾ ਹੈ ਕੱਤਕ ਦਾ, ਇਹਦਾ ਜੋ ਉਪਦੇਸ਼ ਸਾਨੂੰ ਮਹਾਰਾਜ ਜੀ ਨੇ ਦਿੱਤੈ, ਉਹ ਪਹਿਲਾ ਉਪਦੇਸ਼ ਕਰਮਾਂ ਦਾ ਹੈ। ਦੂਸਰਾ ਹੈ ਕਿ ਆਦਮੀ ਰੋਗੀ ਕਿਉਂ ਹੋ ਜਾਂਦੈ, ਕਿਉਂ ਆਦਮੀ ਜ਼ਿੰਦਗੀ ਭਰ ਦੁਖੀ ਰਹਿੰਦੈ, ਹਉਕੇ ਹਾਵੇ ਕਿਉਂ ਲੈਂਦੈ? ਮਹਾਰਾਜ ਕਹਿੰਦੇ ਉਹਦਾ ਕਾਰਣ ਹੈ ਕਿ ਉਹ ਆਪਣੇ ਵਾਅਦੇ ਤੋਂ ਮੁਕਰਿਆ ਹੋਇਐ। ਮਿਲਣਾ ਤਾਂ ਇਹਨੂੰ ਸੁਖ ਸੀ ਲੇਕਿਨ ਇਹ ਵਾਇਦਾ ਫਰਾਮੋਸ਼ ਹੈ। ਇਹ ਉਰਦੂ ਦਾ ਸ਼ਬਦ ਹੈ ਵਾਇਦਾ ਕਰਕੇ ਮੁਕਰਨ ਵਾਲਾ। ਜਿਸ ਵਕਤ ਇਹ ਮਾਂ ਦੇ ਪੇਟ ਵਿਚ ਸੀ, ਉਸ ਵੇਲੇ ਇਹਦੀ ਅਵਸਥਾ ਜਿਹੜੀ ਸੀ ਬੜੀ ਖਤਰਨਾਕ ਸੀ। ਹੁਣ ਤਾਂ ਤਸਵੀਰਾਂ 'ਚ, ਟੈਲੀਵੀਜ਼ਨਾਂ 'ਚ ਦਿਖਾ ਦਿੰਦੇ ਨੇ, ਅੱਖਾਂ ਨਾਲ ਅਸੀਂ ਦੇਖ ਲੈਂਦੇ ਹਾਂ। ਉਸ ਵੇਲੇ ਮਹਾਰਾਜ ਜੀ ਇਸ ਤਰ੍ਹਾਂ ਦਾ ਫੁਰਮਾਨ ਕਰਦੇ ਨੇ -

*ਧਾਰਨਾ- ਜਦੋਂ ਪੁੱਠਾ ਲਮਕਦਾ ਸੀ,*
*ਉਹ ਦਿਨ ਭੁੱਲ ਗਿਆ-੨*

*ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥*
*ਨਾਨਕ ਸੋ ਧਣੀ ਕਿਉ ਵਿਸਾਰਿਓ*
*ਉਧਰਹਿ ਜਿਸ ਦੈ ਨਾਇ ॥ ਅੰਗ- ੭੦੬*

ਮਹਾਰਾਜ ਕਹਿੰਦੇ, ਉਸ ਵੇਲੇ ਪੁੱਠਾ ਲਟਕ ਰਿਹਾ ਸੀ। ਨਾ ਹੱਥ ਹਿਲਦੇ ਸੀ, ਨਾ ਪੈਰ ਹਿਲਦੇ ਸੀ। ਇਹਦੀ ਸੁਰਤ ਸੁਖਮਨਾ ਨਾੜੀ 'ਚ ਸੀ ਉਸ ਵੇਲੇ। ਸਾਡੇ ਤਿੰਨ ਨਾੜੀਆਂ ਨੇ - ਇੜਾ, ਪਿੰਗਲਾ, ਸੁਖਮਨਾ। ਵੈਸੇ ਸਾਡੇ ਸਰੀਰ ਦੇ ਵਿਚ 72 ਕਰੋੜ, 72 ਲੱਖ, 72 ਹਜ਼ਾਰ, 200 ਬਲੱਡ ਚੈਨਲ ਹੈ। ਜਿਨ੍ਹਾਂ ਵਿਚੋਂ 20,000 ਨਾੜੀ ਜਿਹੜੀ ਹੈ ਉਹ ਦਿਖਦੀ ਹੈ, ਇਨ੍ਹਾਂ ਦੇ ਵਿਚੋਂ 20 ਨਾੜੀਆਂ ਨੇ ਜਿਹੜੀਆਂ ਮੁੱਖ ਨੇ, ਜਿਹੜੀਆਂ ਰੀੜ ਦੀ ਹੱਡੀ 'ਚੋਂ ਨਿਕਲਦੀਆਂ ਨੇ ਤੇ ਥਾਂ ਪਰ ਥਾਂ ਸ਼ਕਤੀਆਂ ਦਿੰਦੀਆਂ ਨੇ। ਜੇ ਰੀੜ ਦੀ ਹੱਡੀ 'ਚ ਕੋਈ ਨੁਕਸ ਪੈ ਜਾਵੇ, ਲੱਤਾਂ ਖੜ੍ਹ ਜਾਂਦੀਆਂ ਨੇ, ਪੈਰ ਨਹੀਂ ਚਲਦੇ, ਆਦਮੀ ਕੁਛ ਵੀ ਨਹੀਂ ਕਰ ਸਕਦਾ, ਕਿਉਂਕਿ ਉਹ ਨਾੜੀ ਜਿਹੜੀ ਸੀ ਉਹ ਕੰਮ ਕਰਨ ਤੋਂ ਹਟ ਗਈ। ਉਹਦੇ 'ਚ ਇਲੈਕਟ੍ਰਾਨਿਕਸ ਹੁੰਦੀਆਂ ਨੇ। ਸੋ ਇਹਦੇ ਵਿਚ ਤਿੰਨ ਮੁੱਖ ਨਾੜੀਆਂ ਨੇ। ਵਿਚਕਾਰਲੀ ਸੁਖਮਨਾ ਹੈ ਤੇ ਆਲੇ-ਦੁਆਲੇ ਦੀ ਇੜਾ ਤੇ ਪਿੰਗਲਾ ਹੈ। ਸੁਖਮਨਾ ਦੇ ਮੂੰਹ ਦੇ ਉਤੇ ਇਕ ਹੋਰ ਨਾੜੀ ਲੱਗੀ ਹੋਈ ਹੈ ਉਹਨੇ ਮੂੰਹ ਬੰਦ ਕਰਿਆ ਹੋਇਐ ਇਹਦਾ, ਉਹਨੂੰ ਭੁਚੰਗਾ ਨਾੜੀ ਕਹਿੰਦੇ ਨੇ। ਭੁਚੰਗਾ ਨਾੜੀ ਦੇ ਮੂੰਹ ਵਿਚ ਇਲੈਕਟ੍ਰਾਨਿਕਸ ਦਾ ਭੰਡਾਰ ਹੈ, ਜੇ ਕਿਤੇ ਉਹਨੂੰ ਜਗਾ ਲਵੇ, ਉਹਨੂੰ ਕੁੰਡਲਨੀ ਕਹਿੰਦੇ ਨੇ। ਜੇ ਜਾਗ ਪਵੇ ਤਾਂ ਇਥੇ ਬੈਠੇ ਹੀ ਅਸੀਂ ਦੇਖ ਸਕਦੇ ਹਾਂ ਕਿ ਅਮਰੀਕਾ 'ਚ ਕੀ ਹੁੰਦੈ, ਇੰਗਲੈਂਡ 'ਚ ਕੀ ਹੁੰਦੈ, ਬੰਦਾ ਆਇਐ, ਕੀ ਕਹਿਣਾ ਚਾਹੁੰਦੈ? ਸਾਰੀਆਂ ਸ਼ਕਤੀਆਂ ਆ ਜਾਂਦੀਆਂ ਨੇ, ਉਡਣ ਦੀ ਵੀ ਸ਼ਕਤੀ ਆ ਜਾਂਦੀ ਹੈ ਕਿ ਉਡ ਜਾਵੇ ਆਦਮੀ। ਲੇਕਿਨ ਮਹਾਰਾਜ ਨੇ ਇਸ ਲਈ ਮਨ੍ਹਾ ਕਰ ਦਿਤਾ ਕਿ ਕਾਹਨੂੰ ਖਪਣੈ, ਕੀ ਲੈਣੈ ਇਨ੍ਹਾਂ ਗੱਲਾਂ 'ਚੋਂ -

*ਨਾਟਕ ਚੇਟਕ ਕੀਏ ਕੁਕਾਜਾ*
*ਪ੍ਰਭ ਲੋਗਨ ਕਹ ਆਵਤ ਲਾਜਾ॥ ਬਚਿਤ੍ਰ ਨਾਟਕ ਪਾ: ੧੦*

ਉਹ ਨਾੜੀ ਜਿਹੜੀ ਹੈ ਸੁਖਮਨਾ ਨਾੜੀ, ਉਹਦੇ 'ਚ ਸੁਰਤ ਹੁੰਦੀ ਹੈ ਉਸ ਵੇਲੇ। ਉਹ ਸੁਰਤ ਦਸਦੀ ਹੈ ਕਿ ਸੌ ਜਨਮ ਤੱਕ ਤੂੰ ਕਿਹੋ ਜਿਹਾ ਸੀਗਾ, ਉਹ ਜਦੋਂ ਜਨਮ ਦੇਖਦੈ ਤਾਂ ਉਹਨੂੰ ਖਿਆਲ ਆਉਂਦੈ ਕਿ ਮੈਂ ਪ੍ਰਮੇਸ਼ਰ ਨੂੰ ਭੁੱਲਿਆ ਰਹਿਆ, ਮਨੁੱਖ ਬਣਿਆ, ਜੀਵ-ਜੰਤੂ ਬਣਿਆ, ਬੜੇ ਦੁੱਖ ਸਹਾਰੇ ਤੇ ਮੈਂ ਪ੍ਰਮੇਸ਼ਰ ਨੂੰ ਭੁੱਲਿਆ ਰਿਹਾ,

ਉਥੇ ਕੀ ਹੁੰਦੈ, ਨਾਮ ਦੀ ਧੁਨ ਸੁਣਦੀ ਹੈ, ਮਾਤਾ ਦੇ ਪੇਟ 'ਚ। ਉਸ ਧੁਨ ਦੀ ਐਨੀ ਮਨਮੋਹਣੀ ਆਵਾਜ਼ ਹੈ ਕਿ ਇਹਨੂੰ ਦੁਖ ਦਾ ਪਤਾ ਨਹੀਂ ਲਗਦਾ, ਸਮਾਧੀ ਲਗ ਜਾਂਦੀ ਹੈ ਇਹਦੇ 'ਚ। ਮਹਾਰਾਜ ਕਹਿੰਦੇ, ਨਾਮ ਦੇ ਆਸਰੇ ਤੂੰ ਰਹਿੰਦਾ ਸੀ।

*ਜਨਮਤ ਮੋਹਿਓ ਮੋਹਨੀ ਮਾਇਆ ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥* *ਅੰਗ - ੨੫੧*

ਤੂੰ ਸਵਾਸ-ਸਵਾਸ ਨਾਮ ਜਪਦਾ ਸੀ। ਤੇਰੇ ਅੰਦਰ ਨਾਮ ਦੀ ਧੁਨ ਗੂੰਜ ਰਹੀ ਸੀ ਤੇ ਤੈਨੂੰ ਸੌ ਜਨਮ ਦਾ ਗਿਆਨ ਸੀ। ਉਸ ਵੇਲੇ ਤੂੰ ਇਕ ਬੇਨਤੀ ਕਰਦਾ ਸੀ ਹੇ ਪ੍ਰਭੂ! ਮੇਰੇ 'ਤੇ ਕ੍ਰਿਪਾ ਕਰ, ਮੈਂ ਪੈਦਾ ਹੋਣ ਤੋਂ ਲੈ ਕੇ ਜਦੋਂ ਤੱਕ ਮੇਰਾ ਸਮਾਂ ਖਤਮ ਨਹੀਂ ਹੁੰਦਾ, ਉਸ ਵੇਲੇ ਤਕ ਮੈਂ ਤੇਰਾ ਨਾਮ ਹੀ ਜਪੀ ਜਾਵਾਂਗਾ।

*ਧਾਰਨਾ - ਜੀ ਮੈਂ ਨਾਮ ਜਪਾਂਗਾ ਤੇਰਾ,*
*ਇਥੋਂ ਮੈਨੂੰ ਕੱਢ ਮਾਲਕਾ।*

ਹੇ ਪ੍ਰਭੂ! ਮੈਂ ਸਵਾਸ-ਸਵਾਸ ਤੇਰਾ ਨਾਮ ਜਪਾਂਗਾ, ਕ੍ਰਿਪਾ ਕਰ, ਇਸ ਅੰਧ ਕੂਪ ਤੋਂ ਮੈਨੂੰ ਬਾਹਰ ਕੱਢ। ਬਾਰ-ਬਾਰ ਅਰਦਾਸਾਂ ਕਰਦੈ, ਮਹਾਰਾਜ ਕਹਿੰਦੇ ਨਾਲ ਸਿਮਰਨ ਵਿਚ ਰਹਿੰਦਾ ਸੀ। ਸਾਇੰਸ ਵਾਲਿਆਂ ਨੂੰ ਨਹੀਂ ਇਸ ਗੱਲ ਦਾ ਪਤਾ ਲੱਗਿਆ। ਲੇਕਿਨ ਹੁਣ ਪਤਾ ਲਗ ਗਿਆ। ਕਿਉਂਕਿ ਐਸੀਆਂ ਚੀਜ਼ਾਂ ਆ ਗਈਆਂ ਜਿਹਦੇ ਨਾਲ ਬੱਚੇ ਨੂੰ ਪੜ੍ਹ ਲੈਂਦੇ ਨੇ ਕਿ ਕੀ ਖਿਆਲ ਹੈ ਇਹਦਾ, ਕੀ ਸੋਚ ਰਿਹੈ। ਸੋ ਆਵਾਜ਼ ਆਉਂਦੀ ਹੈ ਕਿ ਐ ਜੀਵ! ਤੂੰ ਇਕ ਵਾਰੀ ਨਹੀਂ, ਬਹੁਤ ਵਾਰੀ ਮਾਤਾ ਦੇ ਪੇਟ 'ਚ ਆਇਐਂ ਤੇ ਮੈਂ ਤੈਨੂੰ ਜਿਉਂਦਾ ਰੱਖਣ ਵਾਸਤੇ ਆਪਣੇ ਨਾਮ ਦੀ ਧੁਨ ਤੈਨੂੰ ਸੁਣਾਈ ਹੈ। ਜਿਹੜੇ ਸਾਧੂ ਮਹਾਂਪੁਰਸ਼ ਬੰਦਗੀ ਕਰਦੇ ਨੇ, ਉਨ੍ਹਾਂ ਨੂੰ ਸੁਣਦੀ ਹੈ ਬਾਹਰ ਤੇ। ਤੂੰ ਉਸ ਨਾਮ ਦਾ ਅਨੰਦ ਮਾਣ ਰਿਹੈਂ ਤੇ ਤੂੰ ਬੇਇਤਬਾਰਾ ਹੈਂ, ਜਿਸ ਵਕਤ ਇਥੋਂ ਨਿਕਲਿਆ ਤੂੰ ਭੁੱਲ ਜਾਨੈ।

ਕਹਿੰਦਾ, ਨਹੀਂ ਮਹਾਰਾਜ! ਹੁਣ ਨਹੀਂ ਭੁੱਲਦਾ। ਅੱਗੇ ਭੁੱਲਦਾ ਰਿਹਾਂ।

ਕਹਿੰਦੇ, ਨਹੀਂ ਤੂੰ ਹਰ ਵਾਰੀ ਭੁੱਲਦੈਂ।

ਚੰਗਾ ਕੋਈ ਇਕ ਵੀ ਜਣਾ ਤੇਰੀ ਹਾਮੀ ਭਰ ਦੇਵੇ, ਉਹਦੀ ਹਾਮੀ 'ਤੇ ਮੈਂ ਤੈਨੂੰ ਛੱਡ ਦੇਵਾਂਗਾ।

ਕਹਿਣ ਲੱਗਿਆ, ਮਹਾਰਾਜ! ਇਥੇ ਤਾਂ ਕੋਈ ਹੈ ਨਹੀਂ। ਕਹਿੰਦੇ, ਪੰਜ ਤੱਤ ਹੈਗੇ ਤੇਰੇ ਨਾਲ। ਇਨ੍ਹਾਂ ਦੇ ਅਭਿਮਾਨੀ ਦੇਵਤਿਆਂ ਨੂੰ ਬੁਲਾ ਲੈ। ਮਿੱਟੀ ਨੂੰ ਬੁਲਾਇਆ, ਉਹ ਕਹਿੰਦੀ ਮੇਰਾ ਤੇਰਾ ਕੀ ਸਬੰਧ, ਮੈਂ ਤਾਂ ਤੇਰੇ ਕੱਪੜਿਆਂ 'ਤੇ ਉਡ ਕੇ ਥੋੜ੍ਹਾ ਜਿਹਾ ਪੈ ਗਈ, ਤੂੰ ਨੱਠਿਆ ਹੀ ਫਿਰੇਂਗਾ। ਮੈਨੂੰ ਤਾਂ ਪਸੰਦ ਹੀ ਨਹੀਂ ਕਰਨਾ ਤੂੰ।

ਅਗਨ ਦੇਵਤੇ ਨੂੰ ਬੁਲਾਇਆ, ਕਹਿਣ ਲੱਗਿਆ ਤੂੰ ਤੇਰੇ ਨਾਲ ਤਾਂ ਮੇਰਾ ਸਬੰਧ ਨੀਂ ਕੋਈ, ਮੈਂ ਤੇਰੇ ਨੇੜੇ ਆਵਾਂਗਾ ਤੂੰ ਜਲ ਜਾਨੈ। ਮੈਨੂੰ ਦੂਰ ਹੀ ਰੱਖਨੈ ਤੂੰ। ਪਵਨ ਨੂੰ ਬੁਲਾਇਆ, ਉਹਨੇ ਵੀ ਜਵਾਬ ਦੇ ਦਿਤਾ। ਅਕਾਸ਼ ਕਹਿਣ ਲੱਗਿਆ, ਮੇਰਾ ਤਾਂ ਵਜੂਦ ਹੀ ਕੋਈ ਨਹੀਂ ਤੂੰ ਮੇਰਾ ਕਿੱਥੋਂ ਕਹਿਣਾ ਮੰਨਣੈ। ਪਾਣੀ ਰਹਿ ਗਿਆ, ਪਾਣੀ ਕਹਿਣ ਲੱਗਿਆ, ਦੇਖ ਬਈ! ਤੇਰੀ ਜਮਾਨਤ ਨਹੀਂ ਦਿਤੀ ਜਾ ਸਕਦੀ ਕਿਉਂਕਿ ਤੂੰ ਝੂਠਾ ਹੈਂ, ਵਾਇਦਾ ਕਰਕੇ ਮੁਕਰਦੈਂ, ਸਾਨੂੰ ਸ਼ਰਮਿੰਦਾ ਨਾ ਕਰ। ਬਾਰ-ਬਾਰ ਬੇਨਤੀਆਂ ਕਰੀਆਂ, ਕਹਿਣ ਲੱਗਿਆ, ਮੈਨੂੰ ਤਰਸ ਆਉਂਦੈ ਤੇਰੀ ਬੇਵਸੀ 'ਤੇ। ਮੈਂ ਜਮਾਨਤ ਤਾਂ ਦੇ ਦਿੰਦਾ, ਪਰ ਸ਼ਰਤੀਆ ਹੋਏਗੀ। ਪੁੱਛ ਲੈ ਪ੍ਰਭੂ ਨੂੰ? ਫੇਰ ਬੇਨਤੀ ਕਰੀ ਕਿ ਹੇ ਪ੍ਰਭੂ! ਮੇਰੀ ਕੋਈ ਨਹੀਂ ਜਮਾਨਤ ਦੇਣ ਵਾਲਾ, ਸ਼ਰਤ ਨਾਲ ਲਾ ਕੇ ਜ਼ਮਾਨਤ ਦਿੰਦੇ ਨੇ।

ਕਹਿੰਦੇ, ਅੱਛਾ ਲਿਆਓ। ਪਵਨ ਦੇਵਤੇ ਨੂੰ ਹਾਜ਼ਰ ਕਰਿਆ, ਪ੍ਰਭੂ ਕਹਿੰਦੇ ਕਿਉਂ ਬਈ! ਇਹਦੀ ਜ਼ਮਾਨਤ ਦਿੰਦੈਂ?

ਕਹਿੰਦਾ, ਮਹਾਰਾਜ! ਇਹ ਹੈ ਤਾਂ ਬੇਇਤਬਾਰਾ, ਫੇਰ ਕਹਿੰਦੇ, ਤੂੰ ਕਿਉਂ ਫਸਦੈਂ?

ਕਹਿਣ ਲੱਗਿਆ, ਮਹਾਰਾਜ! ਮੈਂ ਸ਼ਰਤ ਰੱਖ ਕੇ ਜਵਾਬ ਦਿੰਦਾ, ਜਦੋਂ ਇਹ ਇਸ਼ਨਾਨ ਕਰਨ ਵਾਸਤੇ, ਮੱਘ ਭਰ ਕੇ ਸਰੀਰ 'ਤੇ ਪਾਏਗਾ, ਇਕ ਵਾਰੀ ਮੈਂ ਇਹਦੇ ਮੂੰਹ 'ਚੋਂ ਅੱਲਾਹ, ਰਾਮ, ਵਾਹਿਗੁਰੂ ਕਹਾ ਦੇਵਾਂਗਾ। ਅਗਾਂਹਾਂ ਇਹ ਜਾਣੇ ਇਹਦਾ ਕੰਮ ਜਾਣੇ।

ਕਹਿਣ ਲੱਗਿਆ, ਨਹੀਂ ਮਹਾਰਾਜ! ਮੈਂ ਤਾਂ ਹਮੇਸ਼ਾ ਹੀ ਨਾਮ ਜਪਾਂਗਾ।

ਮਹਾਰਾਜ ਕਹਿੰਦੇ ਦੇਖ! ਜੇ ਤੂੰ ਹਮੇਸ਼ਾ ਨਾਮ ਜਪੇਂ, 24 ਘੰਟੇ ਨਾਮ ਜਪੇਂ, 24 ਘੰਟੇ ਬੰਦਗੀ ਕਰਨ ਵਾਲਾ ਮੈਨੂੰ ਬਹੁਤ ਪਿਆਰਾ ਲਗਦੈ ਤੇ ਪਤਾ ਫੇਰ ਮੈਂ ਕੀ ਕਰਦਾਂ। ਮੈਂ ਆਪ ਉਹਦੇ ਸਾਰੇ ਕੰਮ ਕਰਦਾ ਫਿਰਦਾਂ। ਉਹਨੂੰ ਫੁਰਨਾ ਆ ਜਾਵੇ ਮਾੜਾ ਜਿਹਾ, ਮੈਂ ਹੀ ਕੰਮ ਕਰਦਾ ਫਿਰਾਂਗਾ ਸਾਰੇ। ਤੈਨੂੰ ਕੁਛ ਕਰਨ ਦੀ ਲੋੜ ਨਹੀਂ ਹੈ, ਸਾਰੇ ਕੰਮ ਤੇਰੇ ਮੈਂ ਆਪ ਕਰਾਂਗਾ -

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ ॥* *ਅੰਗ - ੬੩੮*

ਵਾਹਿਗੁਰੂ ਆਪ ਕੰਮ ਕਰਦੈ ਉਨ੍ਹਾਂ ਦੇ ਜਿਹੜੇ ਬੰਦਗੀ ਕਰਦੇ ਨੇ। ਕਹਿੰਦੇ, ਜੇ ਫੇਰ ਤੂੰ ਢਾਈ ਘੰਟੇ ਨਾਮ ਜਪ ਲਵੇਂ, 24 ਘੰਟੇ ਦਾ ਦਿਨ ਹੁੰਦੈ, 24 ਹਜ਼ਾਰ ਸਵਾਸ ਹੁੰਦੇ ਨੇ ਤੇ ਢਾਈ ਹਜ਼ਾਰ ਸਵਾਸ ਜੇ ਤੂੰ ਮੇਰੇ ਲੇਖੇ ਲਾ ਦੇਵੇਂ, ਦਸਵਾਂ ਹਿੱਸਾ ਤਾਂ ਮੈਂ ਤੈਨੂੰ ਉੱਤਮ ਪਦਵੀ ਦੇ ਦੇਵਾਂਗਾ, ਜੇ ਤੂੰ ਜ਼ਿੰਦਗੀ ਭਰ ਨਿਭਾ ਦੇਵੇਂ ਢਾਈ ਘੰਟੇ। ਮੈਨੂੰ ਓਹੀ ਪ੍ਰਵਾਨ ਹੈਂ ਤੂੰ।

ਬੜੇ ਵਾਇਦੇ ਕਰੇ ਕਿ ਮਹਾਰਾਜ ਮੈਂ ਤਾਂ 24 ਘੰਟੇ ਜਪਾਂਗਾ ਨਾਮ।

ਕਹਿੰਦੇ, 24? ਮਾੜਾ ਜਿਹਾ ਸੁਖਾਲਾ ਹੋਣ ਦੀ ਲੋੜ ਹੈ, ਤੂੰ ਉਸੇ ਵੇਲੇ ਭੁੱਲ ਜਾਣੈ। ਹੋਇਆ ਕੀ, ਪ੍ਰਮੇਸ਼ਰ ਨੇ ਕ੍ਰਿਪਾ ਕਰੀ, ਜਨਮ ਹੋ ਗਿਆ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*
*ਅੰਗ- ੯੨੧*

ਮਾਇਆ ਨੇ ਆਪਣਾ ਜਾਲ ਵਿਛਾ ਲਿਆ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਲਿਵ ਛੁਟਗੀ ਤ੍ਰਿਸ਼ਨਾ ਦਾ ਰੋਗ ਲਗਿਆ,*
*ਮਾਇਆ ਵਾਲਾ ਜਾਲ ਪੈ ਗਿਆ।*

ਲਿਵ ਟੁੱਟ ਗਈ ਤੇ ਤ੍ਰਿਸ਼ਨਾ ਦਾ ਰੋਗ ਲਗ ਗਿਆ। ਤ੍ਰਿਸ਼ਨਾ ਦੇ ਰੋਗ ਨੇ ਕੀ ਕਰਿਆ -

*ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥*
*ਅੰਗ- ੯੧੯*

ਗੁਰੂ ਮਹਾਰਾਜ ਗੁਰੂ ਨੌਵੇਂ ਪਾਤਸ਼ਾਹ ਦੇ ਪਾਸ ਬੇਨਤੀ ਕੀਤੀ ਸੰਗਤ ਨੇ ਕਿ ਸੱਚੇ ਪਾਤਸ਼ਾਹ! ਅਸੀਂ ਆਪ ਦੇ ਉਪਦੇਸ਼ ਸਾਰੇ ਸੁਣਦੇ ਹਾਂ। ਦੂਰ-ਦੂਰ ਤੋਂ ਚੱਲ ਕੇ ਆਉਂਦੇ ਹਾਂ। ਜਦੋਂ ਤਾਂ ਉਪਦੇਸ਼ ਸੁਣਦੇ ਹਾਂ ਉਸ ਵੇਲੇ ਤਾਂ ਜੀਅ ਕਰਦੈ ਕਿ ਅਸੀਂ ਹੁਣ ਨਾਮ ਜਪਣ ਤੋਂ ਹਟਣਾ ਹੀ ਨਹੀਂ ਹੈ।

ਸੱਚੇ ਪਾਤਸ਼ਾਹ! ਥੋੜ੍ਹੀ ਦੇਰ ਤੋਂ ਬਾਅਦ ਨਾ ਚਿੱਤ ਨਾ ਚੇਤੇ, ਭੁੱਲ ਜਾਂਦੈ ਰੱਬ। ਭੁੱਲ ਜਾਂਦੇ ਨੇ ਤੁਹਾਡੇ ਉਪਦੇਸ਼। ਕਾਰਨ ਕੀ ਹੈ?

ਮਹਾਰਾਜ ਕਹਿੰਦੇ, ਪਿਆਰਿਓ! ਕਾਰਨ ਤਾਂ ਸਿੱਧਾ ਹੀ ਹੈ। ਇਹਦੇ 'ਚ ਕੋਈ ਵੱਡੀ ਗੱਲ ਤਾਂ ਹੈ ਨਹੀਂ। ਕਾਰਨ ਇਹ ਹੈ ਕਿ ਇਹਨੂੰ ਇਹ ਨਹੀਂ ਪਤਾ ਕਿ ਮੈਂ ਸੰਸਾਰ ਤੋਂ ਚਲੇ ਜਾਣੈ। ਨਾ ਜਾਣਨ ਕਰਕੇ ਇਹ ਅਗਾਂਹਾਂ ਦਾ ਪਾਸਾ ਦੇਖਦਾ ਨਹੀਂ। ਉਥੇ ਹੀ ਫਸਿਆ ਪਿਐ। ਜਿਹੜੇ ਉਪਦੇਸ਼ ਨੇ, ਜਦੋਂ ਅਸੀਂ ਦਿੰਦੇ ਹਾਂ। ਕੰਨਾਂ ਨਾਲ ਸੁਣ ਲੈਂਦੈ ਤੇ ਹਿਰਦੇ ਵਿਚ ਧਾਰਨ ਨਹੀਂ ਕਰਦਾ। ਕਮਾਈ ਨਹੀਂ ਕਰਦਾ। ਕਿਉਂਕਿ ਇਹਦੇ ਮਨ ਵਿਚ ਪੱਕਾ ਵਿਸ਼ਵਾਸ਼ ਨਹੀਂ ਹੈ ਕਿ ਮੈਂ ਸੰਸਾਰ ਤੋਂ ਜਾਣੈ। ਜੇ ਪੱਕਾ ਵਿਸ਼ਵਾਸ਼ ਹੋਵੇ ਕਿ ਮੈਂ ਚਲਿਆ ਜਾਣੈ -

*ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥*
*ਅੰਗ- ੭੮੭*

ਉਹ ਕਿਉਂ ਝਗੜੇ ਪਾਉਣ ਲੋਕਾਂ ਦੇ ਨਾਲ, ਕਿਉਂ ਵਿਸਥਾਰ ਕਰਨ ਕਿ ਚਲੇ ਤਾਂ ਜਾਣੈ ਇਥੋਂ, ਉਹ ਕੰਮ ਕਰੀਏ ਜਿਹੜਾ ਸਾਡਾ ਅਗਾਂਹਾਂ ਜਾ ਕੇ ਸਹਾਈ ਬਣ ਜਾਵੇ-

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅੰਗ- ੨੬੪*

ਕਿਉਂਕਿ ਇਹ ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ ਆਇਐ। ਪ੍ਰਮੇਸ਼ਰ ਦਾ ਨਾਮ ਪਿਆਰਾ ਹੈ। ਨਾਮ ਜਪ ਕੇ ਇਹਦੇ ਬੰਧਨ ਕਟਦੇ ਨੇ। ਨਾਮ ਜਪਣ ਤੋਂ ਬਾਅਦ ਇਹ ਪ੍ਰਮੇਸ਼ਰ ਦੇ ਦਰ 'ਤੇ ਪ੍ਰਵਾਨ ਹੋ ਜਾਂਦੈ। ਐਨੇ ਫਾਇਦੇ ਹੁੰਦੇ ਹੋਏ ਵੀ ਇਸ ਗੱਲ ਦਾ ਅਸਰ ਇਸ ਉਪਰ ਤਾਂ ਨਹੀਂ ਹੁੰਦਾ ਪਿਆਰਿਓ ਕਿ ਇਹ ਸੰਸਾਰ ਵਿਚ ਕਹਿੰਦੈ ਕਿ ਮੈਂ ਤਾਂ ਰਹਿਣੈ ਬਾਕੀ ਸਾਰਿਆਂ ਨੇ ਇਥੋਂ ਚਲੇ ਜਾਣੈ-

*ਧਾਰਨਾ - ਨਹੀਂਓਂ ਮਰਣ ਪਛਾਣਦਾ,*
*ਝੂਠੇ ਲਾਲਚ ਲਗ ਕੇ ਬੰਦਾ।*

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*
*ਅੰਗ- ੭੨੬*

ਉਪਦੇਸ਼ ਦਿੰਦੇ ਨੇ ਕਿ ਪਿਆਰਿਆ! ਤੂੰ ਆਇਆ ਤਾਂ ਨਮ ਜਪਣ ਵਾਸਤੇ ਸੀ। ਮਾਤਾ ਦੇ ਪੇਟ ਵਿਚ ਤੂੰ ਵਾਇਦਾ ਕਰਿਆ ਸੀ ਲੇਕਿਨ ਹੋਇਆ ਕੀ -

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*
*ਅੰਗ- ੯੨੧*

*ਪਹਿਲੈ ਪਿਆਰਿ ਲਗਾ ਥਣ ਦੁਧਿ ॥*

*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥*
*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥ ਅੰਗ - ੧੩੭*

ਸੁਆਹ ਮੁੜ ਕੇ ਫੇਰ ਬਣ ਗਿਆ, ਲੇਕਿਨ ਇਨ੍ਹਾਂ ਚੀਜ਼ਾਂ ਦੇ ਵਿਚ ਫਸ ਗਿਆ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - ੨੬੭*

ਉਪਦੇਸ਼ ਹੁੰਦੈ ਕਿ- ***'ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥'*** ਦਿਨ ਰਾਤ ਲਗ ਕੇ ਵਾਹਿਗੁਰੂ ਨੂੰ ਯਾਦ ਕਰ ਲੈ। ***'ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥'*** ਜਿਵੇਂ ਫੁੱਟੇ ਹੋਏ ਘੜੇ 'ਚੋਂ ਪਾਣੀ ਮੁੱਕ ਜਾਂਦੈ। ਇਸ ਤਰ੍ਹਾਂ ਤੇਰੀ ਉਮਰ ਲੰਘਦੀ ਜਾ ਰਹੀ ਹੈ। ਫੇਰ ਮਹਾਰਾਜ ਕਹਿੰਦੇ, ***'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥'*** ਐਨਾ ਅਗਿਆਨੀ ਹੈਂ ਤੂੰ ਮੂਰਖ ਹੈਂ। ਉਹ ਪ੍ਰਮੇਸ਼ਰ ਦੇ ਗੁਣ ਜਿਨ੍ਹਾਂ ਨੇ ਜਾ ਕੇ ਦਰਗਾਹ 'ਚ ਸਹਾਇਤਾ ਕਰਨੀ ਹੈ, ਉਸ ਬਾਰੇ ਤੂੰ ਚੁੱਪ ਕਰਿਆ ਹੋਇਐਂ, ਗਲਤ ਗੱਲਾਂ ਕਰਨ ਵਾਸਤੇ ਤੂੰ ਮੂੰਹ ਖੋਲ੍ਹ ਲੈਂਨੈ। ਉਸ ਵੇਲੇ ਨਿੰਦਿਆ, ਚੁਗਲੀ, ਈਰਖਾ, ਬਖੀਲੀ ਦੀਆਂ ਗੱਲਾਂ ਕਰਨੀਆਂ ਹੋਣ, ਸਭ ਤੋਂ ਮੂਹਰੇ ਹੋ ਕੇ ਕਰੇਂਗਾ। ਜੇ ਸ਼ਬਦ ਪੜ੍ਹਨੈ ਤਾਂ ਕਹਿੰਦੇ, ਇਸ ਤਰ੍ਹਾਂ ਲੱਗੇਗਾ ਕਿ ਪਤਾ ਨਹੀਂ ਗੂੰਗਾ ਹੀ ਹੈ ਇਹ। ਮਹਾਰਾਜ ਫੇਰ ਕਹਿੰਦੇ - ***'ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥'*** ਝੂਠੇ ਲਾਲਚਾਂ 'ਚ ਪੈ ਗਿਆ, ਮੇਰਾ ਆਹ ਬਣ ਜਾਏ, ਮੇਰਾ ਆਹ ਬਣ ਜਾਏ। ਮੇਰੇ ਮੁੰਡੇ ਦਾ ਹੁਣ ਬਣ ਜਾਵੇ, ਮੇਰੇ ਪੋਤੇ ਦਾ ਬਣ ਜਾਵੇ। ਨਾ ਕਦੇ ਪੋਤੇ ਨੂੰ ਮਿਲਣੈ ਆ ਕੇ, ਨਾ ਮੁੰਡੇ ਨੂੰ ਮਿਲਣੈ। ਨਾ ਉਹ ਚੀਜ਼ਾਂ ਦੇਖਣੀਆਂ ਨੇ ਜਿਹੜੀਆਂ ਦੂਸਰੇ ਤੋਂ ਖੋਹ-ਖੋਹ ਕੇ, ਧੋਖੇ ਦੇ-ਦੇ ਕੇ ਬਣਾਈਆਂ ਨੇ। ਇਹਦੀ ਥਾਂ 'ਤੇ ਜੇ ਤੂੰ ਨਾਮ ਜਪ ਲੈਂਦਾ-

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥ ਅੰਗ- ੨੮੩*

ਸੰਤਾਂ ਦੀ ਸੰਗਤ 'ਚ ਆ ਕੇ ਨਾਮ ਦੀ ਕਮਾਈ ਕਰ,

*ਅਵਰ ਤਿਆਗਿ ਬਿਖਿਆ ਜੰਜਾਲ ॥ ਅੰਗ - ੨੮੩*

ਬਾਕੀ ਵਿਹੁ ਦੇ ਜਿੰਨੇ ਕੰਮ ਨੇ, ਵਿਹੁ ਦੇ ਭਰੇ ਹੋਏ, ਨਰਕਾਂ 'ਚ ਲਿਜਾਉਣ ਵਾਲੇ ਉਹ ਛੱਡ ਦੇ। ਜਦੋਂ ਜਾਏਂਗਾ ਸੰਸਾਰ ਤੋਂ ਇਥੇ ਵੀ ਧੰਨ-ਧੰਨ ਹੋਏਗੀ, ਦਰਗਾਹ 'ਚ ਵੀ ਧੰਨ-ਧੰਨ ਹੋਏਗੀ।

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*
*ਕਬੀਰ ਜਾ ਤੁ ਜਨਮਿਆ ਜਗਤ ਮਹਿ*
*ਜਗ ਹਸੈ ਤੂ ਰੋਇ।*
*ਐਸੀ ਕਰਨੀ ਕਰ ਚਲਹੁ ਪਿਆਰੇ*
*ਤੂੰ ਹਸਹਿ ਜਗ ਰੋਇ।*

ਸੋ ਇਸ ਤਰ੍ਹਾਂ ਨਾਮ ਜਪਣ ਵਾਸਤੇ ਆਏ ਸੀ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - ੧੨*

ਵਾਰੀ ਆ ਗਈ ਸੀ ਆਪਣੀ, ਹੁਣ ਵੀ ਵਾਰੀ ਹੈ। ਹੁਣ ਕਿਉਂ ਘਬਰਾਉਂਦੈ, ਅਜੇ ਸਮਾਂ ਹੈ ਤੇਰਾ। ਕਹਿੰਦਾ, ਮੈਂ ਤਾਂ ਹੋ ਗਿਆ ਜੀ 70 ਸਾਲ ਦਾ। ਕਹਿੰਦੇ, ਠੀਕ ਹੈ, ਗੱਲ ਔਖੀ ਬਹੁਤ ਹੈ। ਪਰ ਜੇ ਤੇਰਾ ਇਰਾਦਾ ਹੋ ਜਾਵੇ ਫੇਰ ਕੁਛ ਨੀਂ ਹੈ ਔਖੀ। ਕਿਉਂਕਿ ਔਖੀ ਤਾਂ ਹੈ groove ਪੈ ਗਏ, ਮੋਕਲੇ ਹੋ ਗਏ ਰਾਈਫਲ 'ਚ ਪਏ ਹੁੰਦੇ ਨੇ। ਖੂਹ 'ਚ ਪਏ ਹੁੰਦੇ ਨੇ ਗਰੂਵ, ਜਿਹਨੂੰ ਘਾਸਾ ਕਹਿੰਦੇ ਨੇ। ਪੁਰਾਣੇ ਜ਼ਮਾਨਿਆਂ 'ਚ ਡੋਲ ਖਿੱਚਦੇ ਹੁੰਦੇ ਸੀ, ਕਈ ਥਾਂ 'ਤੇ ਭੌਣੀਆਂ ਲਾਈਆਂ ਹੁੰਦੀਆਂ, ਕਈ ਕਾਹਲੇ ਬੰਦੇ, ਭੌਣੀ ਦੀ ਵਾਰੀ ਨਹੀਂ ਸੀ ਆਉਂਦੀ। ਉਹ ਖੂਹ ਦੀਆਂ ਜਿਹੜੀਆਂ ਇੱਟਾਂ ਹੁੰਦੀਆਂ, ਉਹਦੇ ਵਿਚ ਘਾਸੇ ਪਾ ਲੈਂਦੇ ਸੀ, ਇਹਨੂੰ ਗਰੂਵ ਕਹਿੰਦੇ ਨੇ। ਜੇ ਕੋਈ ਕਹੇ ਮੇਰੀ ਲੱਜ ਨਾ ਘਸ ਜਾਵੇ, ਉਪਰ ਉਹਦੇ ਕੱਢਣ ਲੱਗੇ, ਉਹ ਫੇਰ ਥੱਲੇ ਚਲੀ ਜਾਂਦੀ ਹੈ। ਇਹ ਤਾਂ ਹੈਗੀਆਂ ਗੱਲਾਂ, ਠੀਕ ਨੇ। ਕਿਉਂਕਿ -

*ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥*
*ਬਹੁਤੁ ਪਏ ਅਸਗਾਹ ........॥ ਅੰਗ - ੧੪੫*

ਮਨ ਦੀਆਂ ਮੱਤਾਂ ਖਿੰਡ ਗਈਆਂ, ਪਰਿਵਾਰ ਫੈਲ ਗਿਆ, ਕਿਧਰੇ ਧੀ ਹੈ, ਕਿਧਰੇ ਦੋਹਤੇ ਨੇ, ਦੋਹਤੀਆਂ ਨੇ, ਕਿਤੇ ਪੋਤੇ-ਪੋਤੀਆਂ ਨੇ, ਕਿਤੇ ਭਰਾ ਦੇ ਟੱਬਰ ਨੇ, ਕਿਤੇ ਰੌਲੇ ਪਏ ਹੋਏ ਨੇ ਜਾਇਦਾਦਾਂ ਦੇ, ਖਿੰਡ ਗਿਆ

ਬਹੁਤ ਜ਼ਿਆਦਾ। ਬਚਪਨ 'ਚ ਨਹੀਂ ਸੀ ਖਿੰਡਿਆ ਹੋਇਆ। ਕਿਸੇ ਚੀਜ਼ ਦੀ ਪਰਵਾਹ ਨਹੀਂ ਸੀ। ਕਹਿੰਦੇ-

*ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥*

*ਅੰਗ - ੧੪੫*

ਪਰ ਮਹਾਰਾਜ ਕਹਿੰਦੇ, ਜੇ ਤੂੰ ਇਰਾਦਾ ਕਰ ਲਵੇਂ ਨਾ, ਕਹਿ ਦੇਵੇਂ ਕਿ ਮੈਂ ਜਿਹੜੀਆਂ ਗਲਤੀਆਂ ਕਰ ਲਈਆਂ, ਜਿੰਨਾਂ ਭੁੱਲਣਾ ਸੀ ਭੁੱਲ ਗਿਆ, ਹੁਣ ਤਾਂ ਮੈਂ ਸਵਾਸ-ਸਵਾਸ ਨਾਮ ਜਪਣੈ। ਕਹਿੰਦੇ, ਫੇਰ ਹਾਲੇ ਵੀ ਕੁਛ ਨਹੀਂ ਵਿਗੜਿਆ। ***'ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥ ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ '***

ਗੁਰੂ ਅਮਰਦਾਸ ਮਹਾਰਾਜ ਕਿਹੜੇ ਸਮੇਂ ਆਏ ਸੀਗੇ ਸੰਗਤ 'ਚ? 71 ਸਾਲ ਦੇ ਹੋ ਚੁੱਕੇ ਸੀ। ਕਿੱਡੀ ਪਦਵੀ ਪ੍ਰਾਪਤ ਕਰੀ, ਸਤਿਗੁਰੂ ਬਣ ਗਏ, ਵਾਹਿਗੁਰੂ ਬਣ ਗਏ ਆਪ ਹੀ। ਸੋ ਮਹਾਰਾਜ ਕਹਿੰਦੇ, ਅਜੇ ਵਿਗੜਿਆ ਕੁਛ ਨਹੀਂ ਤੇਰਾ। ਆਖਰੀ ਸਵਾਸ ਤਾਈਂ ਨੀਂ ਵਿਗੜਿਆ।

ਕਹਿੰਦੇ, ਇਥੇ ਵੀ ਉਧਾਰ ਹੋ ਜਾਂਦੈ?

ਮਹਾਰਾਜ ਕਹਿੰਦੇ ਹਾਂ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ॥* *ਅਕਾਲ ਉਸਤਤ*

ਕਿੰਨੀ ਵੱਡੀ ਰਿਆਇਤ ਹੈ ਇਕ ਚਿੱਤ ਹੋ ਕੇ, ਇਕ ਮਨ ਹੋ ਕੇ ਜੇ ਧਿਆ ਲਵੇ ਵਾਹਿਗੁਰੂ ਨੂੰ ਕਹਿੰਦੇ ਉਹਦਾ ਨਤੀਜਾ ਕੀ ਹੁੰਦੈ - 'ਕਾਲ ਫਾਸ ਕੇ ਬੀਚ ਨ ਆਇਓ।' ਗਲ ਦੇ ਵਿਚ ਜਮਾਂ ਦੀ ਫਾਸੀ ਪਈ ਹੋਵੇ ਤੇ ਦੂਜੇ ਪਾਸੇ ਉਹਦੇ ਮੁਖ ਤੋਂ ਆ ਜਾਵੇ, ਵਾਹਿਗੁਰੂ, ਰਾਮ, ਅੱਲਾਹ, ਨਰਾਇਣ, ਗੋਬਿੰਦ, ਧਿਆਨ ਚਲਿਆ ਜਾਵੇ ਪ੍ਰਮੇਸ਼ਰ 'ਚ। ਹੁੰਦਾ ਕੀ ਹੈ? ਕਹਿੰਦੇ ਉਹ ਕੱਟ ਜਾਂਦੀ ਹੈ ਉਸੇ ਵੇਲੇ। ਜਮਦੂਤ ਖੜ੍ਹੇ ਹੀ ਝਾਕਦੇ ਨੇ। ਮਹਾਰਾਜ ਬੜੀਆਂ ਮਿਸਾਲਾਂ ਦਿੰਦੇ ਨੇ, ਅਜਾਮਲ ਦੀ ਵੀ ਦਿੰਦੇ ਨੇ -

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*

*ਅੰਗ - ੯੦੨*

ਸਾਰੀ ਜ਼ਿੰਦਗੀ ਪਾਪ ਕਰਦਾ ਰਿਹਾ, ਮਹਾਤਮਾ ਨੇ ਦਇਆ ਕਰਕੇ ਪੁੱਤਰ ਦਾ ਨਾਉਂ ਨਰਾਇਣ ਰਖ ਦਿਤਾ। ਕਹਿੰਦੇ, ਇਹਨੂੰ ਜ਼ਿਆਦਾ ਪਿਆਰ ਕਰੀਂ। ਪੜ੍ਹਿਆ ਹੋਇਆ ਬਹੁਤ ਸੀਗਾ, ਲੇਕਿਨ ਪਾਪਾਂ 'ਚ ਪ੍ਰਵਿਰਤ ਸੀ। ਨਾਸਤਕ ਸੀਗਾ। ਜਦੋਂ ਅੰਤ ਕਾਲ ਆਇਆ, ਜਮਦੂਤਾਂ ਨੂੰ ਦੇਖ ਕੇ ਡਰ ਗਿਆ -

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣ ਬੋਲੈ ਛਹਿਆ।*

*ਭਾਈ ਗੁਰਦਾਸ ਜੀ, ਵਾਰ ੧੦/੨੦*

ਹਾਕ ਤਾਂ ਮਾਰੀ ਸੀ ਪੁੱਤਰ ਨੂੰ -

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥* *ਅੰਗ- ੯੮੧*
*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥*

*ਅੰਗ - ੯੮੧*

ਪੁੱਤਰ ਨੂੰ ਅਵਾਜ਼ ਮਾਰਦੇ-ਮਾਰਦੇ ਰੱਬ ਵਲ ਨੂੰ ਸੁਰਤ ਚਲੀ ਗਈ। ਓਨੇ ਚਿਰ 'ਚ ਕੀ ਹੋਇਆ -

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥* *ਅੰਗ- ੯੮੧*

ਇਕ ਚੁਟਕੀ ਜਿੰਨਾਂ ਜਾਂ ਦੋ ਚੁਟਕੀਆਂ ਜਿੰਨਾਂ ਸਮਾਂ ਲਾ ਲਓ, ਐਨਾ ਟਾਈਮ ਉਹਦੀ ਰੱਬ ਵਲ ਨੂੰ ਚਲੀ ਗਈ ਸੁਰਤ। ਐਨੀ ਕੁ ਭਾਵਨੀ ਜਿਹੜੀ ਸੀ, ਰੱਬ ਨੇ ਕਿਹਾ ਕਿ ਮੈਨੂੰ ਹਾਕ ਮਾਰੀ ਹੈ। ਹੋਰ ਤਾਂ ਦੇਰ ਲਾ ਦਿੰਦੇ ਨੇ, ਨਾ ਭਾਈ ਪਹੁੰਚ ਸਕਣ, ਨਾ ਮਾਂ, ਨਾ ਪਿਓ, ਕੋਈ ਨਹੀਂ ਪਹੁੰਚ ਸਕਦਾ, ਨਾ ਰਾਜਾ ਪਹੁੰਚ ਸਕੇ। ਕਹਿੰਦੇ ਜੇ ਰੱਬ ਨੂੰ ਹਾਕ ਮਾਰ ਲਈ ਨਾ, ਕਸੂਤਾ ਫਸਿਆ ਹੋਵੇ ਬੰਦਾ, ਰੱਬ ਉਸੇ ਵੇਲੇ ਆ ਜਾਂਦੈ ਲਾਜ ਰੱਖਣ ਵਾਸਤੇ। ਪਰ ਉਹਨੂੰ ਹਾਕ ਨਹੀਂ ਕੋਈ ਮਾਰਦਾ।

ਦਰੋਪਤੀ ਘਿਰ ਜਾਂਦੀ ਹੈ, ਹੁਕਮ ਹੋ ਗਿਆ ਕਿ ਇਹਦੇ ਕੱਪੜੇ ਲਾਹ ਕੇ ਨਗਨ ਕਰ ਦਿਓ ਦਰਬਾਰ 'ਚ। ਬੜੀ ਮਾੜੀ ਸਜ਼ਾ ਹੈ। ਉਹਨੇ ਬੜੇ ਬਚਨ ਕਹੇ, ਕੋਈ ਨਾ ਮਦਦ ਕਰ ਸਕਿਆ -

*ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।*

*ਭਾਈ ਗੁਰਦਾਸ ਜੀ, ਵਾਰ ੧੦/੮*

ਉਹ ਵੀ ਕੁਛ ਨਾ ਕਰ ਸਕੇ। ਐਨੇ ਨੂੰ ਦੁਰਸ਼ਾਸਣ ਨੇ ਝਟਕਾ ਮਾਰਿਆ, ਅੱਧੀ ਧੋਤੀ ਲਹਿ ਗਈ, ਅੱਧੀ ਰਹਿ ਗਈ। ਲੇਕਿਨ ਹੋਇਆ ਕੀ -

*ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸ਼ਨ ਕਰੈ ਬਿਲਲਾਂਦੀ।*

*ਭਾਈ ਗੁਰਦਾਸ ਜੀ, ਵਾਰ ੧੦/੮*

ਇਕ ਵਾਰੀ ਚੀਕ ਮਾਰੀ, ਹੇ ਪ੍ਰਭੂ! ਹੁਣ ਨਹੀਂ ਮੇਰਾ ਕੋਈ। ਮਹਾਰਾਜ ਕਹਿੰਦੇ, ਹੋਇਆ ਪਤਾ ਕੀ ਫੇਰ?

*ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥*

*ਅੰਗ - ੧੦੦੮*

ਹੁਣ ਜ਼ਿੰਮੇਵਾਰੀ ਸੀ ਰੱਬ ਦੀ ਜਾਂ ਤਾਂ ਆਵਾਜ਼ ਮਾਰੀ 'ਤੇ ਆਉਂਦਾ ਜਾਂ ਫੇਰ ਨਾ ਆਉਂਦਾ। ਪਰ ਉਹਦਾ ਬਿਰਦ ਹੈ, ਜਿਹੜਾ ਉਹਨੂੰ ਯਾਦ ਕਰਦੈ, ਉਥੇ ਉਹ ਪਹੁੰਚਦਾ ਹੀ ਪਹੁੰਚਦੈ -

*ਹਾਥੀ ਕੀ ਪੁਕਾਰ ਪਲ ਪਾਛੈ ਪਹੁਚਤ ਤਾਹਿ*

*ਚੀਟੀ ਕੀ ਚਿੰਗਾਰ ਪਹਿਲੇ ਹੀ ਸੁਨੀਅਤੁ ਹੈਂ॥*

*ਅਕਾਲ ਉਸਤਤਿ*

ਹਾਥੀ ਤੇ ਕੀੜੀ ਹਾਕ ਮਾਰਨ ਰੱਬ ਨੂੰ, ਮਹਾਰਾਜ ਗੁਰੂ ਦਸਵੇਂ ਪਾਤਸ਼ਾਹ ਕਹਿੰਦੇ, ਕੀੜੀ ਦੀ ਪੁਕਾਰ ਪਹਿਲਾਂ ਸੁਣੇਗਾ, ਹਾਥੀ ਦੀ ਚਿੰਗਾੜ ਪਹਿਲਾਂ ਨਹੀਂ ਸੁਣੇਗਾ ਕਿਉਂਕਿ ਹਾਥੀ ਵਿਚ ਜ਼ੋਰ ਹੈ ਬਲ ਹੈ। ਕੀੜੀ ਦੇ ਵਿਚ ਕੁਛ ਵੀ ਨਹੀਂ, ਪੈਰ ਧਰਿਆ ਮਰ ਗਈ। ਇਹ ਤਾਂ ਕੁਛ ਮਾੜਾ ਮੋਟਾ ਸਮਾਂ ਕੱਟ ਹੀ ਜਾਏਗਾ। ਸੋ ਕਹਿੰਦੇ, ਉਹਨੇ ਸੁਣਨੀ ਹੀ ਸੁਣਨੀ ਹੈ ਜੇ ਕੋਈ ਅਵਾਜ਼ ਮਾਰੇ।

ਉਸ ਵੇਲੇ ਅੱਖਾਂ ਮੀਚ ਲਈਆਂ, ਧਿਆਨ ਧਰ ਲਿਆ ਪ੍ਰਮੇਸ਼ਰ ਦਾ ਕ੍ਰਿਸ਼ਨ ਮਹਾਰਾਜ ਦੇ ਰੂਪ 'ਚ ਤੇ ਆਵਾਜ਼ ਮਾਰ ਦਿਤੀ। ਕੀ ਹੋਇਆ ਫੇਰ? ਉਹ ਝਟਕੇ ਮਾਰੀ ਜਾਂਦੈ, ਕੱਪੜਾ ਓਧਰੋਂ ਹੋਰ ਆ ਜਾਂਦੈ। ਗੁਰੂ ਮਹਾਰਾਜ ਨੇ ਲਿਖਿਆ ਹੈ ਕਿ ਸੱਤ ਦਿਨ, ਸੱਤ ਰਾਤਾਂ ਦੋਵੇਂ ਭਰਾ ਲੱਗੇ ਰਹੇ, ਵਾਰੀ-ਵਾਰੀ ਕੱਪੜਾ ਖਿੱਚਣ। ਦੂਤ ਲਾਏ, ਥੱਕ ਗਏ ਸਾਰੇ। ਲੇਕਿਨ ਉਹ ਕੱਪੜਾ ਲਾਹ ਹੀ ਨਾ ਸਕੇ। ਕਿਲਾ ਬਣ ਗਿਆ ਕੱਪੜਿਆਂ ਦਾ -

*ਕਪੜੁ ਕੋਟਿ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।*

*ਭਾਈ ਗੁਰਦਾਸ ਜੀ, ਵਾਰ ੧੦/੮*

ਐਡੇ ਢੀਠ ਕਿ ਰੱਬ ਦੀ ਰਜ਼ਾ ਨੂੰ ਨਾ ਮੰਨੇ। ਖਿੱਚੀ ਜਾਂਦੇ ਨੇ, ਅਖੀਰ ਦੋਵੇਂ ਭਰਾ ਬੇਹੋਸ਼ ਹੋ ਕੇ ਗਿਰ ਗਏ।

*ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਹ ਜਾਂਦੀ।*
*ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੀ ਸ਼ਰਮਾਂਦੀ।*
*ਨਾਥ ਅਨਾਥਾਂ ਬਾਣਿ ਧੁਰਾਂਦੀ।*

*ਭਾਈ ਗੁਰਦਾਸ ਜੀ ਵਾਰ, ੧੦/੮*

ਘਰ ਆਈ, ਕ੍ਰਿਸ਼ਨ ਮਹਾਰਾਜ ਮਿਲੇ। ਕਹਿਣ ਲੱਗੀ, ਮਹਾਰਾਜ! ਪੈਜ ਰਹਿ ਗਈ। ਨਾਲ ਉਲਾਂਭਾ ਦੇ ਦਿਤਾ। ਕਹਿਣ ਲੱਗੀ, ਤੁਸੀਂ ਵੀ ਬੜੀ ਦੇਰ ਬਾਅਦ ਬਹੁੜੇ ਹੋਂ। ਉਹ ਕਹਿੰਦੇ ਦਰੋਪਤੀ ਯਾਦ ਕਰ, ਮੈਂ ਤਾਂ ਕੱਪੜੇ ਲਈਂ ਖੜ੍ਹਾ ਸੀ ਕਿ ਕੀ ਪਤੈ ਮੈਨੂੰ ਨਾ ਕਿਤੇ ਆਵਾਜ਼ ਮਾਰ ਬੈਠੇ। ਦੇਰ ਨਾ ਹੋ ਜਾਵੇ ਕਿਤੇ ਪੱਤ ਲਹਿ ਜਾਵੇ ਸਭਾ ਦੇ ਵਿਚ। ਮੈਂ ਤਾਂ ਪਹਿਲਾਂ ਹੀ ਕੱਪੜੇ ਲਈਂ ਖੜ੍ਹਾ ਸੀ। ਤੂੰ ਆਵਾਜ਼ ਮਾਰੀ, ਕੱਪੜੇ ਆਉਣੇ ਸ਼ੁਰੂ ਹੋ ਗਏ। ਸੋ ਕਹਿੰਦੇ - 'ਨਾਥ ਅਨਾਥਾਂ ਬਾਣਿ ਧੁਰਾਂਦੀ।'

ਇਹ ਤਾਂ ਧੁਰ ਦੀ ਬਾਣ ਹੈ, ਜਿਹਦਾ ਕੋਈ ਨਾ ਹੋਵੇ, ਉਹਦਾ ਵਾਹਿਗੁਰੂ ਹੋਇਆ ਕਰਦੈ। ਸੋ ਇਹ ਅਜਾਮਲ ਨੇ ਆਵਾਜ਼ ਮਾਰ ਦਿਤੀ। ਕਿਹਾ ਤਾਂ ਪੁੱਤਰ ਨੂੰ, ਲੇਕਿਨ ਅੱਧੀ ਆਵਾਜ਼ ਰੱਬ ਨੂੰ ਚਲੀ ਗਈ, ਪੁੱਤ ਨੂੰ ਮਾਰੀ ਹੋਈ ਆਵਾਜ਼। ਹੋਇਆ ਕੀ? -

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥* *ਅੰਗ- ੯੮੧*

ਐਨੀ ਅੱਧੀ ਅਵਾਜ਼ ਦੀ ਭਾਵਨੀ ਉਹਦੀ ਰੱਬ ਨੇ ਮੰਨ ਲਈ। ਉਸੇ ਵੇਲੇ ਜਮਗਣ ਨਠਾ ਦਿਤੇ, ਦੇਵਗਣ ਭੇਜ ਦਿਤੇ। ਸਾਰੀ ਦੁਨੀਆਂ 'ਚ ਰੌਲਾ ਪੈ ਗਿਆ। ਕਹਿਣ ਲੱਗੇ, ਮਹਾਰਾਜ! ਇਹ ਕੀ ਇਨਸਾਫ ਹੋਇਆ, ਸਾਰੀ ਜ਼ਿੰਦਗੀ ਦਾ ਪਾਪੀ ਤੇ ਤੁਸੀਂ ਇਹਦਾ ਉਧਾਰ ਕਰ ਦਿਤਾ। ਕਹਿੰਦੇ ਇਹਨੇ ਆਵਾਜ਼ ਮਾਰੀ ਸੀ ਦਿਲ ਨਾਲ। ਮਾਰੀ ਤਾਂ ਪੁੱਤਰ ਨੂੰ ਸੀ ਪਰ ਧਿਆਨ ਮੇਰੇ ਵਲ ਚਲਿਆ ਗਿਆ ਪੁੱਤਰ ਨੂੰ ਮਾਰਦੇ-ਮਾਰਦੇ ਅਵਾਜ਼। ਜਿਹੜਾ ਮੈਨੂੰ ਇਕ ਵਾਰੀ ਵੀ ਯਾਦ ਕਰ ਲਏ, ਉਹਦੇ ਮੈਂ ਕਸ਼ਟ ਨਿਵਾਰ ਦਿੰਨਾਂ, ਇਹ ਮੇਰਾ ਫਰਜ਼ ਹੋਇਆ ਕਰਦੈ -

*ਧਾਰਨਾ - ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ,*
*ਸਤਿਨਾਮੁ ਬੋਲ ਵਾਹਿਗੁਰੂ।*

ਇਕ ਚਿਤ ਹੋ ਕੇ, ਇਕ ਚੁਟਕੀ ਜਿੰਨੇ ਟਾਈਮ ਦੇ ਵਿਚ ਜੇ ਰੱਬ ਵੱਲ ਧਿਆਨ ਜਾਵੇ ਤਾਂ ਚੌਰਾਸੀ ਦੇ ਗੇੜੇ ਹੀ ਕੱਟ ਜਾਂਦੇ ਨੇ।

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥*

*ਅੰਗ - ੯੦੨*

ਸੋ ਮਹਾਰਾਜ ਕਹਿੰਦੇ, ਕਿਉਂ ਦਿਲ ਛੱਡ ਦਿਤਾ ਤੂੰ ਪਿਆਰਿਆ - 'ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥ ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ ' ਭਜਨ ਕਰ, ਜਿਹਦੇ ਵਾਸਤੇ ਤੂੰ ਸੰਸਾਰ 'ਤੇ ਆਇਆ ਸੀ ਤੇ ਤੈਨੂੰ ਬੜੀ ਮੁਸ਼ਕਲ ਦੇ ਨਾਲ ਮਾਨਸ ਜਨਮ ਮਿਲਿਆ ਸੀ। ਆਪਾਂ ਬੇਨਤੀ ਕਰੀ ਸੀ ਹੇ ਪ੍ਰਭੂ! ਜਨਮ ਲੇਖੇ 'ਚ ਲਾ ਲਓ। ਇਹ ਜਨਮ ਅਸੀਂ ਤੇਰੇ ਲੇਖੇ ਦਿੰਦੇ ਹਾਂ, ਬੜੇ ਜਨਮ ਹਾਰ ਗਏ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*

*ਅੰਗ - ੬੩੧*

ਸੋ ਕਹਿੰਦੇ, ਜੇ ਤੂੰ ਹੁਣ ਵੀ ਧਿਆਨ ਦੇਵੇਂ ਤਾਂ ਵੀ ਤੇਰਾ ਕੁਛ ਨਹੀਂ ਵਿਗੜਿਆ। ਅਜੇ ਤਾਂ ਬਥੇਰੇ ਸਵਾਸ ਬਚਦੇ ਨੇ। ਇਨ੍ਹਾਂ ਦੇ ਵਿਚ ਤੂੰ ਧਿਆਨ ਦੇ ਪ੍ਰਮੇਸ਼ਰ ਦਾ। ਦੇਖ, ਇਸ ਜਨਮ ਦਾ ਮੁੱਲ ਨਾ ਕਰੋੜਾਂ ਹੈ, ਨਾ ਅਰਬਾਂ ਹੈ, ਨਾ ਖਰਬਾਂ, ਕੋਈ ਮੁੱਲ ਨਹੀਂ ਇਸਦਾ, ਇਹਦਾ ਪੂਰਾ ਫਾਇਦਾ ਉਠਾ। ਸਤਿਸੰਗ ਕਰ, ਬਹੁਤ ਵੱਡਾ ਤੈਨੂੰ ਫਲ ਪ੍ਰਾਪਤ ਹੋਏਗਾ। ਸੇਵਾ ਕਰ, ਜੇ ਸੇਵਾ ਨਹੀਂ ਕਰਦਾ -

*ਵਿਣੁ ਸੇਵਾ ਧ੍ਰਿਗ ਹਥ ਪੈਰ ਨਿਹਫਲ ਕਰਣੀ।*

*ਭਾਈ ਗੁਰਦਾਸ ਜੀ, ਵਾਰ ੨੭/੧੦*

ਧਿਰਕਾਰ ਹੈ ਤੇਰੇ ਹੱਥਾਂ ਨੂੰ, ਧਿਰਕਾਰ ਹੈ ਪੈਰਾਂ

ਨੂੰ। ਸੌ ਵਾਰੀ ਫਿੱਟੇ ਮੂੰਹ, ਕਿਉਂ ਮਹਾਰਾਜ ਨੇ ਐਹੋ ਜਿਹੀ ਸਖਤ ਗੱਲ ਕਹਿ ਦਿਤੀ। ਕਹਿੰਦੇ, ਜੇ ਸੇਵਾ ਕਰੇਂਗਾ ਨਾ ਦਰਗਾਹ 'ਚ ਤੈਨੂੰ ਵਾਸਾ ਮਿਲ ਜੂ। ਤੂੰ ਇਥੇ ਸੇਵਾ ਕਰ ਪ੍ਰਮੇਸ਼ਰ ਦੇ ਨਮਿਤ, ਤੇਰੀ ਸੇਵਾ ਦੇਵੀ ਦੇਵਤੇ ਸਭ ਕਰਨਗੇ। ਸੋ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ- ੨੬*

ਸੇਵਾ ਤੇ ਸਿਮਰਨ ਦੋ ਚੀਜ਼ਾਂ ਨੇ। ਸਿਮਰਨ ਪ੍ਰਮੇਸ਼ਰ ਨੂੰ ਯਾਦ ਕਰਨਾ, ਸੇਵਾ ਹੈ ਨਿਸ਼ਕਾਮ ਸੇਵਾ ਕਰਨੀ। ਇਹਦੇ ਵਿਚ ਬਹੁਤ ਵੱਡਾ sphere ਹੈ, ਦਾਇਰਾ ਹੈ ਜਿੱਥੇ ਆਦਮੀ ਦਾ ਕੋਈ ਆਪਣਾ ਹਿਤ ਨਾ ਹੋਵੇ, ਉਥੇ ਸੇਵਾ ਕਰਦੈ। ਉਹ ਸੇਵਾ ਪ੍ਰਵਾਨ ਹੋਇਆ ਕਰਦੀ ਹੈ। ਜਿਹੜਾ ਦਿਖਾ ਕੇ ਸੇਵਾ ਕਰਦੈ, ਹਉਮੈ 'ਚ ਕਰਦੈ, ਉਹ ਪ੍ਰਵਾਨ ਨਹੀਂ ਹੋਇਆ ਕਰਦੀ।

ਸੋ ਤੁਸੀਂ ਪਹਿਲੇ ਦਿਨ ਤੋਂ ਹੀ ਬਹੁਤ ਸੇਵਾ ਕਰਨ ਲੱਗੇ ਹੋਏ ਹੋਂ। ਮਹਾਰਾਜ ਨੇ ਕੋਈ ਐਸੀ ਕ੍ਰਿਪਾ ਕਰ ਦਿਤੀ, ਬੇਅੰਤ ਸਤਿਸੰਗ ਹੋਏ, ਗਿਣਤੀ ਹਜ਼ਾਰਾਂ 'ਚ ਜਾ ਪਹੁੰਚੀ। ਆਪ ਨੇ ਵੀ ਹਜ਼ਾਰਾਂ ਸਤਿਸੰਗ ਸੁਣ ਲਏ। ਉਹਦਾ ਫਲ ਕੀ ਹੋਇਆ, ਪ੍ਰਮੇਸ਼ਰ ਨੇ ਸੇਵਾ ਕਰਨ ਲਾ ਦਿਤਾ ਤੁਹਾਨੂੰ। ਕਿਉਂਕਿ ਸੇਵਾ ਕਰਨੀ ਕਰਾਉਣੀ ਕਿਸੇ ਦੇ ਹੱਥ ਵਿਚ ਨਹੀਂ ਹੁੰਦੀ। ਕਹਿੰਦੇ -

*ਸੋ ਸੇਵਕੁ ਜੋ ਲਾਇਆ ਸੇਵ ॥* *ਅੰਗ- ੧੧੫੯*

ਸੇਵਕ ਓਹੀ ਹੈ ਜਿਹਨੂੰ ਸੇਵਾ ਕਰਨ ਲਾ ਦੇਵੇ। ਮਿਲਦਾ ਕੀ ਹੈ? -

*ਤਿਨ ਹੀ ਪਾਏ ਨਿਰੰਜਨ ਦੇਵ ॥* *ਅੰਗ- ੧੧੫੯*

ਜਿਹੜਾ ਰੱਬ ਪੁੱਠੇ ਲਟਕ-ਲਟਕ ਨਹੀਂ ਮਿਲਦਾ ਸੇਵਾ ਕਰਨ ਨਾਲ ਮਿਲ ਜਾਂਦੈ।

ਇਕ ਕਹਾਣੀ ਆਉਂਦੀ ਹੈ ਇਸਲਾਮ ਦੇ ਇਤਿਹਾਸ 'ਚ ਕਿ ਇਕ ਆਦਮੀ ਉਹਦਾ ਨਾਉਂ ਅਬੂ-ਬਿਨ-ਆਦਮ ਸੀ। ਉਹ ਸੇਵਾ ਕਰਿਆ ਕਰਦਾ ਸੀ। ਪ੍ਰਮੇਸ਼ਰ ਨੂੰ ਯਾਦ ਰੱਖਦਾ ਸੀ, ਨਮਾਜ਼ ਵਗੈਰਾ ਘੱਟ ਪੜ੍ਹਦਾ ਸੀ, ਮਸਜਿਦ 'ਚ ਵੀ ਘੱਟ ਜਾਂਦਾ ਸੀ। ਇਕ ਵਾਰੀ ਹੁਕਮ ਦਿਤਾ ਅੱਲਾਹ ਨੇ ਕਿ ਜਾਹ, ਦੁਨੀਆਂ 'ਚ ਜਾ ਕੇ ਲਿਸਟ ਬਣਾ ਕੇ ਲਿਆ ਜਿਹੜੇ ਮੇਰਾ ਨਾਮ ਜਪਦੇ ਨੇ, ਜਿਨ੍ਹਾਂ ਨੇ ਖਾ-ਪੀ ਕੇ ਹਰਾਮ ਨਹੀਂ ਕੀਤਾ ਤੇ ਉਹ ਪ੍ਰਮੇਸ਼ਰ ਨੂੰ ਯਾਦ ਰਖਦੇ ਨੇ। ਲਿਸਟ ਬਣਾਉਣ ਆ ਗਿਆ। ਕੋਈ ਕਹੇ ਕਿ ਮੈਂ ਸਾਰਾ ਦਿਨ ਕੁਰਾਨ ਸ਼ਰੀਫ ਪੜ੍ਹਦਾ, ਕੋਈ ਕਹੇ ਕਿ ਮੈਂ ਸਾਰਾ ਦਿਨ ਜ਼ਕਾਤ ਕਰਦਾਂ, ਮੈਂ ਨਮਾਜ਼ਾਂ ਪੜ੍ਹਦਾਂ। ਇਕ ਬੰਦਾ ਇਹਦੇ ਕੋਲ ਆ ਗਿਆ, ਕਹਿਣ ਲੱਗਿਆ ਕਿ ਮੈਂ ਲਿਸਟ ਬਣਾਉਂਦਾ, ਤੂੰ ਵੀ ਦਸਦੇ ਤੂੰ ਕੀ ਕਰਦੈਂ। ਉਹ ਕਹਿਣ ਲੱਗਿਆ ਕਿ ਮੈਂ ਨਮਾਜ਼ਾਂ ਵਗੈਰਾ ਪੜ੍ਹਨ 'ਚ ਤਾਂ ਕੱਚਾ ਹੀ ਹਾਂ, ਮਸਜਿਦ ਵਿਚ ਵੀ ਘੱਟ ਜਾਂਦਾ, ਰੋਜ਼ੇ ਵੀ ਨਹੀਂ ਰੱਖਦਾ। ਉਹ ਕਹਿੰਦਾ ਕਿਉਂ?

ਇਹ ਕਹਿਣ ਲੱਗਿਆ ਕਿ ਕਿਉਂਕਿ ਮੈਨੂੰ ਵਿਹਲ ਨਹੀਂ ਹੈ ਸੇਵਾ 'ਚੋਂ। ਮੈਂ ਬਨੀ ਨਾਉਂ ਇਨਸਾਨ ਹੈ ਜਿਹੜਾ ਇਹਨੂੰ ਰੱਬ ਦਾ ਰੂਪ ਸਮਝ ਕੇ ਇਹਦੀ ਸੇਵਾ ਕਰਦਾਂ। ਇਹਦੇ ਵਾਸਤੇ ਮੈਂ ਲੱਗਿਆ ਰਹਿੰਦਾਂ, ਕਿਤੇ ਮੈਂ ਸਰ੍ਹਾਵਾਂ ਬਣਾ ਰਿਹਾਂ, ਕਿਤੇ ਮੈਂ ਮਦਰੱਸੇ ਬਣਾ ਰਿਹਾਂ, ਕਿਤੇ ਮੈਂ ਹਸਪਤਾਲ ਬਣਾ ਰਿਹਾਂ, ਕਿਤੇ ਮੈਂ ਰਸਤੇ ਸਾਫ ਕਰ ਰਿਹਾਂ, ਕਹਿੰਦੇ ਮੈਨੂੰ ਤਾਂ ਇਹਦੇ ਵਿਚੋਂ ਹੀ ਵਿਹਲ ਨਹੀਂ ਹੈਗਾ।

ਉਹ ਕਹਿੰਦਾ, ਤੂੰ ਬੜਾ ਮਾੜਾ ਆਦਮੀ ਹੈਂ, ਤੇਰਾ ਨਾਉਂ ਤਾਂ ਲਿਖਣਾ ਹੀ ਨਹੀਂ ਚਾਹੀਦਾ।

ਉਹ ਕਹਿੰਦਾ, ਜੇ ਲਿਖਣੈ ਤਾਂ ਜਿੱਥੇ ਕਾਗਜ਼ ਤੇਰਾ ਮੁੱਕਦੈ ਉਥੇ ਲਿਖ ਦੇ। ਉਹ ਜਦੋਂ ਦੂਜੇ ਦਿਨ ਫਰਿਸ਼ਤਾ ਆਇਆ, ਬੜਾ ਹੀ ਖੁਸ਼।

ਕਹਿੰਦੇ ਕੀ ਗੱਲ? ਬਈ ਐਨਾ ਖੁਸ਼ ਹੈਂ?

ਕਹਿੰਦਾ, ਮੈਂ ਤਾਂ ਤੈਨੂੰ ਮੁਬਾਰਕਬਾਦ ਦੇਣ ਆਇਆਂ ਕਿ ਰੱਬ ਨੇ ਤੇਰਾ ਨਾਉਂ ਸਾਰਿਆਂ ਤੋਂ ਉਤੇ ਕਰ ਦਿਤਾ ਕਿਉਂਕਿ ਤੇਰਾ ਜੀਵਨ ਪ੍ਰਮੇਸ਼ਰਮਈ ਹੈ। ਪ੍ਰਮੇਸ਼ਰ ਨੂੰ ਸੇਵਾ ਭਾਉਂਦੀ ਹੈ, ਦੂਜਿਆਂ ਦੀ ਕੀਤੀ ਹੋਈ। ਤੂੰ ਪ੍ਰਮੇਸ਼ਰ ਨੂੰ ਯਾਦ ਰੱਖਦੈਂ। ਉਹ ਅੱਖਰਾਂ ਦੇ ਵਿਚ ਬੰਨ੍ਹਿਆ ਹੋਇਆ ਨਹੀਂ ਹੈ ਕਿ ਅੱਖਰ ਪੜ੍ਹੇ ਤਾਂ ਨਮਾਜ਼ ਬਣਦੀ ਹੈ। ਅੱਖਰ ਪੜ੍ਹੇ ਤਾਂ ਗਾਇਤ੍ਰੀ ਬਣਦੀ ਹੈ। ਉਹ ਦਿਲ ਦੀ ਸੂਈ ਦੇਖਦੈ ਕਿ ਕਿਧਰਲੇ ਪਾਸੇ ਹੈ। ਤੇਰੀ ਸੂਈ ਹਰ ਵਕਤ ਰੱਬ ਨਾਲ ਜੁੜੀ ਰਹਿੰਦੀ ਹੈ, ਨਾਲ ਤੂੰ ਰੱਬ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸੇਵਾ ਕਰਦੈਂ।

ਇਸ ਕਰਕੇ ਗੁਰੂ ਘਰ ਦੇ ਅੰਦਰ ਸੇਵਾ ਤੇ ਸਿਮਰਨ ਦੋ ਚੀਜ਼ਾਂ ਬਹੁਤ ਵੱਡੀਆਂ ਗਿਣੀਆਂ ਗਈਆਂ ਨੇ। ਸੇਵਾ ਤੋਂ ਹੀਣ ਜਿਹੜਾ ਪੁਰਸ਼ ਹੈ, ਕਿੰਨਾ ਹੀ ਸੋਹਣਾ ਹੋਵੇ, ਕਿੰਨਾ ਹੀ ਪੈਸੇ ਵਾਲਾ ਹੋਵੇ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ- ੨੫੩*

ਪ੍ਰੀਤ ਬਿਨਾਂ ਸੇਵਾ ਨਹੀਂ ਹੁੰਦੀ। ਸੋ ਇਸ ਕਰਕੇ ਮਾਨਸ ਜਨਮ ਆਪਾਂ ਨੂੰ ਪ੍ਰਾਪਤ ਹੋਇਐ, ਲੇਖੇ 'ਚ ਲਗ ਜਾਵੇ ਕਿਤੇ ਐਵੇਂ ਹੀ ਨਾ ਲੰਘ ਜਾਵੇ -

*ਧਾਰਨਾ - ਤੇਰਾ ਜਨਮ ਅਮੋਲ*
*ਦੇਖੀਂ ਹਾਰ ਜਾਈਂ ਨਾ।*
*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥*

*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥* *ਅੰਗ- ੧੩੬੬*

ਇਸ ਜਨਮ ਦੇ ਅੰਦਰ ਸਤਿਸੰਗ ਕਰ, ਨਾਮ ਜਪ, ਸੇਵਾ ਕਰ, ਇਹਦਾ ਫਲ ਤੈਨੂੰ ਮਨੁੱਖ ਜਨਮ ਫੇਰ ਪ੍ਰਾਪਤ ਹੋ ਜਾਏਗਾ। ਫੇਰ ਜਿਹੜੀ ਕਮੀ ਹੈ ਫੇਰ ਦੂਰ ਕਰ ਲੈ। ਜਿੰਨੀ ਦੇਰ ਤੱਕ ਪਾਰ ਲੰਘਦਾ ਨਹੀਂ ਆਦਮੀ, ਪ੍ਰਮੇਸ਼ਰ ਬਾਰ-ਬਾਰ ਉਹਨੂੰ ਜਨਮ ਦਿੰਦੈ। ਜਿਹੜਾ ਲਗ ਗਿਆ ਇਕ ਵਾਰੀ ਉਹ ਜੇ ਪੂਰਾ ਨਾ ਹੋਵੇ, ਯੋਗ ਭ੍ਰਿਸ਼ਟ ਕਹਾਉਂਦੈ। ਜੇ ਤਾਂ ਉਹਦੇ ਮਨ ਵਿਚ ਆ ਜਾਵੇ ਕਿ ਜਿੰਨਾਂ ਕੁਛ ਮੈਂ ਕਰਿਐ ਮੈਨੂੰ ਇਹਦਾ ਫਲ ਮਿਲ ਜਾਵੇ, ਫੇਰ ਤਾਂ ਬਹੁਤ ਉਚੇ ਸਵਰਗ 'ਚ ਚਲਿਆ ਜਾਂਦੈ। ਜਿਹਦਾ ਨਾਉਂ ਹੈ ਬ੍ਰਹਮ ਲੋਕ। ਉਥੇ ਖਰਬਾਂ-ਖਰਬਾਂ ਗੁਣਾਂ ਸੁਖ ਇਥੋਂ ਦੇ ਬਾਦਸ਼ਾਹ ਨਾਲੋਂ ਹੁੰਦੈ। ਉਸ ਤੋਂ ਬਾਅਦ ਜਦੋਂ ਲੱਖ-ਦੋ ਲੱਖ ਸਾਲ ਉਥੇ ਰਹਿ ਲਿਆ, ਉਹ ਜਿਹੜਾ ਤਪ ਕੀਤੈ, ਭਜਨ ਕਰਿਐ, ਉਹਦਾ ਫਲ ਥੋੜ੍ਹਾ ਰਹਿ ਜਾਂਦੈ, ਉਹਨੂੰ ਮੁੜ ਕੇ ਫੇਰ ਮਨੁੱਖ ਬਣਾ ਦਿੰਦੇ ਨੇ, ਬਣਾਉਂਦੇ ਇਸ ਵਿਉਂਤ ਨਾਲ ਨੇ ਕਿ ਉਹਨੂੰ ਗੁਰੂ ਵੀ ਮਿਲ ਜਾਵੇ ਤੇ ਸੰਤ ਵੀ ਮਿਲ ਜਾਵੇ। ਕਿਉਂਕਿ ਪਹਿਲਾਂ ਕਰਦਾ ਗਿਐ। ਜੇ ਉਹਦੇ ਮਨ ਵਿਚ ਆ ਜਾਵੇ ਕਿ ਬਣਿਆ ਕੁਛ ਨਹੀਂ ਹੈ ਤੇ ਮੁੜ ਕੇ ਆ ਕੇ ਬਣਾਈਏ, ਫੇਰ ਉਹਨੂੰ ਬਹੁਤ ਉੱਚੇ ਥਾਂ ਜਨਮ ਮਿਲਦੈ, ਜਿੱਥੇ ਪੂਰਨ ਮਹਾਤਮਾ ਦਾ ਮਿਲਾਪ ਹੋ ਜਾਵੇ ਤੇ ਉਹਦੇ ਮਿਲਾਪ ਨਾਲ ਫੇਰ ਉਹ ਲੰਘ ਜਾਇਆ ਕਰਦੈ। ਇਕ ਜਨਮ ਲਗ ਜਾਏ, ਦੋ ਲਗ ਜਾਣ, ਦਸ ਲਗ ਜਾਣ, ਇਹ ਤਾਂ ਆਪਾਂ ਜਿਵੇਂ ਸੌਂ ਜਾਂਦੇ ਹਾਂ, ਫੇਰ ਉੱਠ ਖੜ੍ਹਦੇ ਹਾਂ, ਇਹ ਜਨਮ ਇਵੇਂ-ਜਿਵੇਂ ਹੁੰਦੈ। ਸੌਂ ਗਏ, ਸੌਂ ਕੇ ਉਠ ਗਏ, ਫੇਰ ਉਹੀ ਕੰਮ ਲਗ ਗਏ।

ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ) ਕੋਲ ਦੋ ਪ੍ਰੇਮੀ ਆਏ, ਇਕ ਤਾਂ ਸੁਖਦੇਵ ਸਿੰਘ ਹੈ ਅਲਹੋਰਾਂ ਦਾ, ਇਕ ਜਸਵੰਤ ਸਿੰਘ ਹੈ। ਇਹ ਜਦੋਂ ਪਹਿਲੇ ਰਾੜਾ ਸਾਹਿਬ ਅਸੀਂ ਜਾਂਦੇ ਸੀ। ਇਹ ਇੱਕੋ ਕਮਰੇ 'ਚ ਦੋਵੇਂ ਰਹਿੰਦੇ ਸੀ। ਠੰਢ ਸੀਗੀ, ਇਹਨੇ ਢੱਕ ਦੇ ਕੋਲੇ ਲਾ ਕੇ ਅੰਦਰ ਅੰਗੀਠੀ ਭਖਾ ਲਈ। ਗੈਸ ਬਣ ਗਈ ਅੰਦਰ ਕਮਰੇ 'ਚ। ਦੋਵੇਂ ਚੜ੍ਹਾਈ ਕਰ ਗਏ। ਦੋਹਾਂ ਦਾ ਇਕੱਠੇ ਹੀ ਸਸਕਾਰ ਕਰ ਦਿਤਾ।

ਕਾਫੀ ਸਮਾਂ ਜਦੋਂ ਲੰਘ ਗਿਆ, ਦਭਲਾਨ ਮਹਾਰਾਜ ਜੀ ਚਲੇ ਗਏ ਤੇ ਮੈਂ ਇਕ ਦਿਨ ਗਿਆ। ਇਹ ਦੋਵੇਂ ਅੰਦਰ ਬੈਠੇ, ਮੈਨੂੰ ਕਹਿੰਦੇ ਕਿ ਤੂੰ ਪਛਾਣਦੈਂ ਇਨ੍ਹਾਂ ਨੂੰ? ਮੈਂ ਕਿਹਾ ਮਹਾਰਾਜ! ਸਾਡੇ ਕੋਲ ਤਾਂ ਅੱਖ ਨਹੀਂ ਹੈ ਪਛਾਨਣ ਵਾਲੀ। ਉਂਵ ਤਾਂ ਮਹਾਰਾਜ ਜੀ ਨੇ ਕਹਿਣਾ ਨਹੀਂ ਸੀ, ਕੋਈ ਗੱਲ ਸੀ, ਰਮਜ਼ ਸੀ। ਰਮਜ਼ 'ਚ ਉਹ ਬਾਤ ਕਰਿਆ ਕਰਦੇ ਸੀ।

ਕਹਿੰਦੇ ਇਹ ਉਹੀ ਨੇ ਜਿਹੜੇ ਰਾੜਾ ਸਾਹਿਬ ਇਕੱਠੇ ਹੀ ਗੈਸ ਨਾਲ ਚੜ੍ਹਾਈ ਕਰ ਗਏ ਸੀ। ਮੈਂ ਕਿਹਾ, ਮਹਾਰਾਜ! ਨਿਰਣਾ ਕਿਵੇਂ ਹੋਵੇ? ਤੁਹਾਡਾ ਬਚਨ ਤਾਂ ਅਸੀਂ ਮੰਨ ਲੈਂਦੇ ਹਾਂ ਕਿ ਠੀਕ ਹੈ। ਪਰ ਅਗਾਂਹਾਂ ਗੱਲ ਕਰਨੀ ਪੈਂਦੀ ਹੈ, ਫੇਰ ਅਸੀਂ ਨਿਰਣਾ ਕਿਵੇਂ ਕਰੀਏ?

ਕਹਿੰਦੇ, ਅਸੀਂ ਜਿਹੜਾ ਤਰੀਕਾ ਇਹਨਾਂ ਨੂੰ ਦੱਸਿਆ ਸੀ ਨਾਮ ਜਪਣ ਦਾ, ਉਸ ਵੇਲੇ। ਜਦੋਂ ਅਸੀਂ ਇਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਨਾਮ ਜਪਦੇ ਹੁੰਦੇ ਹੋਂ?

ਕਹਿੰਦੇ, ਹਾਂ ਜੀ।

ਕਿਵੇਂ ਜਪਦੇ ਹੁੰਦੇ ਹੋਂ?

ਕਹਿੰਦੇ ਓਹੀ ਦਸ ਦਿਤਾ। ਅਸੀਂ ਕਿਹਾ ਕਿ ਅਜੇ ਯਾਦ ਹੈ ਇਨ੍ਹਾਂ ਦੇ ਅਗਲੇ ਜਨਮ ਵਿਚ ਆ ਕੇ। ਸੋ ਜਨਮ-ਜਨਮ ਦੀ ਕਮਾਈ ਹੁੰਦੀ ਹੈ। ਇਕ ਜਨਮ 'ਚ ਨਹੀਂ ਕੋਈ ਚੜ੍ਹਿਆ ਕਰਦਾ। ਪਹਿਲਾਂ ਬਹੁਤ ਜਨਮ ਲਾਏ ਹੋਏ ਹੁੰਦੇ ਨੇ। ਲਾ ਕੇ ਫੇਰ ਪੂਰਾ ਮਹਾਂਪੁਰਸ਼ ਮਿਲ ਜਾਵੇ। ਪੂਰੀ ਕਮਾਈ ਕਰ ਲਵੇ। ਦੁਨੀਆਂ, ਮਾਇਆ ਤੋਂ ਬਚ ਜਾਵੇ ਫੇਰ ਉਹ ਲੰਘ ਜਾਇਆ ਕਰਦੈ। ਜੇ ਨਾ ਵੀ ਲੰਘੇ, ਤਾਂ ਉਹਨੂੰ ਜਨਮ ਮਿਲ ਜਾਂਦੈ। ਫੇਰ ਜਮਾਂਦਰੂ ਹੀ ਕੋਈ ਮਹਾਂਪੁਰਸ਼ ਮਿਲ ਜਾਂਦੇ ਨੇ। ਇਹ ਤਾਂ ਵਾਹਿਗੁਰੂ ਦਾ ਇੰਤਜ਼ਾਮ ਹੈ।

ਸੋ ਇਸ ਕਰਕੇ ਤੁਸੀਂ ਸਤਿਸੰਗ 'ਚ ਆਉਂਦੇ ਹੋਂ, ਦੂਰ-ਦਰਾਜ਼ ਤੋਂ ਆਉਂਦੇ ਹੋਂ, ਮਹਾਰਾਜ ਦੀ ਤੁਹਾਡੇ ਉਪਰ ਬੜੀ ਕ੍ਰਿਪਾ ਹੈ। ਸੋ ਨਾਮ ਜਪਿਆ ਕਰੋ, ਭਜਨ ਕਰਿਆ ਕਰੋ, ਨਿਤਨੇਮ ਕਰਿਆ ਕਰੋ। ਢਾਈ ਘੰਟੇ ਦਾ ਵਿਧਾਨ ਹੈ ਸਾਡਾ, ਵਾਇਦਾ ਕਰਕੇ ਆਏ ਹਾਂ। ਨਹੀਂ ਤਾਂ ਅਸੀਂ ਚੋਰ ਹਾਂ ਰੱਬ ਦੇ ਜੇ ਢਾਈ ਘੰਟੇ ਨਾਮ ਨਹੀਂ ਜਪਦੇ। ਢਾਈ ਘੰਟੇ ਤਾਂ ਦੇਣੇ ਹੀ ਦੇਣੇ ਨੇ। ਜੇ ਢਾਈ ਤੋਂ ਵਧ ਕਰਦੇ ਹੋਂ, ਓਨਾ ਹੀ ਤੁਹਾਡਾ ਕੰਮ ਰੱਬ ਆਪ ਕਰਨ ਲਗ ਜਾਂਦੈ। ਜੇ 24 ਘੰਟੇ ਕਰਨ ਲਗ ਜਾਓ ਕਿ ਦਿਨ ਰਾਤ ਮੈਂ ਤਾਂ ਇਹੀ ਕੰਮ ਕਰਨੈ। ਫੇਰ ਤੁਹਾਡੇ ਮਨ 'ਚੋਂ ਫੁਰਨਾ ਪੈਦਾ ਹੋਇਆ ਕਿ ਆਹ ਕੰਮ ਕਰਨਾ ਸੀ, ਰੱਬ ਨੇ ਪਹਿਲਾਂ ਹੀ ਕਰਕੇ ਰੱਖ ਦੇਣੈ। ਐਸੀ ਬਾਤ ਨਹੀਂ ਕਿ ਇਹ ਗੱਲ ਮੈਂ ਐਵੇਂ ਹੀ ਕਹਿੰਦਾ। ਦੇਖੀਆਂ ਹੋਈਆਂ ਬਾਤਾਂ ਨੇ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰ ਸਤੋਤਰ 'ਚ ਬੋਲੋ।

ਅਰਦਾਸ, ਹੁਕਮਨਾਮਾ।

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-42)*

ਅਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਵਾਹਿਗੁਰੂ ਜੀ ਤੋਂ ਅੱਡ ਜਾਣ ਕੇ ਇਕ ਵੱਖਰੀ ਹਸਤੀ ਗਿਣਦੇ ਹਾਂ, ਇਹ ਸਾਡੀ ਬਹੁਤ ਵੱਡੀ ਭੁੱਲ ਹੈ। ਗੁਰੂ ਸਦਾ-ਸਦਾ ਤੋਂ ਪ੍ਰਮੇਸ਼ਰ ਦੀ ਜੋਤ ਹੋਇਆ ਕਰਦਾ ਹੈ। ਗੁਰੂ ਅਤੇ ਪ੍ਰਮੇਸ਼ਰ ਵਿਚ ਕੋਈ ਵੀ ਫਰਕ ਗਿਣਨਾ ਆਪਣੀ ਮਨਮਤਿ ਹੋਇਆ ਕਰਦੀ ਹੈ। ਜਦੋਂ ਅਸੀਂ ਸਤਿਗੁਰੂ ਪਦਵੀ ਵਿਚਾਰਦੇ ਹਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ ਕਿ -

*ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ*
*ਹਰਿ ਹਰਿ ਕਥਾ ਸੁਣਾਵੈ॥*
*ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ*
*ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ*
*ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥*
*ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ*
*ਜੋ ਅੰਮ੍ਰਿਤ ਬਚਨ ਸੁਣਾਵੈ॥ ਅੰਗ- 1264*

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥ ਅੰਗ - 442*

ਸੋ ਗੁਰੂ ਪੂਰਾ ਨਰਾਇਣ ਹੀ ਹੋਇਆ ਕਰਦਾ ਹੈ -

*ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ॥*
*ਗੁਰ ਦਇਆਲ ਸਮਰਥ ਗੁਰ*
*ਗੁਰ ਨਾਨਕ ਪਤਿਤ ਉਧਾਰਣਹ॥ ਅੰਗ - 710*

ਅਤੇ ਫਿਰ ਫੁਰਮਾਨ ਹੈ -

*ਨਾਨਕ ਸੋਧੇ ਸਿੰਮ੍ਰਿਤਿ ਬੇਦ॥*
*ਪਾਰਬ੍ਰਹਮ ਗੁਰ ਨਾਹੀ ਭੇਦ॥ ਅੰਗ - 1142*

ਇਸੇ ਤਰ੍ਹਾਂ ਨਾਲ -

*ਪਾਰਬ੍ਰਹਮੁ ਪ੍ਰਮੇਸਰੁ ਅਨੂਪੁ॥*
*ਸਫਲ ਮੂਰਤਿ ਗੁਰੁ ਤਿਸ ਕਾ ਰੂਪੁ॥ ਅੰਗ - 1152*

*ਸਤਿਗੁਰ ਜੇਵਡੁ ਅਵਰੁ ਨ ਕੋਇ॥*
*ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ॥ ਅੰਗ - 1271*

*ਗੁਰ ਕੀ ਮਹਿਮਾ ਕਿਆ ਕਹਾ*
*ਗੁਰੁ ਬਿਬੇਕ ਸਤ ਸਰੁ॥*
*ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ॥*
*ਅੰਗ - 397*

ਇਨ੍ਹਾਂ ਗੁਰ ਬਚਨਾਂ ਦੇ ਹੁੰਦਿਆਂ ਅਸੀਂ ਗੁਰੂ ਦੀ ਹਸਤੀ ਨੂੰ ਵੱਖਰਾ ਨਾਮ ਦੇ ਕੇ ਦ੍ਵੈਤ ਪੈਦਾ ਕਰਦੇ ਹਾਂ। ਗੁਰੂ, ਪਾਤਸ਼ਾਹ ਆਪ ਹੀ ਹੋਇਆ ਕਰਦਾ ਹੈ। ਦੂਜੇ ਪਾਸੇ ਮਹਾਂਪੁਰਸ਼ਾਂ ਵਿਚ ਆਪੇ ਦਾ ਨਾਮ ਨਿਸ਼ਾਨ ਹੀ ਨਹੀਂ ਬਚਿਆ ਹੁੰਦਾ ਹੈ। ਉਹ ਖੁਲ੍ਹ ਕੇ ਕਹਿੰਦੇ ਹਨ -

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ॥ ਅੰਗ - 657*

ਸਮੁੰਦਰ ਦੀ ਲਹਿਰ ਦੀ ਮੂਰਖਤਾ ਹੈ ਕਿ ਜੇ ਉਹ ਸਮਝੇ ਕਿ ਮੈਂ ਹੋਰ ਹਾਂ ਤੇ ਸਮੁੰਦਰ ਹੋਰ ਹੈ ਪਰ ਮਨੁੱਖ ਦੀ ਬਹੁਤ ਵੱਡੀ ਚਤੁਰਤਾ ਹੈ ਕਿ ਜਦੋਂ ਇਹ ਸਮਝਦਾ ਹੈ ਕਿ ਮੈਂ ਹੋਰ ਹਾਂ ਤੇ ਪ੍ਰਮੇਸ਼ਰ ਹੋਰ ਹੈ। ਉਸ ਨੂੰ 'ਆਦਿ ਸਚੁ ਜੁਗਾਦਿ ਸਚੁ ਹੈਭੀ ਸਚੁ ਨਾਨਕੁ ਹੋਸੀ ਭੀ ਸਚੁ।।" ਦਾ ਸਿਧਾਂਤ ਮੰਨਣਾ ਔਖਾ ਲਗਦਾ ਹੈ। ਸੋ ਸੰਤ ਆਪਣੇ ਨਾਲ ਕੋਈ ਨਹੀਂ ਜੋੜਦਾ। ਜੋ ਆਪਣੇ ਨਾਲ ਜੋੜਦਾ ਹੈ, ਉਹ ਸੰਤ ਨਹੀਂ ਹੈ, ਉਹ ਇਕ ਚਲਾਕ ਬੰਦਾ ਹੈ ਜਿਸ ਨੇ ਸੰਤ ਦਾ ਬਾਣਾ ਪਾ ਕੇ ਦੁਨੀਆਂ ਨੂੰ ਗੁਮਰਾਹ ਕੀਤਾ ਹੋਇਆ ਹੈ। ਅਗਿਆਨੀ ਹੈ ਕਿਉਂਕਿ ਸੰਤ ਦੀ ਕੋਈ ਹੋਂਦ ਹੋਇਆ ਹੀ ਨਹੀਂ ਕਰਦੀ। ਉਹ ਫਿਨਾਹ-ਫਿਲਾਹ ਅਵਸਥਾ ਵਿਚ ਆਪਣੀ ਹਸਤੀ ਗਵਾ ਕੇ ਪ੍ਰਭੂ ਰੂਪ ਹੋਇਆ ਸਰੀਰ ਵਿਚ ਵਿਚਰਨ ਵਾਲਾ ਪ੍ਰਤੱਖ ਗੋਬਿੰਦ ਹੀ ਹੋਇਆ ਕਰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*
*ਅੰਗ- 273*

ਸੋ ਐਸੀਆਂ ਬੇਵੁਕਵੀਆਂ ਗੱਲਾਂ ਕਰਨ ਵਾਲਾ ਬੰਦਾ ਗੁਰਮਤਿ ਸਿਧਾਂਤਾਂ ਤੋਂ ਪੂਰੀ ਤਰ੍ਹਾਂ ਅਣਜਾਣ ਹੈ। ਉਹ ਅਗਿਆਨੀਆਂ ਵਿਚ ਕਿੰਨਾ ਹੀ ਰੌਲਾ-ਘਚੋਲਾ ਪਾਵੇ ਪਰ ਆਤਮ ਦਰਸ਼ੀਆਂ ਵਿਚ ਉਸ ਦਾ ਕੋਈ ਮਾਣ ਸਤਿਕਾਰ ਨਹੀਂ ਹੋਇਆ ਕਰਦਾ ਕਿਉਂਕਿ ਉਹ ਸਤਿ ਨੂੰ ਬੁੱਝਣ ਤੋਂ ਕ੍ਰੋੜਾਂ ਕੋਹਾਂ ਦੂਰ ਹੈ।

ਸੰਤ ਮਹਾਰਾਜ ਜੀ ਨੇ ਸਤਿ ਨੂੰ ਪੂਰੀ ਤਰ੍ਹਾਂ ਅਨੁਭਵ ਕਰਕੇ ਆਪਣੀ ਹੋਂਦ ਨੂੰ ਪੂਰੀ ਤਰ੍ਹਾਂ ਨਾਲ ਅਣਹੋਂਦ ਵਿਚ ਬਦਲ ਕੇ ਪ੍ਰਮੇਸ਼ਰ ਨਾਲ ਅਭੇਦ ਅਵਸਥਾ ਪ੍ਰਾਪਤ ਕਰ ਲਈ ਸੀ। ਇਕ ਤਰ੍ਹਾਂ ਨਾਲ ਉਸ ਸਰੀਰ ਵਿਚ ਪ੍ਰਭੂ ਦਾ ਹੁਕਮ ਪੂਰੀ ਤਰ੍ਹਾਂ ਪ੍ਰਤੱਖ ਹੋ ਕੇ ਵਰਤ ਰਿਹਾ ਸੀ ਅਤੇ ਪਰਮਾਤਮਾ ਆਪ ਹੀ ਆਪਣਾ ਕੌਤਕ ਉਸ ਵਜੂਦ ਵਿਚ ਕਰਕੇ ਸੰਸਾਰ ਦੇ ਰੰਗ ਮੰਚ ਉਪਰ ਨਾਟ ਕਰ ਰਿਹਾ ਸੀ। ਅਸਾਨੂੰ ਸਤਿ ਅਵਸਥਾ ਨੂੰ ਸਮਝਣਾ ਚਾਹੀਦਾ ਹੈ। ਇਹ ਬਚਨ ਬਹੁਤ ਹੀ ਗੰਭੀਰਤਾ ਨਾਲ ਵਿਚਾਰਨ ਵਾਲੇ ਹਨ ਤਾਂ ਕਿ ਸਾਡੇ ਮਨਾਂ ਵਿਚ ਪਈ ਹੋਈ

ਦ੍ਵੈਤ ਜੋ ਸਾਨੂੰ ਹਰ ਸਮੇਂ ਪ੍ਰਭੂ ਨਾਲੋਂ ਵਿਛੋੜ ਕੇ ਰਖਦੀ ਹੈ ਦੂਰ ਹੋ ਜਾਵੇ ਅਤੇ ਅਸੀਂ 'ਆਦਿ ਸਚੁ' ਦਾ ਪ੍ਰਤੱਖ ਅਨੁਭਵ ਕਰ ਸਕੀਏ।

ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਹੁਤ ਸਾਰੇ ਪ੍ਰੇਮੀਆਂ ਦੇ ਇਹ ਮਤ ਬਣ ਗਏ ਹਨ ਕਿ ਗੁਰੂ ਘਰ ਵਿਚ ਕੋਈ ਵੀ ਪ੍ਰੇਮੀ ਸਿੱਖ ਤੋਂ ਤਰੱਕੀ ਕਰਕੇ ਸੰਤ ਨਹੀਂ ਬਣ ਸਕਦਾ ਅਤੇ ਸੰਤ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਖਿਆ ਜਾ ਸਕਦਾ ਹੈ। ਇਸ ਤੇ ਵੀ ਜਦੋਂ ਅਸੀਂ ਵਿਚਾਰ ਕਰਦੇ ਹਾਂ ਤਾਂ ਇਹ ਕੁਝ ਖਿਚਾ-ਖਿਚੀ ਹੀ ਮਾਲੂਮ ਦਿੰਦੀ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਵਾਹਿਗੁਰੂ ਜੀ ਦੀ ਧੁਰ ਤੋਂ ਆਈ ਹੋਈ ਬਾਣੀ ਹੈ। ਇਹ ਸ਼ਬਦ ਬ੍ਰਹਮ ਹੈ ਅਤੇ ਇਹ ਵਾਹਿਗੁਰੂ ਜੀ ਦਾ ਸਰੂਪ ਹੀ ਹੈ। ਦੂਜਾ ਸਾਡੇ ਮਨਾਂ ਵਿਚ ਇਹ ਖਿਆਲ ਹੁੰਦਾ ਹੈ ਕਿ ਸਤਿਗੁਰੂਆਂ ਨੇ ਜੋ ਬਾਣੀ ਉਚਾਰਣ ਕੀਤੀ ਹੈ, ਜਿਥੇ ਸੰਤ ਪਦ ਵਰਤਿਆ ਹੈ ਉਥੇ ਉਨ੍ਹਾਂ ਦਾ ਮਤਲਬ ਪਹਿਲੇ ਸਤਿਗੁਰੂਆਂ ਵਲ ਹੀ ਹੋਇਆ ਕਰਦਾ ਹੈ। ਐਸੀਆਂ ਅਨੇਕ ਭਾਵਨਾਵਾਂ ਅਸਾਡੇ ਅੰਦਰ ਦ੍ਵੈਤ ਦੀ ਖਲਬਲੀ ਮਚਾ ਕੇ ਰਖਦੀਆਂ ਹਨ। ਉਸ ਦਾ ਕਾਰਨ ਇਹ ਹੈ ਕਿ ਅਸਾਡੀਆਂ ਅੱਖਾਂ ਵਿਚ ਅਜੇ ਦ੍ਵੈਤ ਦਾ ਮੋਤੀਆਂ ਬਿੰਦ ਹੈ। ਕਬੀਰ ਜੀ ਨੂੰ ਅਸੀਂ ਬਾਣੀ ਵਿਚ ਲਿਖੇ ਸੰਤ ਸ਼ਬਦ ਨਾਲ ਸੰਬੋਧਨ ਕਰਦੇ ਹਾਂ ਜਿਵੇਂ ਕਿ-

*ਕਿਆ ਅਪਰਾਧੁ ਸੰਤ ਹੈ ਕੀਨਾ॥*
*ਬਾਂਧਿ ਪੋਟ ਕੁੰਚਰ ਕਉ ਦੀਨਾ॥* *ਅੰਗ - 871*

ਪ੍ਰਹਿਲਾਦ ਜੀ ਨੂੰ ਸੰਤ ਪਦਵੀ ਨਾਲ ਸੰਬੋਧਨ ਕਰਦੇ ਫੁਰਮਾਨ ਹੈ -

*ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ*
*ਹਰਨਾਖਸੁ ਨਖ ਬਿਦਰਿਓ॥*
*ਘਰ ਕੇ ਦੇਵ ਪਿਤਰ ਕੀ ਛੋਡੀ*
*ਗੁਰ ਕੋ ਸਬਦੁ ਲਇਓ॥*
*ਕਹਤੁ ਕਬੀਰੁ ਸਗਲ ਪਾਪ ਖੰਡਨੁ*
*ਸੰਤਹ ਲੈ ਉਧਰਿਓ॥* *ਅੰਗ - 856*

ਅੱਜ ਅਸਾਡੇ ਗੁਰੂ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਹਨ। ਨਾ ਹੀ ਤਾਂ ਸਾਨੂੰ ਕਿਸੇ ਪਰੰਪਰਾ ਦੀ ਚਲੀ ਆ ਰਹੀ ਰਵਾਇਤ ਮੰਨਣੀ ਚਾਹੀਦੀ ਹੈ ਕਿਉਂਕਿ ਅਸੀਂ ਗੁਰਮਤਿ ਦੇ ਪ੍ਰਕਾਸ਼ ਵਿਚ ਬੇਅੰਤ ਚਲੀਆਂ ਆ ਰਹੀਆਂ ਪਰੰਪਰਾਵਾਂ ਨੂੰ ਅਪਨਾਇਆ ਨਹੀਂ। ਸਾਨੂੰ ਜੋ ਕੁਝ ਵੀ ਚਾਹੀਦਾ ਹੈ, ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪ੍ਰਕਾਸ਼ ਵਿਚੋਂ ਚਾਹੀਦਾ ਹੈ ਅਤੇ ਨਾ ਹੀ ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਅਸਾਡੇ ਇਤਿਹਾਸਕਾਰਾਂ ਨੇ 'ਸੰਤ' ਪਦ ਲਿਖਿਆ ਹੀ ਨਹੀਂ ਹੈ, ਉਸ ਦੀ ਥਾਂ ਤੇ 'ਭਾਈ' ਪਦ ਲਿਖਿਆ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ 'ਭਾਈ' ਦੀ ਵਿਆਖਿਆ ਦੋ ਤਰ੍ਹਾਂ ਦੀ ਆਉਂਦੀ ਹੈ। ਇਕ ਤਾਂ ਸਾਕ ਸਬੰਧ ਵਿਚ ਮਾਂ ਜਾਇਆ ਭਰਾ ਹੋਵੇ ਅਸੀਂ ਉਸ ਨੂੰ ਭਾਈ ਆਖਦੇ ਹਾਂ। ਜਦੋਂ ਅਸੀਂ ਅਧਿਆਤਮਵਾਦ ਵਿਚ ਰਿਸ਼ਤਾ ਕਾਇਮ ਕਰਦੇ ਹਾਂ ਤਾਂ ਅਸੀਂ ਉਸ ਨਾਲ ਰੂਹਾਨੀ ਰਿਸ਼ਤਾ ਜੋੜਦੇ ਹਾਂ ਅਤੇ ਬੜੇ ਸਤਿਕਾਰ ਨਾਲ ਕਹਿੰਦੇ ਹਾਂ-

*ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ*
*ਸੋ ਭਾਈ ਸੋ ਮੇਰਾ ਬੀਰ॥* *ਅੰਗ - 862*

ਭਾਈ ਤੇ ਬੀਰ ਇਕੋ ਅਰਥ ਦੇਣ ਵਾਲੇ ਹਨ। ਭਾਈ ਸਮੂੰਹ ਨੂੰ ਵੀ ਆਖਿਆ ਜਾਂਦਾ ਹੈ। ਜਿਸ ਤਰ੍ਹਾਂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ*
*ਬਹਿ ਸਾਧ ਜਨਾ ਵੀਚਾਰਿਆ॥* *ਅੰਗ- 315*

ਇਸ ਤਰ੍ਹਾਂ ਨਾਲ -

*ਭਾਈ ਰੇ ਅਵਰੁ ਨਾਹੀ ਮੈ ਥਾਉ॥* *ਅੰਗ - 58*

*ਭਾਈ ਰੇ ਇਉ ਸਿਰਿ ਜਾਣਹੁ ਕਾਲੁ॥*
*ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥*
*ਅੰਗ - 55*

*ਭਾਈ ਰੇ ਇਸੁ ਮਨ ਕਉ ਸਮਝਾਇ॥* *ਅੰਗ- 28*

ਗੁਰੂ ਮਹਾਰਾਜ ਵੀ ਭਾਈ ਕਹਿ ਕੇ ਹੀ ਬੁਲਾਉਂਦੇ ਹਨ। ਗੁਰੂ ਮਹਾਰਾਜ ਕਹਿੰਦੇ ਹਨ -

*ਭਾਈ ਰੇ ਸੰਤ ਜਨਾ ਕੀ ਰੇਣੁ॥*
*ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ॥*
*ਅੰਗ -18*

*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥*
*ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥*
*ਅੰਗ - 59*

ਗੁਰੂ ਮਹਾਰਾਜ ਜੀ ਸੰਤ ਪਦ ਦੀ ਵਿਆਖਿਆ ਕਰਦੇ ਹੋਏ ਫੁਰਮਾਨ ਕਰਦੇ ਹਨ -

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*
*ਅੰਗ - 319*

ਇਸੇ ਤਰ੍ਹਾਂ ਸੰਤਾਂ ਬਾਰੇ ਅੱਗੇ ਫੁਰਮਾਨ ਹੈ -

*ਸੋਈ ਸੰਤੁ ਜੇ ਭਾਵੈ ਰਾਮ॥*
*ਸੰਤ ਗੋਬਿੰਦ ਕੈ ਏਕੈ ਕਾਮ॥* *ਅੰਗ - 867*

ਇਹ ਸਾਰੇ universe (ਵਿਸ਼ਵ) ਵਿਚ ਲਾਗੂ ਹੋਣ ਵਾਲਾ ਸਿਧਾਂਤ ਅਸੀਂ ਖਿਚਾ-ਖਿਚੀ ਵਿਚ ਕੁਝ ਦਾ ਕੁਝ ਕਰ ਦਿੰਦੇ ਹਾਂ। ਗੁਰੂ ਮਹਾਰਾਜ ਨੇ ਤਾਂ ਫੁਰਮਾਨ ਕਰ ਦਿਤਾ ਕਿ-

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*
*ਅੰਗ - 397*

ਫੇਰ ਫੁਰਮਾਨ ਕਰਦੇ ਹਨ -

*ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ॥*

*ਅੰਤਰਿ ਲਾਗਿ ਨ ਤਾਮਸੁ ਮੂਲੇ*
*ਵਿਚਹੁ ਆਪੁ ਗਵਾਏ॥ ਅੰਗ - 29*

ਇਸੇ ਤਰ੍ਹਾਂ ਨਾਲ ਅੱਗੇ ਫੁਰਮਾਨ ਹੈ -

*ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ*
*ਜਿਸੁ ਹਿਰਦੈ ਹਰਿ ਨਾਮੁ ਮੁਰਾਰਿ॥ ਅੰਗ- 1135*

*ਜਿਨ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ*
*ਤੇ ਸੰਤ ਭਲੇ ਭਲ ਭਾਂਤਿ॥ ਅੰਗ- 1264*

*ਤਿਨ ਦੇਖੇ ਮੇਰਾ ਮਨੁ ਬਿਗਸੈ*
*ਹਉ ਤਿਨ ਕੈ ਸਦ ਬਲਿ ਜਾਤ॥ ਅੰਗ - 1264*

ਜਿਨ੍ਹਾਂ ਦੇ ਹਿਰਦੇ ਵਿਚ ਸਤਿਗੁਰੂ ਦਾ ਨਿਵਾਸ ਹੋ ਗਿਆ ਹੈ ਉਹ ਸੰਤ ਭਲੀ ਪ੍ਰਕਾਰ ਭਲੇ ਹਨ। ਸੰਤ ਦੇ ਕਾਰਜ ਖੇਤਰ ਬਾਰੇ ਜਾਣਕਾਰੀ ਦਿੰਦਿਆਂ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ-

*ਹਰਿ ਕੇ ਦਾਸ ਸਾਧ ਸਖਾ ਜਨ*
*ਜਿਨ ਮਿਲਿਆ ਲਹਿ ਜਾਇ ਭਰਾਂਤਿ॥*
*ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ*
*ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ॥*
*ਅੰਗ - 1264*

ਸੋ ਇਸ ਤਰ੍ਹਾਂ ਨਾਲ ਜਿਸ ਸਰੀਰ ਉਪਰ 'ਸੰਤ' ਦੀ ਦੱਸੀ ਹੋਈ ਰਹਿਤ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ, ਉਹ ਸੰਤ ਸਤਿਕਾਰ ਯੋਗ ਹੋਇਆ ਕਰਦਾ ਹੈ। ਸੰਤਾਂ ਦਾ ਕੰਮ ਆਪ ਨਾਮ ਜਪਣਾ ਅਤੇ ਸੰਸਾਰ ਨੂੰ ਵਾਹਿਗੁਰੂ ਨਾਲ ਜੋੜਨਾ ਆਦਿ ਜੁਗਾਦਿ ਤੋਂ ਹੀ ਚਲਿਆ ਆਉਂਦਾ ਹੈ। ਜਿਸ ਵਰਗ ਵਿਚ, ਜਿਸ ਸੰਪਰਦਾ ਵਿਚ ਇਕ ਵੀ ਅਜਿਹਾ ਨਾ ਮਿਲੇ, ਜਿਸ ਦੀ ਲਿਵ ਸਾਸ ਗ੍ਰਾਸ ਪ੍ਰਭੂ ਨਾਲ ਲੱਗੀ ਹੋਈ ਹੋਵੇ ਤਾਂ ਉਸ ਸੰਪਰਦਾ ਦੇ ਵਿਚ ਜ਼ਰੂਰ ਕੋਈ ਨੁਕਸ ਹੈ ਜੋ ਆਪਣੇ ਜਗਿਆਸੂ ਨੂੰ ਲਿਵ ਅਵਸਥਾ ਤਕ ਪਹੁੰਚਾ ਨਹੀਂ ਸਕਦੀ। ਗੱਲ ਬਿਲਕੁਲ ਸਿੱਧੀ ਹੈ ਕਿ ਜਦੋਂ ਆਤਮ ਗਿਆਨ ਦਾ ਪ੍ਰਕਾਸ਼ ਹੋ ਗਿਆ ਅਤੇ ਮਾਇਆ ਦੀ ਅਸਲੀਅਤ ਨੂੰ ਸਮਝ ਲਿਆ, ਪੰਜੇ ਭਰਮਾਂ ਦਾ ਪੂਰੀ ਤਰ੍ਹਾਂ ਨਾਸ਼ ਹੋ ਗਿਆ, ਫਿਰ ਧਿਆਨ, ਸੁਰਤ ਪ੍ਰਭੂ ਵਿਚ ਹੀ ਲੱਗੀ ਰਹਿੰਦੀ ਹੈ। ਐਸੀ ਜੋ ਬਿਰਤੀ ਹੈ, ਉਹ ਸੰਤ ਪਦਵੀ ਦੀ ਲਖਾਇਕ ਹੈ। ਇਸ ਕਰਕੇ ਫੁਰਮਾਨ ਹੈ -

*ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ॥*
*ਕਹੁ ਕਬੀਰ ਮੈ ਸੋ ਗੁਰੁ ਪਾਇਆ*
*ਜਾ ਕਾ ਨਾਉ ਬਿਬੇਕੋੁ॥ ਅੰਗ-793*

ਗੁਰੂ ਘਰ ਵਿਚ ਸਦੀਵ ਗੁਰੂ ਨਾਲ ਜੁੜੀਆਂ ਰਹਿਣ ਵਾਲੀਆਂ ਉਚ ਹਸਤੀਆਂ ਸਦਾ ਤੋਂ ਹੁੰਦੀਆਂ ਆਈਆਂ ਹਨ ਅਤੇ ਸੰਤ ਰਹਿਤ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਵਾਲੀਆਂ ਹਸਤੀਆਂ ਹੀ ਸੰਤ ਕਹਾਉਂਦੀਆਂ ਹਨ। ਕਲੁਜੱਗ ਦਾ ਸਮਾਂ, ਮਾਇਆ ਦਾ ਪਸਾਰਾ ਅੰਧਕਾਰ ਪੈਦਾ ਕਰ ਰਿਹਾ ਹੈ ਅਤੇ ਆਪਣੇ ਆਪ ਨੂੰ ਸੰਤ ਕਹਾਉਣ ਦੀ ਲਾਲਸਾ ਅਜਿਹੇ ਪ੍ਰੇਮੀਆਂ ਵਿਚ ਵੀ ਵਧ ਰਹੀ ਹੈ ਜਿਹੜੇ ਅਜੇ ਪੂਰੀ ਤਰ੍ਹਾਂ ਨਾਲ ਸਿੱਖ ਵੀ ਨਹੀਂ ਬਣੇ, ਸੇਵਕ ਵੀ ਨਹੀਂ ਬਣੇ। ਜਿਨ੍ਹਾਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਹੈ -

*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥*
*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥ ਅੰਗ - 287*

ਇਨ੍ਹਾਂ ਗੱਲਾਂ ਨੂੰ ਮੁੱਖ ਰੱਖ ਕੇ ਵਾਦ-ਵਿਵਾਦ ਵਿਚ ਪੈਣਾ, ਆਪਣਾ ਸਮਾਂ ਨਸ਼ਟ ਕਰਨ ਦੇ ਬਰਾਬਰ ਹੈ।

ਅਸਾਡੇ ਮਿਸ਼ਨ ਦੇ ਕੁਝ ਪ੍ਰੇਮੀ ਅਨੰਦਪੁਰ ਸਾਹਿਬ ਗਏ। ਉਥੇ ਇਕ ਪ੍ਰੇਮੀ ਪੂਰੇ ਜ਼ੋਰ ਨਾਲ ਕਹਿ ਰਿਹਾ ਸੀ ਕਿ ਕੋਈ ਵੀ ਕਿਸੇ ਨੂੰ ਸੰਤ ਨਾ ਕਹੇ, ਸੰਤ ਪਦ ਪੂਰੀ ਤਰ੍ਹਾਂ ਨਾਲ ਕਿਸੇ ਵਿਅਕਤੀ ਨਾਲ ਜੋੜਨ ਤੋਂ ਵਰਜਿਤ ਕਰ ਦੇਣਾ ਚਾਹੀਦਾ ਹੈ। ਗੁਰੂ ਦੇ ਸਿਧਾਂਤ ਤੋਂ ਦੂਰ ਹੋ ਕੇ ਜੋ ਮਰਜ਼ੀ ਕਿਹਾ ਜਾਵੇ ਉਹਦਾ ਹੱਕ ਹੈ ਪਰ ਜੇ ਉਹ ਚਾਨਣੇ ਨੂੰ ਅੰਧਕਾਰ ਦੱਸੇ ਤਾਂ ਪ੍ਰਕਾਸ਼ ਦੇ ਅਰਥ ਨਹੀਂ ਬਦਲਿਆ ਕਰਦੇ। ਪ੍ਰਕਾਸ਼ ਚਾਨਣਾ ਹੀ ਹੁੰਦਾ ਹੈ, ਹਨ੍ਹੇਰੇ ਨੇ ਕਾਲੀ ਬੋਲੀ ਰਾਤ ਹੀ ਪਾਉਣੀ ਹੈ ਪਰ ਅਵਸਥਾ ਤੋਂ ਹੀਣੇ ਰਾਗ ਤੇ ਦ੍ਵੈਸ਼ ਵਿਚ ਪਏ ਹੋਏ ਮਾਇਆ ਤੇ ਮੋਹ ਦੇ ਸੰਗਲਾਂ ਵਿਚ ਜਕੜੇ ਹੋਏ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਸੰਤ ਪਦ ਦੀ ਵਰਤੋਂ ਨਾ ਕਰਨ ਤਾਂ ਚੰਗਾ ਹੀ ਹੈ। ਮੈਂ ਕਦੇ ਵੀ ਆਪਣੇ ਆਪ ਨੂੰ ਨਾ ਸੰਤ ਆਖਿਆ ਹੈ, ਨਾ ਕਿਹਾ ਹੋਇਆ ਪਸੰਦ ਕਰਦਾ ਹਾਂ। ਗੁਰੂ ਮਹਾਰਾਜ ਜੀ ਨੇ ਸਰਦਾਰੀ ਬਖਸ਼ੀ ਹੈ, ਚੰਡੀਗੜ੍ਹ ਆਉਣ ਤੋਂ ਪਹਿਲਾਂ ਸਰਦਾਰ ਜੀ ਹੀ ਕਹਿ ਕੇ ਦੂਜੇ ਅਨਮਤਾਂ ਦੇ ਅਨੁਆਈ ਬੁਲਾਇਆ ਕਰਦੇ ਸਨ ਪਰ ਇਥੇ ਆ ਕੇ ਲੋਕੀ ਸੰਤ-ਸੰਤ ਕਰੀ ਜਾਂਦੇ ਸਨ ਅਤੇ ਮੇਰੇ ਰੋਕਦੇ-ਰੋਕਦੇ ਨਾਮ ਹੀ ਪੈ ਗਿਆ। ਹੁਣ ਮੇਰੇ ਲੱਖ ਰੋਕਣ ਤੇ ਵੀ ਇਹ ਵਿਆਧੀ ਨਹੀਂ ਲਹਿੰਦੀ। ਸੰਸਾਰ ਵਿਚ ਆਪਣੀ ਹੋਂਦ ਮਿਟਾਉਣੀ ਹੈ, ਹੋਰ ਵਧਾਉਣੀ ਨਹੀਂ ਹੈ। ਜਿੰਨੀਆਂ ਉਪਾਧੀਆਂ ਇਕ ਨਾਮ ਨਾਲ ਲਾਓਗੇ, ਉਨਾਂ ਹੀ ਮਾਇਆ ਦਾ ਜਾਲ ਪਸਰੇਗਾ। ਜਿੰਨੇ ਹਲਕੇ-ਫੁਲਕੇ ਹੋ ਕੇ ਸੁਤੰਤਰ ਰਹੋਗੇ, ਉਨਾਂ ਹੀ ਛੁਟਕਾਰਾ ਛੇਤੀ ਹੋਵੇਗਾ। ਜੇ ਸਚਮੁੱਚ ਸੰਤ ਬਣਨ ਦਾ ਸ਼ੌਕ ਹੈ ਤਾਂ ਜੀਅ ਭਰ ਕੇ ਬਣੋ ਪਰ ਸੰਤ ਬਣੋ ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲਿਆਂ ਵਰਗੇ, ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਵਰਗੇ, ਸੰਤ ਜਵਾਲਾ ਸਿੰਘ ਜੀ ਵਰਗੇ, ਸੰਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਰਗੇ, ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਵਰਗੇ ਜਿਨ੍ਹਾਂ ਨੇ ਆਪਣਾ ਜੀਵਨ ਸੰਸਾਰ ਨੂੰ ਪ੍ਰਮੇਸ਼ਰ ਰੂਪ ਜਾਣ ਕੇ ਉਸ ਦੇ ਭਲੇ ਲਈ ਅਰਪ ਦਿਤਾ। ਬਾਬਾਣੀਆਂ ਕਹਾਣੀਆਂ ਵਿਚ ਅਸੀਂ ਉਨ੍ਹਾਂ ਪਵਿੱਤਰ ਹਸਤੀਆਂ ਦਾ ਜ਼ਿਕਰ ਕਰ ਰਹੇ ਹਾਂ ਜਿਹੜੀਆਂ ਆਪ ਪ੍ਰਭੂ ਨਾਲ ਮਿਲੀਆਂ ਹੋਈਆਂ ਸਨ ਅਤੇ ਪਿਛਲੇ ਜਨਮਾਂ ਤੋਂ ਆ ਰਹੇ ਯੋਗ ਭਰਿਸ਼ਟਾਂ (ਜਿਹੜੇ ਰੂਹਾਨੀ ਪ੍ਰਾਪਤੀ ਵਿਚ ਅਧੂਰੇ ਰਹੇ ਸਨ) ਨੂੰ ਪ੍ਰਕਾਸ਼ਮਈ ਰਸਤਾ ਦਿਖਾਉਣ ਦੇ ਸਮਰੱਥ ਸਨ। ਜਦੋਂ ਉਨ੍ਹਾਂ ਬਾਰੇ ਸੋਚਿਆ ਜਾਂਦਾ ਹੈ ਤਾਂ ਹੈਰਾਨ ਹੋ ਜਾਈਦਾ ਹੈ। ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੇ

ਨਿਤਨੇਮ ਬਾਰੇ ਜੇ ਸੋਚੀਏ ਤਾਂ ਹੈਰਾਨ ਹੋ ਜਾਈਦਾ ਹੈ ਤੇ ਜਦੋਂ ਉਨ੍ਹਾਂ ਦੀ ਪ੍ਰਾਪਤੀ ਬਾਰੇ ਜਾਣਿਆ ਜਾਵੇ ਤਾਂ ਵੀ ਬਹੁਤ ਹੈਰਾਨ ਹੋ ਜਾਈਦਾ ਹੈ ਕਿ ਐਡੀਆਂ-ਐਡੀਆਂ ਹਸਤੀਆਂ ਵਾਲੇ ਮਹਾਂਪੁਰਸ਼ ਖੱਦਰ ਦੇ ਕੱਪੜੇ ਪਹਿਨ ਕੇ ਸਧਾਰਣ ਜੀਵਨ ਗੁਜ਼ਾਰਦੇ ਹੋਏ, ਆਪਣਾ ਭੇਤ ਨਾ ਦਿੰਦੇ ਹੋਏ ਪ੍ਰਮੇਸ਼ਰ ਰੂਪ ਹੋ ਕੇ ਵਿਚਰਦੇ ਰਹੇ। ਉਨ੍ਹਾਂ ਦਾ ਇਕ ਪਿਆਰਾ ਸਿੰਘ ਜਿਸ ਦਾ ਨਾਮ ਨਿਹੰਗ ਟਹਿਲ ਸਿੰਘ ਸੀ, ਇਕ ਵਾਰੀ ਮੈਨੂੰ ਦੱਸਣ ਲੱਗਿਆ ਕਿ ਬਾਬਾ ਜੀ ਅਥਾਹ ਸ਼ਕਤੀਆਂ ਦੇ ਮਾਲਕ ਸਨ। ਉਸ ਨੇ ਆਪਣੀ ਹੱਡਬੀਤੀ ਦੱਸੀ ਕਿ ਇਕ ਵਾਰੀ ਅਸੀਂ ਬਾਬਾ ਜੀ ਨਾਲ ਕੋਠੇ ਪਿੰਡ ਗਏ ਹੋਏ ਸੀ, ਉਥੇ ਅਖੰਡਪਾਠ ਹੋ ਰਿਹਾ ਸੀ। ਮੱਧ ਵਾਲੇ ਦਿਨ ਵਿਚ ਬਾਬਾ ਜੀ ਮੈਨੂੰ ਬਾਹਰ ਤੁਰਨ ਫਿਰਨ ਲਈ ਲੈ ਕੇ ਚਲੇ ਗਏ। ਇਕ ਵਗਦੇ ਖੂਹ ਉਪਰ ਮਹਾਤਮਾ ਵਸਤਰ ਧੋ ਰਹੇ ਸਨ, ਉਥੇ ਕੁਝ ਪਾਣੀ ਦਾ ਚਿੱਕੜ ਸੀ। ਮੇਰੀ ਬਾਂਹ ਫੜ ਕੇ ਕਹਿਣ ਲੱਗੇ, "ਨਿਹੰਗ ਸਿੰਘਾ! ਛਾਲ ਮਾਰ, ਤਾਂ ਕਿ ਤੇਰਾ ਪੈਰ ਪਾਣੀ ਵਿਚ ਨਾ ਪੈ ਜਾਵੇ।" ਜਦੋਂ ਮੈਂ ਛਾਲ ਮਾਰੀ ਮੈਂ ਹੈਰਾਨ ਹੋ ਗਿਆ ਕਿ ਚਿੱਕੜ ਤੇ ਵਸਤਰ ਧੋਣ ਵਾਲੇ ਮਹਾਤਮਾ ਕਿਥੇ ਚਲੇ ਗਏ? ਬਾਬਾ ਜੀ ਕਾਹਲੀ-ਕਾਹਲੀ ਜਾ ਰਹੇ ਹਨ। ਇਕ ਪਿੰਡ ਸਾਮ੍ਹਣੇ ਨਜ਼ਰ ਆ ਰਿਹਾ ਸੀ। ਮੈਂ ਇਕ ਤਰ੍ਹਾਂ ਨਾਲ ਭਮਤ੍ਰ ਗਿਆ ਸੀ। ਮੈਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ ਕਿ ਮੇਰੇ ਨਾਲ ਇਹ ਕੀ ਹੋ ਗਿਆ। ਮੈਨੂੰ ਸ਼ੱਕ ਪੈ ਗਿਆ ਕਿ ਕਿਤੇ ਮੇਰਾ ਦਿਮਾਗ ਹੀ ਨਾ ਖਰਾਬ ਹੋ ਗਿਆ ਹੋਵੇ, ਪਹਿਲਾ ਵਾਤਾਵਰਣ ਖਤਮ ਹੋ ਚੁਕਿਆ ਸੀ, ਨਵੇਂ ਵਾਤਾਵਰਣ ਵਿਚ ਅਸੀਂ ਜਾ ਰਹੇ ਸੀ। ਬਾਬਾ ਜੀ ਦਾ ਜਲਾਲ ਐਨਾ ਵਧਿਆ ਹੋਇਆ ਸੀ ਕਿ ਮੈਂ ਕੋਈ ਵੀ ਗੱਲ ਮੁੱਖ ਤੋਂ ਨਹੀਂ ਕੱਢ ਸਕਦਾ ਸੀ। ਮੈਂ ਆਪਣੇ ਆਪ ਵਿਚ ਹੀ ਸੋਚਾਂ ਵਿਚ ਡੁਬਿਆ ਹੋਇਆ ਸੀ। ਪਤਾ ਉਦੋਂ ਹੀ ਲੱਗਿਆ ਕਿ ਕੋਠੇ ਪਿੰਡ ਤੋਂ 40 ਮੀਲ ਪਿੰਡ ਰਾਮਗੜ੍ਹ ਵਿਚ ਅਸੀਂ ਜਾਣੀਆਂ ਪਛਾਣੀਆਂ ਗਲੀਆਂ ਵਿਚ ਜਾ ਰਹੇ ਸੀ। ਆਪ ਆਪਣੇ ਸ਼ਰਧਾਲੂ ਕਰਤਾਰ ਸਿੰਘ ਦੇ ਘਰ ਪਹੁੰਚ ਗਏ। ਜਿਥੇ ਉਹ ਆਖਰੀ ਸੁਆਸਾਂ ਤੇ ਸਤਿਗੁਰ ਚਰਨਾਂ ਵਿਚ ਪੁਜਣ ਦੀ ਉਡੀਕ ਕਰ ਰਿਹਾ ਸੀ। ਬਾਬਾ ਜੀ ਨੇ ਜਾਂਦਿਆਂ ਹੀ ਉਚੀ ਆਵਾਜ਼ ਵਿਚ 'ਵਾਹਿਗੁਰੂ' ਸ਼ਬਦ ਦਾ ਉਚਾਰਨ ਕੀਤਾ। ਸਾਰੀਆਂ ਸੰਗਤਾਂ ਖੜ੍ਹੀਆਂ ਹੋ ਗਈਆਂ। ਬਾਬਾ ਜੀ ਉਸ ਦੇ ਪਲੰਘ ਤੇ ਬੈਠ ਗਏ ਅਤੇ ਉਸ ਦਾ ਸੀਸ ਆਪਣੀ ਗੋਦੀ ਵਿਚ ਰੱਖ ਕੇ 10 ਵਾਰ ਵਾਹਿਗੁਰੂ ਮੰਤ੍ਰ ਦਾ ਉਚਾਰਨ ਕਰਾਇਆ, ਉਸ ਤੋਂ ਬਾਦ ਉਸ ਦੇ ਸੁਆਸਾਂ ਦਾ ਅੰਤ ਹੋ ਗਿਆ। ਆਪ ਨੇ ਆਪਣੇ ਦਸਤੇਮੁਬਾਰਕ ਨਾਲ ਉਸ ਦਾ ਸਸਕਾਰ ਕੀਤਾ। ਕੀਰਤਨ ਸੋਹਿਲਾ ਪੜ੍ਹਿਆ। ਥੋੜ੍ਹਾ ਚਿਰ ਅੰਗੀਠੇ ਪਾਸ ਰੁਕ ਕੇ ਸੰਗਤ ਨੂੰ ਕਿਹਾ ਕਿ ਭਾਈ ਤੁਸੀਂ ਗੁਰਦੁਆਰਾ ਸਾਹਿਬ ਪਹੁੰਚੋ। ਪੰਜ ਇਸ਼ਨਾਨਾ ਕਰਕੇ ਮਹਾਰਾਜ ਜੀ ਦਾ ਅਲ੍ਹਾਣੀਆਂ ਦਾ ਪਾਠ ਸੁਣੋ ਅਤੇ ਦੇਗ ਵਰਤਾਉ। ਸਾਰੀ ਸੰਗਤ ਚਲੀ ਗਈ। ਬਾਬਾ ਜੀ ਨੇ ਮੈਨੂੰ ਕਿਹਾ ਕਿ ਆ ਨਿਹੰਗ ਸਿੰਘਾ! ਕਹਿ ਕੇ ਮੇਰੀ ਬਾਂਹ ਫੜ ਲਈ ਅਤੇ ਉਸੇ ਤਰ੍ਹਾਂ ਜਦ ਮੈਂ ਇਕ ਲਾਂਘ ਪੁੱਟੀ ਤਾਂ ਮੈਂ ਹੈਰਾਨ ਹੋ ਗਿਆ ਕਿ ਉਸੇ ਖੂਹ ਉਪਰ ਅਸੀਂ ਕੋਠੇ ਪਿੰਡ ਪਹੁੰਚ ਗਏ। ਸਾਰੀ ਰਾਤ ਮੈਂ ਇਸ ਗੱਲ ਨੂੰ ਵਿਚਾਰਦਾ ਰਿਹਾ।

ਦੂਸਰੇ ਦਿਨ ਮਹਾਂਪੁਰਸ਼ਾਂ ਨੇ ਮੈਨੂੰ ਹੁਕਮ ਕੀਤਾ ਕਿ ਪਾਰਸ ਭਾਗ ਦੀ ਕਥਾ ਕਰ। ਜਦੋਂ ਮੈਂ ਕਥਾ ਕਰ ਰਿਹਾ ਸੀ ਤਾਂ ਉਸ ਵਿਚ ਆਇਆ ਕਿ ਮਹਾਂਪੁਰਸ਼ ਆਪਣੇ ਬਚਨ ਤੋਂ ਨਹੀਂ ਹਾਰਦੇ। ਜੇ ਉਨ੍ਹਾਂ ਨੂੰ ਆਪਣਾ ਬਚਨ ਕਿਸੇ ਹਾਲਤ ਵਿਚ ਪੂਰਾ ਹੁੰਦਾ ਨਜ਼ਰ ਨਾ ਆਵੇ ਤਾਂ ਉਹ ਸ਼ਕਤੀ ਦੀ ਵਰਤੋਂ ਕਰ ਲਿਆ ਕਰਦੇ ਹਨ। ਇਸ ਤਰ੍ਹਾਂ ਸ਼ਕਤੀ ਦੀ ਵਰਤੋਂ ਕਰਨਾ ਕੋਈ ਦੋਸ਼ ਨਹੀਂ ਹੋਇਆ ਕਰਦਾ ਸਗੋਂ ਦੂਸਰੇ ਦਾ ਭਲਾ ਹੀ ਹੋਇਆ ਕਰਦਾ ਹੈ। ਆਪ ਨੇ ਮੇਰੇ ਵਲ ਵੇਖ ਕੇ ਕਿਹਾ ਕਿ ਅਸੀਂ ਅੰਤ ਸਮੇਂ ਸਾਮ੍ਹਣੇ ਹੋਣ ਦਾ ਬਚਨ ਦਿਤਾ ਹੋਇਆ ਸੀ ਸੋ ਤੂੰ ਹੈਰਾਨ ਨਾ ਹੋ। ਆਮ ਹਾਲਤਾਂ ਵਿਚ ਮਹਾਤਮਾਂ ਆਪਣੇ ਆਪ ਨੂੰ ਗੁਪਤ ਹੀ ਰੱਖਿਆ ਕਰਦੇ ਹਨ। ਇਸੇ ਤਰ੍ਹਾਂ ਨਾਲ ਗੁਰਸਿੱਖ ਫੁਲਵਾੜੀ ਵਿਚ ਬੇਅੰਤ ਐਸੇ ਮਹਾਤਮਾ ਹੋਏ ਹਨ ਜਿਨ੍ਹਾਂ ਵਿਚ ਸ਼ਕਤੀਆਂ ਦਾ ਅਥਾਹ ਪ੍ਰਵਾਹ ਚਲਦਾ ਸੀ ਪਰ ਉਹ ਉਸ ਨੂੰ ਪੂਰੀ ਤਰ੍ਹਾਂ ਨਾਲ ਜਰ ਕੇ ਪ੍ਰਗਟ ਨਹੀਂ ਕਰਦੇ ਸਨ। ਸੋ ਇਹ ਨਵੀਂ ਪਨੀਰੀ ਦੇ ਸੰਤਾਂ ਨੂੰ ਮੇਰੀ ਬੇਨਤੀ ਹੈ ਕਿ ਤੁਸੀਂ ਐਨੀ ਛੇਤੀ ਆਪਣੇ ਆਪ ਨੂੰ ਸੰਤ ਨਾ ਅਖਵਾਓ ਕਿਉਂਕਿ ਹੋ ਸਕਦਾ ਹੈ ਕਿ ਬਹੁਤਿਆਂ ਪਾਸ ਉਸ ਰਹਿਤ ਤੇ ਚਲਣ ਦੀ ਸ਼ਕਤੀ ਨਾ ਹੋਵੇ ਜੋ ਸੰਤ ਰਹਿਤ ਵਿਚ ਦਸੀ ਹੈ -

***ਸੰਤ ਰਹਤ ਸੁਨਹੁ ਮੇਰੇ ਭਾਈ॥***
***ਉਆ ਕੀ ਮਹਿਮਾ ਕਥਨੁ ਨ ਜਾਈ॥***

***ਅੰਗ - 392***

ਜਿਨ੍ਹਾਂ ਵਿਚ ਸੰਤ ਰਹਿਤ ਵਾਲੇ ਗੁਣ ਨਾ ਹੋਣ। ਉਹ ਸੰਤ ਕਹਾਉਣ ਤੋਂ ਦੂਰ ਰਹਿਣ। ਦੂਜੇ ਪਾਸੇ ਜਿਨ੍ਹਾਂ ਨੇ ਆਪਣਾ ਪੇਸ਼ਾ ਹੀ ਸੰਤਾਂ ਨੂੰ ਨਿੰਦਣ ਦਾ ਬਣਾਇਆ ਹੋਇਆ ਹੈ, ਉਹ ਵੀ ਹਟ ਜਾਣਗੇ ਅਤੇ ਜੋ ਅਸਾਨੂੰ ਮਲੋ-ਮੱਲੀ ਭਰਮ ਹੋਇਆ ਹੋਇਆ ਹੈ ਕਿ ਮੈਂ 'ਸੰਤ' ਹਾਂ, ਇਸ ਦੋਸ਼ ਤੋਂ ਵੀ ਬਚ ਜਾਵਾਂਗੇ। ਜਿਹੜੇ ਪ੍ਰੇਮੀ ਸੰਤਾਂ ਮਗਰ ਹੱਥ ਧੋ ਕੇ ਹੀ ਪਏ ਹੋਏ ਹਨ ਉਹ ਵੀ ਵਾਹਿਗੁਰੂ ਜੀ ਪਾਸ ਅਰਦਾਸ ਕਰਕੇ ਆਪਣੇ ਨੇਤਰਾਂ ਤੋਂ ਅਗਿਆਨਤਾ ਦਾ ਪੜ੍ਹਦਾ ਦੂਰ ਕਰਨ ਲਈ ਗਿਆਨ ਅੰਜਨ ਦੀ ਦਾਤ ਮੰਗਣ ਅਤੇ ਹਰੀ, ਕ੍ਰਿਪਾ ਕਰਕੇ ਉਨ੍ਹਾਂ ਨੂੰ ਸੰਤ ਦੀ ਸੰਗਤ ਬਖਸ਼ ਦੇਵੇ ਅਤੇ ਉਨ੍ਹਾਂ ਦੇ ਮਨ ਦਾ ਹਨ੍ਹੇਰਾ ਦੂਰ ਹੋ ਜਾਵੇ। ਜੇ ਅਸੀਂ ਦੋਵੇਂ ਧਿਰਾਂ ਇੰਨਤਹਾ extreme ਤੇ ਖੜ੍ਹੇ ਹੋ ਕੇ ਆਪਣੇ ਹੱਠ ਤੇ ਤੁਲੇ ਰਹਾਂਗੇ ਤਾਂ ਇਹ ਵਾਦ-ਵਿਵਾਦ ਜਿਹਾ ਚਲਦਾ ਹੀ ਰਹਿਣਾ ਹੈ। ਇਹ ਕੁਝ ਵੇਰਵੇ ਮੈਂ ਇਸ ਲਈ ਦਿਤੇ ਹਨ ਕਿ ਅਸੀਂ ਸਭ ਕੁਝ ਨੂੰ ਨਜ਼ਰ ਅੰਦਾਜ਼ (ਅੱਖੋ ਪਰੋਖੇ ਕਰਕੇ) 'ਆਤਮ ਮਾਰਗ' ਤੇ ਚਲ ਸਕੀਏ ਅਤੇ ਆਪਣੇ ਨੈਣਾਂ ਵਿਚ ਪਿਆ ਹੋਇਆ ਮੋਤੀਆ ਬਿੰਦ ਕਿਸੇ ਸੁਘੜ ਸੰਤ ਵੈਦ ਤੋਂ ਦੂਰ ਕਰਵਾ ਕੇ ਸਭ ਘਟ ਵਿਚ ਵਸਦੇ ਹਰੀ ਨੂੰ ਤਕ ਕੇ ਆਪਣੇ ਪ੍ਰੇਮ ਮਨੋਰਥ ਨੂੰ ਪ੍ਰਾਪਤ ਕਰ ਸਕੀਏ।

***'ਚਲਦਾ....... |'***

# ਭੇਖ ਦਿਖਾਏ ਜਗਤ ਕਉ ਲੋਗਨ ਕੋ ਬਸ ਕੀਨ

*ਸੰਤ ਵਰਿਆਮ ਸਿੰਘ*
*ਬਾਨੀ ਵਿ. ਗੁ. ਰੂ.ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ -੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ- ੬੯੪*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ- ੧੭੬*
*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ- ੧੫੬*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ। ਮਨ ਨੂੰ ਬਾਣੀ ਸੁਣਨ ਵਿਚ ਲਾਓ, ਬੁੱਧੀ ਨੂੰ ਵਿਚਾਰਨ ਵਿਚ ਲਾਓ ਕਿਉਂਕਿ ਤੁਹਾਡਾ ਸਮਾਂ ਬੜਾ ਕੀਮਤੀ ਹੈ। ਇਸ ਨੂੰ ਹੋਰ ਕੀਮਤੀ ਬਣਾਉਣ ਵਾਸਤੇ ਸਾਨੂੰ ਕੁਝ ਅਸੂਲਾਂ ਦੇ ਉਤੇ ਆਪਣੇ ਆਪ ਨੂੰ ਲਿਆਉਣਾ ਪੈਂਦੈ। ਜਦੋਂ ਬਾਣੀ ਦੀ ਵਿਚਾਰ ਕਰਕੇ ਹਿਰਦੇ 'ਚ ਧਾਰਾਂਗੇ। ਉਸ ਵੇਲੇ ਕੁਛ ਰੋਸ਼ਨੀ ਅੰਦਰ ਹੋਏਗੀ। ਜਿੰਨਾਂ ਚਿਰ ਇਹ ਰੁਟੀਨ ਬਣੀ ਹੋਈ ਗੱਲ ਹੈ, ਕਿ ਸ਼ਬਦ ਜਾਣਦੇ ਹਾਂ ਇਹ ਤਾਂ ਬਹੁਤ ਵਾਰੀ ਪੜ੍ਹਿਆ ਹੈ ਅਸੀਂ। ਤੁਕਾਂ ਸਾਨੂ ਯਾਦ ਨੇ ਇਹ ਗੱਲ ਹੋਰ ਹੈ। ਉਹ ਗੱਲ ਨਹੀਂ ਬਣਦੀ। ਜਿੱਥੇ ਇਹ ਸ਼ਬਦ ਸਾਨੂੰ ਲਿਜਾਉਣਾ ਚਾਹੁੰਦੈ, ਉਸ ਲਈ ਵਿਚਾਰ ਕਰਨੀ ਪੈਂਦੀ ਹੈ ਸਾਨੂੰ। ਇਹ ਕਿਵੇਂ ਲੇਖੇ 'ਚ ਲਗ ਸਕਦੈ ਵੱਧ ਤੋਂ ਵੱਧ ਸਾਡਾ ਸਮਾਂ। ਬਚਪਨ ਤੋਂ ਅਸੀਂ ਚੱਲੇ ਹੋਏ ਹਾਂ, ਬਾਣੀ ਵੀ ਪੜ੍ਹਦੇ ਹਾਂ, ਸਤਿਸੰਗ ਵੀ ਕਰਦੇ ਹਾਂ। ਇਹ ਹੋਰ ਕਿਸ ਤਰ੍ਹਾਂ ਲੇਖੇ ਵਿਚ ਲਗ ਸਕਦੈ। ਇਹ ਵਿਚਾਰਾਂ ਨੇ ਜੋ ਸਾਨੂੰ ਕਰਨੀਆਂ ਚਾਹੀਦੀਆਂ ਨੇ, ਹਿਰਦੇ 'ਚ ਧਾਰਨੀਆਂ ਚਾਹੀਦੀਆਂ ਨੇ। ਗਾਉਣਾ, ਸੁਣਨਾ ਹੋਰ ਚੀਜ਼ ਹੈ, ਮਹਾਰਾਜ ਨੇ ਇਸ ਨੂੰ ਪ੍ਰਵਾਨ ਨਹੀਂ ਕਰਿਆ। ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਦਾ ਦਰਜਾ ਰਖਦੀ ਹੈ, ਉਨ੍ਹਾਂ ਨੇ ਫੁਰਮਾਨ ਕੀਤਾ ਹੈ -

*ਗਾਇ ਸੁਨੈ ਆਂਖੇ ਮੀਚੈ ਪਾਈਐ ਨ ਪਰਮ ਪਦੁ*
*ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ॥*
*ਕਬਿੱਤ, ਭਾਈ ਗੁਰਦਾਸ ਜੀ ੪੩੯*

ਗਾਓ ਤੇ ਸੁਣੋ, ਅੱਖਾਂ ਵੀ ਬੰਦ ਕਰ ਲਓ। ਜਿੰਨਾਂ ਚਿਰ ਰਿਦੇ ਦੇ ਵਿਚ ਨਹੀਂ ਵਸਦਾ, ਓਨੀਂ ਦੇਰ ਤੱਕ ਗਾਉਣ ਸੁਣਨਾ ਆਪਣੀ ਮਹੱਤਤਾ ਤਾਂ ਰੱਖਦੈ, ਕਿਉਂਕਿ ਸੁਣਨ ਦਾ ਫਲ ਹੁੰਦੈ, ਗਾਉਣ ਦਾ ਫਲ ਹੁੰਦੈ, ਪਰ ਪਰਮ ਪਦ ਦੀ ਪ੍ਰਾਪਤੀ ਨਹੀਂ ਹੁੰਦੀ। ਹੇਠਲੇ ਪਦਾਂ ਦੀ ਪ੍ਰਾਪਤੀ ਹੋ ਜਾਏਗੀ, ਪੁੰਨਾਂ ਦੀ ਪ੍ਰਾਪਤੀ ਹੋ ਜਾਏਗੀ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ- ੫੪੬*

ਪਰਮ ਪਦ ਦੀ ਪ੍ਰਾਪਤੀ ਨਹੀਂ ਹੋਏਗੀ, ਜਿਹਦੇ ਵਲ ਇਸ਼ਾਰਾ ਕੀਤਾ ਗਿਐ। ਸਤਿਸੰਗ ਦਾ ਮਨੋਰਥ ਹੁੰਦੈ ਕਿ ਜੀਵ ਇਸ ਕਾਲ ਦੇ ਚੱਕਰ 'ਚੋਂ ਜਿਸਦੇ ਵਿਚ ਅਰਬਾਂ ਖਰਬਾਂ ਸਾਲਾਂ ਤੋਂ ਪਿਆ ਹੋਇਆ ਇਹ ਭੁਆਟਣੀਆਂ ਲੈਂਦੈ, ਚੌਰਾਸੀ ਲੱਖ ਜੂਨਾਂ 'ਚ ਘੁੰਮ ਕੇ ਫੇਰ ਮਨੁੱਖ ਬਣਦੈ, ਫੇਰ ਮੁੜ ਕੇ ਕਰਮ ਕਰਦੈ, ਫੇਰ ਉਹਨਾਂ ਨੂੰ ਭੋਗਣ ਵਾਸਤੇ ਹੇਠਾਂ ਨੂੰ ਜਾਂਦੈ। ਜਿਵੇਂ ਹਲਟ ਦੀਆਂ ਟਿੰਡਾਂ ਹੁੰਦੀਆਂ ਨੇ, ਉਸ ਤਰ੍ਹਾਂ ਭਰ ਜਾਂਦੈ, ਫੇਰ ਉੱਤੇ ਆਉਂਦੈ, ਸੱਖਣੀ ਹੋ ਜਾਂਦੀ ਹੈ, ਫੇਰ ਹੇਠਾਂ ਨੂੰ ਚਲੀ ਜਾਂਦੀ ਹੈ, ਠੀਕ ਇਹੀ ਹਾਲ ਸਾਡਾ ਕਿਹਾ ਨਹੀਂ ਜਾ ਸਕਦਾ ਕਦੋਂ ਤੋਂ ਹੋਇਐ। ਜੇ ਤਾਂ ਇਹ ਪਤਾ ਹੋਵੇ ਕਿ ਧਰਤੀ ਜਿਹੜੀ ਹੈ ਇਹ ਕਿਹੜੀ ਤਰੀਕ ਨੂੰ ਬਣਾਈ ਸੀ ਤੇ ਸਾਡਾ ਵਜੂਦ ਕਦੋਂ ਕਾਇਮ ਹੋਇਆ ਸੀ, ਸਾਨੂੰ ਇਹ ਵੀ ਨਹੀਂ ਪਤਾ ਕਿ ਅਸੀਂ ਪਹਿਲਾਂ ਦਰਖਤ ਬਣੇ ਸੀ ਕਿ ਮੱਛੀਆਂ ਵਿਚ ਗਏ ਸੀ ਜਾਂ ਉੱਡਣ ਵਾਲੇ ਪੰਛੀ ਬਣੇ ਸੀ, ਵਾਹਿਗੁਰੂ ਜਾਣਦੈ, ਜਿਸਨੇ ਸ੍ਰਿਸ਼ਟੀ ਸਾਜੀ ਹੈ। ਇਸਦੀ ਕੋਈ ਕੀਮਤ

ਪਾ ਨਹੀਂ ਸਕਦਾ -

*ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥*

*ਅੰਗ- ੧੧੯੩*

ਕਿਹੜਾ ਕੀਮਤ ਪਾਵੈ, ਕਿਹੜਾ ਦਸ ਸਕਦੈ। ਵਾਹਿਗੁਰੂ ਨੂੰ ਆਪ ਹੀ ਪਤੈ, ਕਿਉਂਕਿ ਮੁਦਤਾਂ ਹੋ ਗਈਆਂ ਚੱਕਰ ਖਾਂਦਿਆਂ ਨੂੰ। ਮਹਾਰਾਜ ਕਹਿੰਦੇ, ਇਹ ਚੱਕਰ ਖਾਂਦਾ-ਖਾਂਦਾ, ਕਿਤੇ ਸ਼ੁੱਭ ਕਰਮਾਂ ਦੇ ਬਲ ਨਾਲ ਇਹ ਸਤਿਸੰਗਤ 'ਚ ਆ ਆਵੇ -

*ਕਬਹੂ ਸਾਧਸੰਗਤਿ ਇਹੁ ਪਾਵੈ ॥ ਅੰਗ- ੨੭੮*

ਕਦੇ ਇਸਨੂੰ ਸਤਿਸੰਗ ਦੀ ਪ੍ਰਾਪਤੀ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਵੇ, ਜਿਸਨੂੰ ਸਾਧੂ ਕਹਿੰਦੇ ਨੇ, ਸੰਤ ਕਹਿੰਦੇ ਨੇ, ਕਿਤੇ ਹੋ ਜਾਵੇ। ਕਿਉਂ ਮਹਾਰਾਜ ਨੇ ਇਸਨੂੰ ਆਮ ਨਹੀਂ ਬਣਾਇਆ। ਉਹ ਇਸ ਕਰਕੇ ਨਹੀਂ ਬਣਾਇਆ, ਨਾ ਸਾਧੂ ਹੁੰਦੈ, ਨਾ ਸੰਤ ਹੁੰਦੈ, ਹੋਰ ਕੁਛ ਹੁੰਦੈ, ਭੇਖ ਜ਼ਰੂਰ ਹੁੰਦੈ, ਉਹਦੇ ਵਿਚ ਵੀ ਅਦਲੀਆਂ-ਬਦਲੀਆਂ ਹੁੰਦੀਆਂ ਰਹਿੰਦੀਆਂ ਨੇ। ਉਹ ਵੀ ਉਸ ਤਰ੍ਹਾਂ ਦਾ ਹੀ ਨਹੀਂ ਰਹਿੰਦਾ, ਬਦਲ ਜਾਂਦਾ ਹੈ-ਆਦਮੀ ਦੀ ਰੁਚੀ ਦੇ ਅਨੁਸਾਰ। ਮੈਂ ਸੋਹਣਾ ਲੱਗਾਂ, ਐਹੋ ਜਿਹਾ ਰੰਗ ਪਾਵਾਂ, ਇਹੋ ਜਿਹੇ ਕੱਪੜੇ ਪਾਵਾਂ। ਉਹ ਤਾਂ ਮਿਲ ਜਾਏਗਾ ਤੁਹਾਨੂੰ ਚੰਗੇ ਤੋਂ ਚੰਗਾ ਪਰ ਸਾਧੂ ਨਹੀਂ ਮਿਲੇਗਾ, ਸੰਤ ਨਹੀਂ ਮਿਲੇਗਾ। ਇਹ ਟਾਂਵਾਂ ਹੈ, ਮਹਾਰਾਜ ਨੇ ਤਾਂ ਹੱਦ ਲਾ ਦਿਤੀ, ਲੇਕਿਨ ਹੱਦ ਪੂਰੀ ਤਰ੍ਹਾਂ ਨਹੀਂ ਲਾਈ ਹੈ, ਜੋ ਅਸੀਂ ਜਾਣ ਸਕੀਏ। ਜੇ ਤਾਂ ਮਹਾਰਾਜ ਗਿਣਤੀ ਕਰ ਦਿੰਦੇ ਉਨ੍ਹਾਂ ਨੇ ਇਹ ਕਹਿ ਦਿਤਾ ਕਿ ਕਰੋੜਾਂ 'ਚ ਇਕ ਮਿਲ ਜਾਏਗਾ। ਜੇ ਦਸ ਕਰੋੜ ਕਹਿੰਦੇ ਅਸੀਂ ਜਾਣ ਜਾਂਦੇ ਕਿ ਸਾਡੀ ਅਬਾਦੀ ਇਸ ਵੇਲੇ ਪੰਜ ਅਰਬ ਤੋਂ ਟੱਪ ਚੁੱਕੀ ਹੈ ਛੇ ਦੇ ਨੇੜੇ ਲੱਗਣ ਵਾਲੀ ਹੈ। 1 ਅਰਬ ਦੀ ਅਬਾਦੀ ਪਿੱਛੇ 10 ਸੰਤ ਹੋ ਜਾਣਗੇ। ਛੇ ਅਰਬ ਦੀ ਅਬਾਦੀ ਪਿੱਛੇ 60 ਤਾਂ ਦੁਨੀਆਂ ਵਿਚ ਰਹਿਣੇ ਹੀ ਰਹਿਣੇ ਨੇ। ਇਹ ਤਾਂ ਬੜੀ ਨਾਯਾਬ ਚੀਜ਼ ਹੈ। ਨਾਯਾਬ ਕਹਿੰਦੇ ਨੇ ਜਿਹੜੀ ਚੀਜ਼ ਸੁਖਾਲੀ ਨਾ ਮਿਲ ਸਕੇ। ਉਹਦੇ ਵਿਚ ਵੀ ਆਪ ਫੁਰਮਾਉਂਦੇ ਨੇ ਕਿ ਇਵੇਂ ਕਿਵੇਂ ਸੰਤ ਮਿਲ ਨਹੀਂ ਸਕਿਆ ਕਰਦਾ। ਬਹੁਤ ਮੁਸ਼ਕਲ ਹੈ, ਪ੍ਰਮੇਸ਼ਰ ਦੀ ਦਇਆ ਹੋ ਜਾਵੇ, ਉਹ ਵੀ ਪਿਛਲੇ ਜਨਮਾਂ ਦਾ ਤਪ ਹੋਵੇ ਬਹੁਤ, ਪੁੰਨ ਹੋਵੇ, ਦਾਨ ਹੋਵੇ, ਕਰਮ ਐਸੇ ਸ਼ੁਭ ਹੋਣ ਕਿ ਉਹ ਕਰਮ ਦਾ ਸਮਾਂ ਆ ਜਾਵੇ, ਫਲ ਦੇਣ ਦਾ, ਉਸ ਵੇਲੇ ਕੀ ਹੁੰਦੈ, ਜੀਵ ਦੇ ਮਸਤਕ ਦੇ ਵਿਚ ਇਕ ਕਲਮ ਵੱਗ ਜਾਂਦੀ ਹੈ। ਉਹ ਇਹ ਹੁੰਦੀ ਹੈ ਕਿ ਇਸ ਵਾਰੀ ਇਸ ਨੂੰ ਸਮਰੱਥ ਗੁਰੂ ਮਿਲ ਜਾਏਗਾ -

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅੰਗ- ੪੫੦*

ਧੁਰ ਦਰਗਾਹ ਦੀ ਬਾਤ ਹੈ ਇਹ, ਸਤਿਗੁਰੂ ਮਿਲ ਜਾਣਾ, ਸਾਧੂ ਦਾ ਮਿਲਾਪ ਹੋ ਜਾਣਾ ਇਹ ਵਾਹਿਗੁਰੂ ਦੇ ਹੱਥ ਵਿਚ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ- ੨੦੪*

ਜਦੋਂ ਪਿਛਲੇ ਪੁੰਨ ਕਰਮਾਂ ਦਾ ਅੰਕੁਰ ਫੁੱਟਣ ਦਾ ਵਕਤ ਆ ਗਿਆ, ਉਸ ਵੇਲੇ ਪ੍ਰਮੇਸ਼ਰ ਨੇ ਰਸੀਆ ਮਹਾਤਮਾ ਮਿਲਾ ਦਿਤਾ। ਗਿਆਨੀ ਨਹੀਂ, ਖੁਸ਼ਕ ਮਹਾਤਮਾ ਨਹੀਂ, ਜਿਸਦੇ ਅੰਦਰ ਰਸ ਹੈ, ਜਿਹਦੇ ਨੇੜੇ ਜਾ ਕੇ ਝਰਨਾਟਾਂ ਝਿੜਦੀਆਂ ਨੇ, ਐਸਾ ਮਹਾਂਪੁਰਸ਼ ਜਿਹਦੇ ਨੇਤਰਾਂ ਵਲ ਦੇਖਦੇ ਸਾਰ ਅੰਦਰ ਕੁਛ ਹੋਣ ਲਗ ਜਾਂਦੈ। ਬਚਨ ਸੁਣਦੇ ਸਾਰ ਕੁਛ ਅੰਦਰ ਹੋਣ ਲਗ ਜਾਂਦੈ। ਉਹ ਪਰਵਾਨ ਰੂਹ ਮਿਲ ਜਾਂਦੀ ਹੈ। ਉਹਦੀ ਨਿਸ਼ਾਨੀ ਫੇਰ ਕੀ ਹੁੰਦੀ ਹੈ? ਮਿਲਣ 'ਤੇ ਕੀ ਹੁੰਦੈ? ਕਹਿੰਦੇ - 'ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ' ਜਿਹੜਾ ਸਾਡੇ ਅੰਦਰ ਭਰਮ (illusion), ਅਗਿਆਨਤਾ (ignorance) ਮਾਇਆ, ਅਵਿਦਿਆ, ਹਉਮੈ ਕਹਿ ਲਓ, ਅਗਿਆਨ ਕਹਿ ਲਓ, ਕੋਈ ਨਾਮ ਰੱਖ ਲਓ ਤੁਸੀਂ ਇਸ ਦਾ। ਉਹ ਮਿਟ ਜਾਂਦੈ, ਉਹ ਹਨ੍ਹੇਰਾ ਖਤਮ ਹੋ ਜਾਂਦੈ, ਕੋਈ ਸੂਰਜ, ਚੰਦਰਮਾ, ਤਾਰੇ ਉਸ ਹਨ੍ਹੇਰੇ ਨੂੰ ਦੂਰ ਨਹੀਂ ਕਰ ਸਕਦੇ। ਇਕ ਥਾਂ ਮਹਾਰਾਜ ਜੀ ਨੇ ਇਸ ਦੇ ਉਤੇ ਬੜੀ ਮਹੱਤਤਾ ਦਿੰਦੇ ਹੋਏ ਐਸਾ ਫੁਰਮਾਨ ਕੀਤੈ -

*ਧਾਰਨਾ - ਬਿਨਾਂ ਗੁਰਾਂ ਤੋਂ ਨਾ ਮਿਟਦਾ ਅੰਧੇਰਾ,*
*ਚੰਦ ਭਾਵੇਂ ਸੌ ਚੜ੍ਹ ਜਾਏ।*

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ੨ ॥*
*ਮਃ ੧ ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ ੩ ॥*

*ਅੰਗ- ੪੬੩*

ਜੇ ਤਾਂ ਜ਼ਿੰਦਗੀ ਦੇ ਅੰਦਰ ਐਸਾ ਗੁਰੂ ਮਿਲ ਗਿਆ ਤਾਂ, ਜੀਵਨ ਸਫਲ ਹੈ, ਲੇਖੇ ਵਿਚ ਲੱਗਿਆ ਹੈ। ਨਹੀਂ ਤਾਂ ਮਹਾਰਾਜ ਕਹਿੰਦੇ ਜਿਵੇਂ ਤਿਲਾਂ ਦੇ ਵਿਚ ਸੁਆਹ ਪੈ ਜਾਂਦੀ ਹੈ, ਡੋਡੀਆਂ ਦੇ ਵਿਚ, ਕਿਸਾਨ ਨਹੀਂ ਵੱਢਿਆ ਕਰਦਾ, ਉਹਨੂੰ ਬੁਆੜ ਤਿਲ ਕਹਿੰਦੇ ਨੇ। ਜੇ ਕਿਤੇ ਦਾਤੀ ਨਾਲ ਕੱਟ ਲਵੇ, ਉਹਦੇ ਕੱਪੜਿਆਂ ਦੇ ਉਤੇ ਸੁਆਹ ਗਿਰ ਜਾਂਦੀ ਹੈ। ਉਹਨੂੰ ਕੁਛ ਨਹੀਂ ਕਰਦਾ, ਛੇੜਦਾ ਨਹੀਂ ਹੈ। ਜਿਹੜੇ ਡੰਗਰ ਚਾਰਦੇ ਨੇ ਮੁੰਡੇ, ਉਹ ਸੋਟੀਆਂ ਦੇ ਨਾਲ ਉਹਨੂੰ ਭੰਨ ਸੁਟਦੇ ਨੇ। ਕਹਿੰਦੇ, ਉਹ ਆਦਮੀ ਕਿੱਡਾ

ਹੀ ਖੂਬਸੂਰਤ ਕਿਉਂ ਨਾ ਹੋਵੇ, ਕਿੰਨਾ ਧਨੀ ਕਿਉਂ ਨਾ ਹੋਵੇ, ਕਿੱਡੀ ਉਹਦੀ ਮਹਿਮਾ ਕਿਉਂ ਨਾ ਹੋਵੇ, ਉਹ ਬੁਆੜ ਤਿਲ ਵਰਗਾ ਹੈ। ਕਿਉਂ ਹੈ? ਕਿਉਂਕਿ ਉਹਦਾ ਅੰਦਰਲਾ ਅਜੇ ਹਨ੍ਹੇਰਾ ਨਹੀਂ ਮਿਟਿਆ, ਅੰਧਕਾਰ ਖਤਮ ਨਹੀਂ ਹੋਇਆ ਉਹਦੇ ਅੰਦਰ। ਅੰਧਕਾਰ ਦੇ ਵਿਚ ਜੀਵਨ ਜਿਉਂ ਰਿਹਾ ਹੈ। ਜੇ ਕਰਮ ਜਾਗ ਪੈਣ ਵਾਹਿਗੁਰੂ ਦੀ ਹੋ ਜਾਏ ਕਿਰਪਾ ਤਾਂ ਕੋਈ ਰਸਕ ਬੈਰਾਗੀ ਮਿਲ ਜਾਂਦੈ। ਉਹਦੇ ਮਿਲਣ ਨਾਲ –

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

ਹਨ੍ਹੇਰਾ ਪਿਆ ਹੋਇਆ ਹੈ। ਰੱਬ ਤੇ ਜੀਵ ਦੋਵੇਂ ਇਕੱਠੇ ਰਹਿੰਦੇ ਨੇ, ਦੋਹਾਂ ਦਾ ਭੇਰਾ ਜਿੰਨਾਂ ਵੀ ਫਰਕ ਨਹੀਂ ਹੈ –

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥* *ਅੰਗ- ੧੨੬੩*

ਇਕ ਖਿਆਲ ਹੈ, ਉਸ ਖਿਆਲ ਨੇ ਦੋਹਾਂ ਨੂੰ ਅੱਡ-ਅੱਡ ਕਰ ਦਿਤਾ। ਖਿਆਲ ਵਿਚ ਬੜੀ ਤਾਕਤ ਹੁੰਦੀ ਹੈ। ਇਥੋਂ ਖਿਆਲ ਕਿਸੇ ਬਾਰੇ ਮਾੜੇ ਚਿਤਵਨੇ ਸ਼ੁਰੂ ਕਰ ਦਿਓ, ਉਹਦੇ ਕੋਲ ਜਾ ਪਹੁੰਚਦੇ ਨੇ ਉਸੇ ਵੇਲੇ ਹੀ। ਖਿਆਲ ਦੀ ਇਧਰੋਂ ਲਹਿਰ ਜਾਂਦੀ ਦਿਸਦੀ ਹੈ, ਖਿਆਲ ਏਧਰੋਂ ਚਿਤਵਦੇ ਹਾਂ, ਓਧਰ ਚਲਿਆ ਜਾਂਦੈ, ਦੂਰ ਚਲੇ ਜਾਂਦੇ ਨੇ। ਜਿੰਨਾਂ ਹਿਰਦਾ ਸ਼ੁੱਧ ਹੁੰਦੈ, ਓਨਾਂ ਉਹਨੂੰ ਛੇਤੀ ਪਤਾ ਲਗ ਜਾਂਦੈ। ਮੈਲੇ ਹਿਰਦੇ ਵਾਲੇ ਨੂੰ ਹੌਲੀ ਪਤਾ ਲਗਦੈ। ਉਹ ਇਕ ਖਿਆਲ ਹੈ, ਉਹਦੇ ਵਿਚ ਇਹ ਮੈਂ ਬਣਿਆ ਹੋਇਐ ਕਿ ਮੈਂ ਹਾਂ। ਕਹਿੰਦੇ, ਇਹ ਤੋੜ ਕੇ ਰੱਖਦੈ, 'ਵਿਚਿ ਹਉਮੈ ਭੀਤਿ ਕਰਾਰੀ।' ਇਕੋ ਘਰ ਦੇ ਵਿਚ ਦੋਵੇਂ ਇਕੱਠੇ ਰਹਿੰਦੇ ਨੇ –

*ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ*
*ਮਿਲਿ ਬਾਤ ਨ ਕਰਤੇ ਭਾਈ ॥* *ਅੰਗ- ੨੦੫*

ਓਪਰੇ ਬਣੇ ਰਹਿੰਦੇ ਨੇ। ਵਾਹਿਗੁਰੂ ਨਾਲ ਹੈ ਤੇ ਇਹ ਨਾਲ ਹੈ। ਕਿਉਂ ਨਾਲ ਹੈ ਕਿਉਂਕਿ ਜੀਵ ਨੂੰ ਪਤਾ ਨਹੀਂ ਹੈ। ਉਹ ਤਾਂ ਜਾਣਦੈ, ਇਹ ਸੁੱਤਾ ਪਿਆ ਜੀਵ ਨਹੀਂ ਜਾਣਦਾ। ਇਹਨੂੰ ਨਹੀਂ ਪਤਾ ਕਿ ਜਿਹਨੂੰ ਮੈਂ ਟੋਲ੍ਹਦਾ ਫਿਰਦਾ ਹਾਂ, ਸੁੱਖਾਂ ਦੇ ਸਾਗਰ ਨੂੰ ਉਹ ਹੈ ਕਿੱਥੇ। ਹਨ੍ਹੇਰੇ ਵਿਚ ਕੋਈ ਚੀਜ਼ ਕੋਲ ਪਈ ਹੋਵੇ। ਉਹਦੇ ਵਿਚ ਪਤਾ ਹੀ ਨਹੀਂ ਲਗਦਾ ਕਿ ਆਹ ਕੋਠੀ ਵਿਚ ਆ ਗਏ। ਹਨ੍ਹੇਰ ਗਵਾਰ ਪਿਐ। ਇਥੇ ਕੀ ਹੈ, ਕੀ ਨਹੀਂ ਹੈ, ਜੇ ਹਨ੍ਹੇਰੇ ਵਿਚ ਤੁਰਾਂਗੇ ਤਾਂ ਕਿਤੇ ਸੋਫਾ ਗੋਡੇ 'ਚ ਲੱਗਿਆ, ਕਿਤੇ ਟੇਬਲ ਗਿਰ ਗਿਆ ਛੋਟਾ, ਲੱਤਾਂ ਗੋਡੇ ਭੰਨਾ ਲਵਾਂਗੇ, ਕਿਉਂਕਿ ਹਨ੍ਹੇਰਾ ਹੈ। ਸੁਖ ਦੀਆਂ ਚੀਜ਼ਾਂ ਸਨ ਪਰ ਹਨ੍ਹੇਰੇ ਕਰਕੇ ਦੁਖ ਦੀਆਂ ਬਣ ਗਈਆਂ। ਕਿਸੇ ਟੇਬਲ ਦੇ ਉਤੇ ਇਲੈਕਟ੍ਰਿਕ ਲੈਂਪ ਖੜ੍ਹੈ, ਮੱਥੇ 'ਚ ਲੱਗਿਆ ਆ ਕੇ, ਉਹਨੇ ਤਾਂ ਚਾਨਣਾ ਕਰਨਾ ਸੀ, ਬਲਬ ਵੀ ਭੰਨ ਲਿਆ। ਹਨ੍ਹੇਰੇ ਦਾ ਕੰਮ ਜਿਹੜੈ ਇਹ ਦੁਖ ਦਿੰਦੈ –

*ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥* *ਅੰਗ- ੩੨੫*

ਰਾਜਾ ਵੀ ਰੋਂਦੈ, ਗਰੀਬ ਵੀ ਰੋਂਦੈ ਕਿਉਂਕਿ ਹਨ੍ਹੇਰਾ ਹੈ। ਹਨ੍ਹੇਰਾ ਮਹਾਰਾਜ ਕਹਿੰਦੇ ਤੁਹਾਡੇ ਅੰਦਰ ਪਿਆ ਹੋਇਐ। ਜ਼ਬਰਦਸਤ ਹਨ੍ਹੇਰਾ। ਜਦੋਂ ਤਕ ਹਨ੍ਹੇਰੇ ਨੂੰ ਪ੍ਰਕਾਸ਼ ਕਰਨ ਵਾਲਾ ਕੋਈ ਮਿਲਦਾ ਨਹੀਂ, ਅੰਦਰ ਚਾਨਣਾ ਨਹੀਂ ਹੁੰਦਾ। ਸ਼ਬਦ ਦਾ ਪ੍ਰਕਾਸ਼ ਅੰਦਰ ਨਹੀਂ ਹੁੰਦਾ –

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥* *ਅੰਗ- ੧੨੪*

ਨਾ ਤਾਂ ਆਤਮ ਵਸਤੂ ਦਾ ਪਤਾ ਲਗਦੈ ਤੇ ਨਾ ਸਾਡਾ ਆਉਣਾ ਜਾਣਾ, ਜੰਮਣਾ ਮਰਨਾ ਛੁਟਦੈ। ਕਿਉਂਕਿ ਹਨ੍ਹੇਰੇ ਨੂੰ ਦੂਰ ਕਰਨ ਵਾਲਾ ਨਹੀਂ ਅਜੇ ਤੱਕ ਮਿਲਿਆ–

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥* *ਅੰਗ- ੧੨੪*

ਹੋਰ ਕਿਸੇ ਦੇ ਕੋਲ ਇਹ ਤਾਕਤ ਨਹੀਂ ਹੈ ਕਿ ਇਹ ਦਰਵਾਜ਼ਾ ਖੋਲ੍ਹ ਦੇਵੇ, ਪਰ ਪੂਰੇ ਭਾਗ ਬਣਨ ਤਾਂ ਗੁਰੂ ਦਾ ਮਿਲਾਪ ਹੁੰਦੈ, ਐਵੇਂ ਤਾਂ ਨਹੀਂ ਨਾ ਹੁੰਦਾ। ਅਸੀਂ ਤਾਂ ਕਹਿ ਦਿੰਦੇ ਹਾਂ ਕਿ ਜੀ ਅਸੀਂ ਦਸ ਲੱਖ ਨੂੰ ਅੰਮ੍ਰਿਤ ਛਕਾ ਦਿਤਾ। ਕੀ ਕਰ ਦਿਤਾ ਇਹਦੇ 'ਚ? ਪ੍ਰਕਾਸ਼ ਹੋ ਗਿਆ ਉਹਨਾਂ ਦੇ ਦਿਲਾਂ 'ਚ? ਫੇਰ ਸੋਚਣਾ ਪੈਂਦੈ ਕਿ ਗੱਲ ਕੀ ਹੋਈ? ਕਿਸ ਥਾਂ ਤੋਂ ਗਲਤ ਹੋ ਗਈ ਗੱਲ। ਕਿ ਗੱਲ ਬਣਦੀ ਨਹੀਂ ਹੈ ਕਿਸੇ ਤਰੀਕੇ ਦੇ ਨਾਲ। ਉਹ ਕਹਿੰਦੇ ਨਾਮ ਜਪੋ। ਸ੍ਰੀ ਗੁਰੂ ਗ੍ਰੰਥ ਸਾਹਿਬ ਤੁਹਾਡੇ ਗੁਰੂ ਨੇ। ਗੁਰੂ ਗ੍ਰੰਥ ਸਾਹਿਬ ਜੀ ਕੋਲ ਜਾਂਦੇ ਹਾਂ। ਬਾਣੀ ਸੁਣੀ ਜਾਂਦੇ ਹਾਂ, ਕਹਿੰਦੇ ਮੈਂ ਐਨਾ ਪਾਠ ਕਰ ਦਿਤਾ, ਮੈਂ 50 ਪਾਠ ਕਰ ਦਿਤੇ। ਉਹ ਕਹਿੰਦੇ, ਦੇਖ ਪਿਆਰਿਆ! ਜੇ ਤੂੰ ਕੁਛ ਲੈਣੈ ਤਾਂ ਜਿਹੜੇ ਮੇਰੇ ਨਾਲ ਅਭੇਦ ਹੋ ਚੁੱਕੇ ਨੇ, ਮੇਰਾ ਤੇ ਜਿਹਨਾਂ ਦੇ ਵਿਚ ਫਰਕ ਨਹੀਂ ਹੈ ਉਹਨਾਂ ਦੇ ਕੋਲ ਜਾਹ ਤੂੰ। ਉਹ ਤੇਰਾ ਸ਼ੰਕਾ ਨਵਿਰਤ ਕਰ ਦੇਣਗੇ। ਤੈਨੂੰ ਰਾਹ 'ਤੇ ਪਾ ਦੇਣਗੇ। ਨਿਸ਼ਾਨੀ ਅਸੀਂ ਦਸ ਦਿੰਦੇ ਹਾਂ –

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥* *ਅੰਗ- ੩੧੯*

ਸੰਤਾਂ ਦੀ ਤੂੰ ਸੰਗਤ ਕਰ, ਸਾਧੂਆਂ ਦੀ ਸੰਗਤ ਕਰ। ਪਰ ਪੂਰੇ ਭਾਗ ਬਣਨ ਤਾਂ ਹੁੰਦੀ ਹੈ, ਨਹੀਂ ਤਾਂ ਹੁੰਦੀ ਨਹੀਂ –

*ਬਿਨੁ ਭਾਗਾ ਸਤਸੰਗੁ ਨ ਲਭੈ ............॥* *ਅੰਗ- ੯੫*

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੂਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਇਸ ਤਰ੍ਹਾਂ ਤਾਂ ਮਿਲਦੀ ਨਹੀਂ ਹੈ, ਇਸ ਕਰਕੇ ਹਨ੍ਹੇਰਾ ਦੂਰ ਹੁੰਦੈ। ਜੇ ਕਰਮ ਬਣਨ ਤੇ ਰਸਕ ਬੈਰਾਗੀ ਮਿਲ ਜਾਵੇ - ***'ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥'*** ਸੁਰਤ ਸੁੱਤੀ ਪਈ ਹੈ। ਇਹ ਸੁੱਤੀ ਪਈ ਸੁਰਤ ਨੂੰ ਪਤਾ ਹੀ ਨਹੀਂ ਲਗਦਾ ਕਿ ਕੀ ਹੈ। ਰਸਕ ਬੈਰਾਗੀ ਨਹੀਂ ਕੋਈ ਮਿਲਦਾ, ਉਹਦੀ ਥਾਂ 'ਤੇ ਜਿਹੜੇ ਕੋਈ ਮਿਲਦੇ ਨੇ, ਉਹਨਾਂ ਦਾ ਭੇਖ ਤਾਂ ਜ਼ਰੂਰ ਹੈ, ਪਛਾਣ ਕਰ ਲੈਂਦੇ ਹਾਂ ਕਿ ਆਹ ਸੰਤ ਹੋਣੈ। ਲੇਕਿਨ ਜਿਹੜਾ ਵਿਚ ਸੰਤਪੁਣਾ ਉਹ ਗਾਇਬ ਹੈ। ਉਹ ਨਹੀਂ ਹੈ। ਕਿਉਂਕਿ ਉਥੇ ਮਾਇਆ ਵਲ ਰੁਚੀ ਹੈ, ਰੱਬ ਵੱਲ ਰੁਚੀ ਨਹੀਂ ਹੈ। ਅੰਦਰ ਪ੍ਰਕਾਸ਼ ਨਹੀਂ ਹੋਇਆ, ਚਾਨਣਾ ਨਹੀਂ ਆਇਆ, ਅਜੇ ਹਨ੍ਹੇਰੇ 'ਚ ਘੁੰਮਦਾ ਫਿਰਦੈ, ਚਲਾਕੀਆਂ ਕਰਦੈ। ਜੁਗਤਾਂ ਸੋਚਦੈ ਕਿ ਕਿਵੇਂ ਪੈਸਾ ਆ ਜਾਵੇ। ਡੇਰੇ 'ਚ ਬਹਿ ਗਿਆ ਕਿ ਜੇ ਅਖੰਡਪਾਠ ਸਾਹਿਬ ਆਪ ਕਰੀਏ, ਬੜਾ ਪੈਸਾ ਆ ਜਾਂਦੈ। ਵਹਿਮਪ੍ਰਸਤੀ ਸ਼ੁਰੂ ਕਰ ਦਏਗਾ। ਹਰ ਬੰਦੇ ਨੂੰ ਕਹੇਗਾ ਕਿ ਤੂੰ ਪਾਠ ਕਰਾ, ਪਾਠ ਕਰਾ। ਉਹ ਇਕ ਕਿੱਤਾ ਤੋਰ ਲਿਆ ਆਪ ਦਾ। ਵਹਿਮ ਦੇ ਵਿਚ ਪਾਈ ਜਾਂਦੈ। ਪੈਸਾ ਕਮਾਉਣੈ। ਪੈਸਾ ਕਮਾਉਣੈ ਕਿਸੇ ਤਰੀਕੇ ਨਾਲ। ਪੈਸਾ ਚਾਹੇ ਗੱਲਾਂ ਚਲਾ ਕੇ ਮਿਲ ਜਾਵੇ, ਚਾਹੇ ਕੋਈ ਪਾਖੰਡ ਕਰਕੇ ਮਿਲ ਜਾਵੇ, ਚਾਹੇ ਕੋਈ ਭੇਖ ਧਾਰ ਕੇ ਮਿਲ ਜਾਵੇ। ਚਾਹੇ ਕਿਸੇ ਤੋਂ ਖੋਹ ਖਿੰਝ ਕੇ ਮਿਲ ਜਾਵੇ। ਪੈਸੇ ਦੀ ਰੁਚੀ ਜਿਹੜੀ ਹੈ ਉਹ ਅੰਦਰ ਹੋਣ ਕਰਕੇ, ਭੇਖ ਤਾਂ ਹੈਗਾ ਲੇਕਿਨ ਸਾਧੂ ਨਹੀਂ ਹੈਗਾ। ਇਹ ਜਿਹੜਾ ਆਮ ਬੰਦਾ ਹੈ ਉਹ ਬਹੁਤ ਅੱਛਾ ਹੈ। ਉਹਦੇ ਅੰਦਰ ਅਜੇ crookedness (ਕੁਟਲਤਾ) ਨਹੀਂ ਆਈ। ਆਇਆ ਹੈ ਕਿ ਮੇਰਾ ਕੋਈ ਭਲਾ ਹੋ ਜਾਵੇ। ਮੈਨੂੰ ਕੋਈ ਰਾਹ ਲੱਭ ਜਾਵੇ, ਉਹ ਬਹੁਤ ਵਧੀਆ ਹੈ। ਜਿਹਦੇ ਅੰਦਰ ਕੁਟਲਤਾ ਆ ਗਈ, ਸਾਧੂ ਵੀ ਬਣ ਗਿਆ ਤੇ ਬਿਰਤੀ ਅਜੇ ਸਾਫ ਨਹੀਂ ਹੋਈ ਉਹਦੀ। ਉਹਦੀ ਬਿਰਤੀ ਦੇ ਵਿਚ ਜੇ ਅਜੇ ਮਿਲਾਵਟਾਂ ਪਈਆਂ ਨੇ। ਉਹਦਾ ਤਾਂ ਕੁਛ ਵੀ ਨਹੀਂ ਬਣਦਾ, ਉਹਦਾ ਉਧਾਰ ਹੋਣਾ ਔਖੈ ਤੇ ਜਿਹੜਾ ਆਮ ਬੰਦਾ, ਸਾਧਾਰਣ ਹੁੰਦੈ, ਉਹ ਛੇਤੀ ਪਾ ਸਕਦੈ। ਕਿਉਂਕਿ ਕੁਟਲਤਾ ਵਾਲਾ ਵਿਗੜ ਗਿਆ, ਕੱਚੇ ਦੁੱਧ 'ਚ ਖੱਟਾ ਚਲਿਆ ਗਿਆ, ਮਹਾਰਾਜ ਕਹਿੰਦੇ ਉਹ ਕਾਂਜੀ ਬਣ ਗਈ, ਹੁਣ ਰਿੜਕੀ ਜਾਓ ਕਦੇ ਵੀ ਨਹੀਂ ਮੱਖਣ ਆਉਂਦਾ ਕਿਉਂਕਿ ਉਹ ਪਤਿਤ ਹੋ ਗਿਆ, ਆਪਣੀ ਅਵਸਥਾ ਤੋਂ। ਸੋ ਇਸ ਕਰਕੇ ਪਾਖੰਡੀ ਦਾ, ਲਾਲਚੀ ਦਾ, ਸਾਧੂ ਦਾ ਬਾਣਾ ਹੋਵੇ, ਕਹਿੰਦੇ ਇਹਦਾ ਉਧਾਰ ਹੋਣਾ ਬਹੁਤ ਔਖੈ। ਬਹੁਤ ਸਾਰੇ ਐਸੇ ਨੇ ਜਿਨ੍ਹਾਂ ਨੂੰ ਇਸ ਗੱਲ ਦਾ ਭੇਤ ਲਗ ਗਿਆ ਕਿ ਜੇ ਸੁਖਾਲਾ ਜੀਵਨ ਜਿਉਣੈ ਤਾਂ ਕਿਸੇ ਸੰਤ ਦੇ ਚੇਲੇ ਬਣ ਜਾਓ। ਥੋੜ੍ਹਾ ਜਿਹਾ ਸਿੱਖ ਲਓ, ਵਾਜੇ ਤੇ ਉਂਗਲੀਆਂ ਮਾਰਨੀਆਂ, ਥੋੜ੍ਹਾ ਬੋਲਣਾ ਸਿੱਖ ਲਓ, ਫੇਰ ਆਪਣਾ ਸਭ ਕੁਛ ਕਰ ਲਓ, ਮਨ ਮਰਜ਼ੀ ਦੀਆਂ ਕਾਰਾਂ, ਮਨ ਮਰਜ਼ੀ ਦਾ ਸਭ ਕੁਛ, ਖਾਣਾ ਪੀਣਾ, ਗ੍ਰਿਹਸਤੀਆਂ ਨੇ ਕਮਾਈ ਕਰਨੀ ਹੈ, ਖਾਣ ਨੂੰ ਮੁਫਤ ਆਈ ਜਾਣੈ। ਇਹ ਗੱਲਾਂ ਨੇ ਜਿਹੜੀਆਂ ਬਹੁਤ ਗੰਭੀਰ ਵਿਚਾਰਨੀਆਂ ਚਾਹੀਦੀਆਂ ਨੇ। ਕਿਉਂਕਿ ਆਏ ਤਾਂ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸੀ। ਕਿਤੇ ਵੈਰਾਗ ਲੱਗਿਆ, ਘਰ ਬਾਰ ਛੱਡੇ ਲੇਕਿਨ ਹੋਇਆ ਕੀ?

*ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥*
*ਅੰਗ- ੧੩੬੯*

ਚਿੱਤ ਜਿਹੜਾ ਸੀ ਜਵਾਬ ਦੇ ਗਿਆ ਕਿਉਂਕਿ ਮਾਇਆ ਨੇ ਮੋਹ ਲਿਆ ਉਸ ਨੂੰ। ਇਹਦੇ 'ਚ ਬੜੀ ਭਾਰੀ ਸ਼ਕਤੀ ਹੈ। ਮਾਇਆ ਦੇ ਬੇਅੰਤ ਰੰਗ ਨੇ ਕਿਤੇ ਇਹ ਪੁੱਤਰਾਂ ਦੇ ਰੂਪ ਵਿਚ ਕੰਮ ਕਰਦੀ ਹੈ। ਮੇਰੇ ਪੁੱਤਰ ਨਹੀਂ ਹੋਇਆ, ਹੋਣਾ ਚਾਹੀਦੈ, ਮੇਰੇ ਬੁਢਾਪੇ ਦਾ ਸਹਾਰਾ। ਹੁੰਦਾ ਕੀ ਹੈ? ਪੁੱਤਰ ਵੀ ਹੋ ਗਿਆ, ਪੜ੍ਹਾ ਲਿਖਾ ਵੀ ਲਿਆ, ਵਿਆਹ ਕਰ ਲਿਆ। ਵਿਆਹ ਕਰਕੇ ਉਦੋਂ ਹੀ ਸ਼ਿਕਾਇਤ ਹੋ ਜਾਂਦੀ ਹੈ ਕਿ ਜੀ ਉਹ ਤਾਂ ਸਹੁਰਿਆਂ ਦਾ ਬਣ ਗਿਆ, ਮੇਰੇ ਹੱਥੋਂ ਤਾਂ ਨਿਕਲ ਗਿਆ। ਫੇਰ ਕਿਸੇ ਪਾਖੰਡੀ ਨੂੰ ਟੋਲ੍ਹਦੇ ਨੇ, ਬਾਬਾ! ਪੁੱਤ ਮੇਰਾ ਨਿਕਲਦਾ ਜਾਂਦੈ ਹੱਥ 'ਚੋਂ, ਕੁਛ ਕਰ ਤੂੰ। ਕਹਿੰਦੇ, ਰੁਪਈਏ ਪੰਜਾਹ ਦੇ, ਇਕ ਪੁੜੀ ਲੈ ਜਾ, ਦੇਖ। ਕਹਿੰਦਾ ਕੀ ਬਣੂੰਗਾ? ਉਹ ਸੱਸ ਲੈ ਆਉਂਦੀ ਹੈ, ਜਾਂ ਘਰਵਾਲੀ ਜਾਂ ਮਾਂ ਲੈ ਆਉਂਦੀ ਹੈ, ਲਿਆ ਕੇ ਦੇ ਦਿੰਦੀ ਹੈ। ਉਹਦੇ ਦਿਮਾਗ 'ਤੇ ਐਨਾ ਅਸਰ ਕਰਦੈ, ਉਹ ਕਮਲਾ ਜਿਹਾ ਹੋ ਜਾਂਦੈ। ਫੇਰ ਬਾਬਿਆਂ ਦੇ ਕੋਲ ਜਾਂਦੇ ਨੇ ਕਿ ਬਾਬਾ ਜੀ! ਪਤਾ ਨਹੀਂ ਇਹਨੂੰ ਕੀ ਹੋ ਗਿਆ, ਇਹ ਤਾਂ ਬੜਾ ਖਰਾਬ ਹੋ ਗਿਆ ਜੀ, ਇਹ ਤਾਂ ਕੰਮ ਹੀ ਨਹੀਂ ਕਰਦਾ। ਪਤਾ ਨਹੀਂ, ਚੰਗਾ, ਭਲਾ ਸੀ। ਪੁੱਤਰ ਆਪੇ ਹੀ ਖਰਾਬ ਕਰ ਲਿਆ। ਉਹ ਆਸ ਜਿਹੜੀ ਰੱਖੀ ਸੀ ਉਹ ਆਸ ਪੂਰੀ ਨਾ ਹੋਈ। ਲੋਚਾ ਪੂਰੀ ਨਾ ਹੋਈ। ਹੱਥੋਂ ਨਿਕਲ ਗਿਆ ਪੁੱਤਰ, ਫੇਰ ਪਛਤਾਈ ਜਾਂਦੇ ਨੇ। ਫੇਰ ਸੁੱਖ ਤਾਂ ਨਾ ਹੋਇਆ ਵਿਚ। ਪੈਸਾ ਆ ਗਿਆ। ਪੈਸੇ ਨਾਲ ਵੀ ਸੁੱਖ ਨਹੀਂ ਹੁੰਦਾ। ਗੁਜ਼ਰਾਨ ਹੁੰਦੀ ਹੈ, ਸੁਖ ਨਹੀਂ ਦੇ ਸਕਦਾ। ਹੋਰ ਅਨੇਕਾਂ ਚੀਜ਼ਾਂ ਵੱਡੇ-ਵੱਡੇ ਵਪਾਰ ਨੇ, ਮੈਂ ਕਰੋੜਪਤੀ ਹੋ ਜਾਵਾਂ, ਪੰਜਾਹ ਕਰੋੜ ਮੇਰੇ ਕੋਲ ਹੋ ਜਾਵੇ। ਅਰਬ ਹੋ ਜਾਵੇ, ਨਾਲ ਚਾਰ-ਚਾਰ ਡਾਕਟਰ ਰੱਖ ਲਏ ਕਿ ਦੇਖਦੇ ਰਹਿਓ, ਮੇਰੀ ਨਬਜ਼ ਦੇਖਦੇ ਰਹਿਓ। ਬਲੱਡ ਪਰੈਸ਼ਰ ਚੈੱਕ ਕਰਦੇ ਰਹਿਓ। ਮੇਰੇ ਖੂਨ ਨੂੰ ਚੈੱਕ ਕਰਦੇ ਰਹਿਓ, ਬਲੱਡ ਸ਼ੂਗਰ ਨਾ ਹੋ ਜਾਵੇ। ਕਿਤੇ ਦੂਜੀ ਸ਼ੂਗਰ ਨਾ ਹੋ ਜਾਵੇ ਕਿਉਂਕਿ ਐਨਾ ਬੋਝ ਚੁੱਕ ਲਿਆ ਜਿਹਦੀ ਲੋੜ ਨਹੀਂ ਸੀ। ਤਿੰਨ ਚੀਜ਼ਾਂ ਦੀ ਲੋੜ ਸੀ, ਕੁੱਲੀ, ਜੁੱਲੀ,

ਗੁੱਲੀ। ਉਹ ਪ੍ਰਮੇਸ਼ਰ ਨੇ ਦਿਤੀਆਂ ਹੀ ਹੋਈਆਂ ਸੀ। ਵਾਧੂ ਕਲੇਸ਼ ਪੈ ਗਿਆ। ਹੋਇਆ ਕੀ ਇਹਦਾ ਅਸਰ? ਕਿ ਇਹਨਾਂ ਦੇ ਵਿਚ ਦਿਨ-ਰਾਤ ਖਿਆਲ ਚੱਲਣਾ ਸ਼ੁਰੂ ਹੋ ਗਿਆ। ਸਾਰਿਆਂ ਦਾ ਹੀ ਚਲਦੈ ਵਿਚਾਰ ਕੇ ਦੇਖੋ ਆਪਣੇ ਮਨਾਂ 'ਚ। ਕਿਸੇ ਦਾ ਛੋਟੀ ਮਾਇਆ 'ਚ ਚਲਦੈ, ਕਿਸੇ ਦਾ ਬੜੀ ਮਾਇਆ 'ਚ ਚਲਦੈ। ਨਤੀਜਾ ਇਹ ਹੋਇਆ ਕਿ ਅਸੀਂ ਆਏ ਸੀ ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ -

*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*
*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥* *ਅੰਗ- ੨੫੧*

ਉਲਝ ਗਏ ਉਹਨ੍ਹਾਂ ਵਿਚ, ਜਿਹੜੀਆਂ ਚੀਜ਼ਾਂ ਨੇ ਸੁਖ ਨਹੀਂ ਸੀ ਦੇਣਾ। ਜਿਹੜੀਆਂ ਚੀਜ਼ਾਂ ਛੱਡਣੀਆਂ ਸੀ, ਜ਼ਹਿਰ ਛੱਡਣੀ ਸੀ-

*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ..........॥* *ਅੰਗ - ੬੪੪*

ਬਿਹੁ ਇਕੱਠੀ ਕਰਨੀ ਸ਼ੁਰੂ ਕਰ ਦਿਤੀ। ਉਹ ਕਿਉਂ ਹੋ ਗਈ ਕਿਉਂਕਿ ਜਿਸ ਦੇ ਨਾਲ ਜੁੜਿਆ ਹੋਇਆ ਸੀ। ਕਹਿੰਦਾ ਸੀ ਮੈਂ ਨਾਮ ਜਪਾਂਗਾ। ਭਜਨ ਕਰਾਂਗਾ, ਸਵਾਸ-ਸਵਾਸ ਨਾਮ ਜਪਾਂਗਾ। ਵਾਇਦੇ ਕਰਕੇ ਆਇਐ। ਗੁਰੂ ਮਹਾਰਾਜ ਦੇ ਜੋ ਬਚਨ ਨੇ, ਉਹ ਅਸੀਂ ਕਿਸੇ ਤਰ੍ਹਾਂ ਨਾਲ ਠੁਕਰਾ ਨਹੀਂ ਸਕਦੇ। ਸਾਡੀ ਸਮਝ 'ਚ ਨਾ ਆਉਣ ਉਹ ਵੱਲ ਵੱਖਰੀ ਹੈ ਪਰ ਜੋ ਬਚਨ ਨੇ, ਸਤਿ ਬਾਣੀ ਹੈ, ਉਹ ਸਤਿ ਬਾਣੀ ਹੈ, ਉਹਦੇ ਉਤੇ ਕਿੰਤੂ ਕੀਤਾ ਹੀ ਨਹੀਂ ਜਾ ਸਕਦਾ। ਉਹਦੀ ਥਾਂ 'ਤੇ ਅਸੀਂ ਆਪਣੀ ਅਕਲ 'ਤੇ ਕਿੰਤੂ ਕਰ ਸਕਦੇ ਹਾਂ ਕਿ ਸਾਡੇ ਸਮਝ 'ਚ ਨਹੀਂ ਆਈ, ਬਚਨ ਤਾਂ ਸਤਿ ਹੈ। ਮਹਾਰਾਜ ਕਹਿੰਦੇ, ਸਾਸ-ਸਾਸ ਤੂੰ ਨਾਮ ਜਪਣਾ ਸੀ। ਪਰ ਉਲਝ ਗਿਆ ਉਨ੍ਹਾਂ ਚੀਜ਼ਾਂ 'ਚ ਤੇ ਹੋਇਆ ਕੀ -

*ਦੇਵਨਹਾਰੁ ਮਨਹਿ ਬਿਸਰਾਨਾ ॥* *ਅੰਗ- ੨੫੧*

ਉਸ ਨੂੰ ਭੁੱਲ ਗਿਆ, ਕਿਉਂ ਭੁੱਲ ਗਿਆ ਕਿਉਂਕਿ ਇਕ ਸ਼ਕਤੀ ਹੈ ਸੰਸਾਰ ਦੇ ਅੰਦਰ ਜਿਸਦਾ ਨਾਉਂ ਮਾਇਆ ਹੈ। ਮਾਇਆ ਦੇ ਵਿਚ ਤਿੰਨ ਗੁਣ ਨੇ, ਇਕ ਰਜੋ ਗੁਣ ਹੈ, ਇਕ ਤਮੋ ਗੁਣ ਹੈ, ਇਕ ਸਤੋ ਗੁਣ ਹੈ। ਉਨ੍ਹਾਂ ਤਿੰਨਾਂ ਹੀ ਗੁਣਾਂ ਦੇ ਵਿਚ ਇਕ ਨਸ਼ਾ ਹੈ, ਐਸੀਆਂ ਗੋਲੀਆਂ ਨੇ ਚਾਹੇ ਸਤੋ ਗੁਣ ਦੀ ਖਾ ਲਓ, ਚਾਹੇ ਰਜੋ ਗੁਣ ਦੀ ਖਾ ਲਓ, ਚਾਹੇ ਤਮੋ ਗੁਣ ਦੀ ਖਾ ਲਓ। ਉਹਦੇ ਵਿਚ illustion (ਭਰਮ) ਆ ਜਾਏਗਾ, ਨੀਂਦ ਆ ਗਈ। ਸੰਸਾਰ ਸੌਂ ਜਾਂਦੈ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*
*ਅੰਗ- ੯੨੦*

ਸੋ ਮਹਾਰਾਜ ਕਹਿੰਦੇ, ਇਹ ਜਿਹੜੀ ਚੀਜ਼ ਹੈ ਨਾ, ਦੂਸਰਾ ਤੱਤ ਹੈ ਇੱਥੇ, ਹੈ ਤਾਂ ਨਹੀਂ, ਲੇਕਿਨ ਉਹ ਮਾਲੂਮ ਦਿੰਦੈ। ਮਾਲੂਮ ਦਿੰਦੈ ਤਾਂ ਜੇ ਚੀਜ਼ ਹੋਵੇ, ਉਸਦਾ ਅਸਰ ਕਿਵੇਂ ਪੈ ਸਕਦੈ ਜਿਹੜੀ ਚੀਜ਼ ਹੈ ਹੀ ਨਹੀਂ? ਇਹ ਵੀ ਸਿਆਣੇ ਆਦਮੀ ਦੇ ਮਨ 'ਚ ਵਿਚਾਰ ਆਉਂਦੀ ਹੈ। ਕਦੇ ਜੇਠ ਦੇ ਮਹੀਨੇ ਉਨ੍ਹਾਂ ਇਲਾਕਿਆਂ 'ਚ ਤੁਰੋ ਜਿਥੇ ਰੜ੍ਹੇ ਮੈਦਾਨ ਨੇ। ਜਿਵੇਂ ਬੀਕਾਨੇਰ ਹੈ, ਗੰਗਾ ਨਗਰ ਦਾ ਜ਼ਿਲਾ, ਜੈਸਲਮੇਰ ਵਲ ਚੱਲ ਕੇ ਦੇਖੋ। ਉਥੇ ਕੀ ਹੈ, ਵੱਡੇ-ਵੱਡੇ ਟਿੱਬੇ ਨੇ, ਦੋ-ਦੋ ਸੌ ਫੁੱਟ ਉੱਚੇ, ਤਿੰਨ-ਤਿੰਨ ਸੌ ਫੁੱਟ ਉੱਚੇ, ਉਡਾਰ ਦੇ। ਦੋ ਉਡਾਰ ਦੇ ਟਿੱਬਿਆਂ ਦੇ ਵਿਚਾਲੇ ਤੇਜ਼ ਹਵਾ ਚਲਦੀ ਹੈ ਤਾਂ ਉਥੇ ਰੜ੍ਹਾ ਮੈਦਾਨ ਮੀਲਾਂ ਤੱਕ ਹੋ ਜਾਂਦੈ। ਟਿੱਬੇ ਪਾਰ ਕਰਦਿਆਂ ਨੂੰ ਪਿਆਸ ਲਗਦੀ ਹੈ। ਮਨੁੱਖਾਂ ਨੂੰ ਵੀ ਲਗਦੀ ਹੈ, ਪਸ਼ੂਆਂ ਨੂੰ ਵੀ ਲਗਦੀ ਹੈ। ਮਨੁੱਖ ਦੇਖਦੈ ਕਿ ਪਾਣੀ ਪੀਣੈਂ। ਦੋ ਤਿੰਨ ਸੌ ਗਜ਼ ਦੇ ਉਤੇ ਉਹਨੂੰ ਪਾਣੀ ਨਜ਼ਰ ਆਉਂਦੈ। ਸਿਆਣਾ ਬੰਦਾ ਕਹਿੰਦੈ ਕਿ ਉਥੇ ਪਾਣੀ ਨਹੀਂ ਹੈ, ਉਹ ਕਹਿੰਦਾ ਨਹੀਂ ਉਥੇ ਹੈ ਪਾਣੀ, ਕਹਿੰਦਾ ਉਹ ਦੇਖ ਦਰਖਤ ਖੜ੍ਹੈ, ਦਰਖਤ ਦਾ ਪਰਛਾਵਾਂ ਹੈ, ਲਹਿਰਾਂ ਮਾਰਦੈ ਪਾਣੀ। ਉਹ ਕਹਿੰਦਾ, ਹੈ ਨਹੀਂ, ਲੇਕਿਨ ਦਿਸਦੈ ਤੈਨੂੰ। ਉਹਦੀ ਪਿਆਸ ਹੋਰ ਤੇਜ਼ ਹੋ ਜਾਂਦੀ ਹੈ। ਉਹਦੇ ਵਲ ਨੂੰ ਜਾਂਦੈ, ਉਥੇ ਜਾ ਕੇ ਉਸ ਤੋਂ ਦੂਰ ਫੇਰ ਪਾਣੀ ਦਿਸਦੈ। ਫੇਰ ਅੱਗੇ ਤੁਰਦੈ, ਓਨਾਂ ਹੀ ਦੂਰ ਪਾਣੀ ਫੇਰ ਦਿਸਦੈ। ਇਸੇ ਤਰ੍ਹਾਂ ਦੇ ਨਾਲ ਮਾਇਆ ਹੈ ਤਾਂ ਨਹੀਂ, ਇਹ ਇਕ ਮਨ ਦੀ ਐਸੀ ਸਥਿਤੀ ਹੈ ਕਿ ਪ੍ਰਤੀਤ ਦਿੰਦੀ ਹੈ। ਹੈ ਤਾਂ ਸਾਰੇ ਹੀ ਪ੍ਰਮੇਸ਼ਰ ਕਿਉਂਕਿ ਆਪੇ ਇਕ ਤੋਂ ਅਨੇਕ ਹੋਇਐ। ਪਰ ਇਹਦੇ ਵਿਚ ਇਕ ਜਜ਼ਬਾ ਪੈਦਾ ਹੋ ਗਿਆ, ਤਿੰਨਾਂ ਗੁਣਾਂ ਦੇ ਨਾਲ, ਆਦਮੀ ਦੇ ਮਨ 'ਤੇ ਅਸਰ ਹੋ ਗਿਐ ਕਿ ਇਹ ਤਾਂ ਐਵੇਂ ਗੱਲਾਂ ਕਰਦੇ ਨੇ। ਮਾਇਆ ਦੀ ਹੋਂਦ ਹੈ, ਹੱਥ ਲਾਉਂਦੇ ਹਾਂ, ਛੋਹ ਸਕਦੇ ਹਾਂ, ਅੱਖਾਂ ਨਾਲ ਦੇਖ ਸਕਦੇ ਹਾਂ। ਜੇ ਹੈਗੀ ਤਾਂਹੀ ਦੇਖਦੇ ਹਾਂ, ਮਹਾਰਾਜ ਕਹਿੰਦੇ ਆਹੀ ਭੁਲੇਖਾ ਪੈ ਗਿਆ ਜ਼ਬਰਦਸਤ। ਮਾਇਆ ਹੈ ਨਹੀਂ, ਕੋਈ ਚੀਜ਼ ਵੀ। ਇਹ ਹੈਗਾ ਪ੍ਰਮੇਸ਼ਰ। ਉਹਦੇ ਅਨੇਕ ਰੂਪ ਨੇ, ਅਨੇਕਾਂ ਰੂਪਾਂ 'ਚ ਖੇਡਦੈ। ਜੇ ਇਹਦੀ ਥਾਂ 'ਤੇ ਇਸ ਤਰ੍ਹਾਂ ਦੇਖ ਲਵੇ ਕਿ ਮਾਇਆ ਤਾਂ ਹੈ ਨਹੀਂ, ਪ੍ਰਮੇਸ਼ਰ ਹੈ ਸਭ, ਉਹ ਦੇਖ ਨਹੀਂ ਸਕਦਾ ਕਿਉਂਕਿ ਅੰਦਰ ਅਨੁਭਵ ਨਹੀਂ ਜਾਗਿਆ। ਪਤਾ ਨਹੀਂ ਲਗਦਾ। ਮਹਾਰਾਜ ਕਹਿੰਦੇ, ਇਹਦਾ ਅਸਰ ਕੀ ਹੁੰਦੈ? ਜਿਹੜਾ ਸਭ ਤੋਂ ਪਿਆਰਾ ਹੈ ਇਸ ਸੰਸਾਰ ਦੇ ਅੰਦਰ, ਉਸ ਨੂੰ ਭੁੱਲ ਜਾਂਦੈ -

*ਸੰਗਿ ਸਹਾਈ ਸੁ ਆਵੈ ਨ ਚੀਤਿ ॥*
*ਜੋ ਬੈਰਾਈ ਤਾ ਸਿਉ ਪ੍ਰੀਤਿ ॥* *ਅੰਗ - ੨੬੭*

ਜਿਹੜਾ ਨਾਲ ਰਹਿੰਦੈ ਤੇ ਹਰ ਵਕਤ ਸਹਾਇਤਾ ਕਰਦੈ। ਬਚਾਉਂਦੈ -

*(ਬਾਕੀ ਪੰਨਾ 39 'ਤੇ)*



ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ
ਸ਼੍ਰੀਮਾਨ ਸੰਤ ਬਾਬਾ ਵਰਿਆਮ ਸਿੰਘ ਜੀ
ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ
ਦੀ ਨਿੱਘੀ ਯਾਦ ਵਿੱਚ
ਮਹਾਨ ਗੁਰਮਤਿ ਰੂਹਾਨੀ ਸਮਾਗਮ
ਰਤਵਾੜਾ ਸਾਹਿਬ
ਸਮਾਂ: 30, 31 ਅਕਤੂਬਰ ਤੇ 1 ਨਵੰਬਰ
ਸਵੇਰੇ 4.00 ਤੋਂ ਰਾਤ 10.00 ਵਜੇ ਤੱਕ
2 ਨਵੰਬਰ
ਸਵੇਰੇ 4.00 ਤੋਂ ਸ਼ਾਮ 4.00 ਵਜੇ ਸੰਪੂਰਨਤਾ
ਰੂਹਾਨੀ ਪੱਤ੍ਰਿਕਾ 'ਆਤਮ ਮਾਰਗ' ਪੜ੍ਹੋ ਜੀ।
30-31 ਅਕਤੂਬਰ
1-2 ਨਵੰਬਰ 2017
ਅੰਮ੍ਰਿਤ ਸੰਚਾਰ : 1-2 ਨਵੰਬਰ-ਸਵੇਰੇ 10 ਵਜੇ
ਟਰਾਂਸਪੋਰਟ ਸੰਪਰਕ ਨੰ: 98155-94315, 94635-86024
ਗੁਰੂ ਕੇ ਲੰਗਰ ਅਤੁੱਟ ਵਰਤਣਗੇ।
24 ਘੰਟੇ ਮੈਡੀਕਲ ਕੈਂਪ : 27,28,29 ਅਕਤੂਬਰ ਨੂੰ ਅੱਖਾਂ ਦੇ ਫਰੀ ਓਪਰੇਸ਼ਨ
ਪ੍ਰਾਰਥਕ :ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ)
ਬਾਬਾ ਲਖਬੀਰ ਸਿੰਘ ਜੀ
ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ
ਸੰਪਰਕ ਫੋਨ : 96461-01996, 98551-32009, 94172-14378, 98889-10777, 98146-12900


ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ
ਸ਼੍ਰੀਮਾਨ ਸੰਤ ਬਾਬਾ ਵਰਿਆਮ ਸਿੰਘ ਜੀ
ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ
ਦੀ ਨਿੱਘੀ ਯਾਦ ਵਿੱਚ
ਮਹਾਨ ਗੁਰਮਤਿ ਰੂਹਾਨੀ ਸਮਾਗਮ
ਰਤਵਾੜਾ ਸਾਹਿਬ
ਸਮਾਂ: 30, 31 ਅਕਤੂਬਰ ਤੇ 1 ਨਵੰਬਰ
ਸਵੇਰੇ 4.00 ਤੋਂ ਰਾਤ 10.00 ਵਜੇ ਤੱਕ
2 ਨਵੰਬਰ
ਸਵੇਰੇ 4.00 ਤੋਂ ਸ਼ਾਮ 4.00 ਵਜੇ ਸੰਪੂਰਨਤਾ
ਰੂਹਾਨੀ ਪੱਤ੍ਰਿਕਾ 'ਆਤਮ ਮਾਰਗ' ਪੜ੍ਹੋ ਜੀ।
30-31
ਅਕਤੂਬਰ
1-2
ਨਵੰਬਰ 2017
ਅੰਮ੍ਰਿਤ ਸੰਚਾਰ : 1-2 ਨਵੰਬਰ-ਸਵੇਰੇ 10 ਵਜੇ
ਟਰਾਂਸਪੋਰਟ ਸੰਪਰਕ ਨੰ: 98155-94315, 94635-86024
ਗੁਰੂ ਕੇ ਲੰਗਰ ਅਤੁੱਟ ਵਰਤਣਗੇ।
24 ਘੰਟੇ ਮੈਡੀਕਲ ਕੈਂਪ : 27,28,29 ਅਕਤੂਬਰ ਨੂੰ ਅੱਖਾਂ ਦੇ ਫਰੀ ਓਪਰੇਸ਼ਨ
ਪ੍ਰਾਰਥਕ :ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ)
ਬਾਬਾ ਲਖਬੀਰ ਸਿੰਘ ਜੀ
ਸੰਪਰਕ ਫੋਨ : 96461-01996, 98551-32009, 94172-14378, 98889-10777, 98146-12900
ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ



ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ
ਸ਼੍ਰੀਮਾਨ ਸੰਤ ਬਾਬਾ ਵਰਿਆਮ ਸਿੰਘ ਜੀ
ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ
ਦੀ ਨਿੱਘੀ ਯਾਦ ਵਿੱਚ
ਮਹਾਨ ਗੁਰਮਤਿ ਰੂਹਾਨੀ ਸਮਾਗਮ
ਰਤਵਾੜਾ ਸਾਹਿਬ
ਸਮਾਂ: 30, 31 ਅਕਤੂਬਰ ਤੇ 1 ਨਵੰਬਰ
ਸਵੇਰੇ 4.00 ਤੋਂ ਰਾਤ 10.00 ਵਜੇ ਤੱਕ
2 ਨਵੰਬਰ
ਸਵੇਰੇ 4.00 ਤੋਂ ਸ਼ਾਮ 4.00 ਵਜੇ ਸੰਪੂਰਨਤਾ
ਰੂਹਾਨੀ ਪੱਤ੍ਰਿਕਾ 'ਆਤਮ ਮਾਰਗ' ਪੜ੍ਹੋ ਜੀ।
30-31
ਅਕਤੂਬਰ
1-2
ਨਵੰਬਰ 2017
ਅੰਮ੍ਰਿਤ ਸੰਚਾਰ : 1-2 ਨਵੰਬਰ-ਸਵੇਰੇ 10 ਵਜੇ
ਟਰਾਂਸਪੋਰਟ ਸੰਪਰਕ ਨੰ: 98155-94315, 94635-86024
ਗੁਰੂ ਕੇ ਲੰਗਰ ਅਤੁੱਟ ਵਰਤਣਗੇ।
24 ਘੰਟੇ ਮੈਡੀਕਲ ਕੈਂਪ : 27,28,29 ਅਕਤੂਬਰ ਨੂੰ ਅੱਖਾਂ ਦੇ ਫਰੀ ਓਪਰੇਸ਼ਨ
ਪ੍ਰਾਰਥਕ :ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ)
ਬਾਬਾ ਲਖਬੀਰ ਸਿੰਘ ਜੀ
ਸੰਪਰਕ ਫੋਨ : 96461-01996, 98551-32009, 94172-14378, 98889-10777, 98146-12900
ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ



ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ
ਸ਼੍ਰੀਮਾਨ ਸੰਤ ਬਾਬਾ ਵਰਿਆਮ ਸਿੰਘ ਜੀ
ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ
ਦੀ ਨਿੱਘੀ ਯਾਦ ਵਿੱਚ
ਮਹਾਨ ਗੁਰਮਤਿ ਰੂਹਾਨੀ ਸਮਾਗਮ
ਰਤਵਾੜਾ ਸਾਹਿਬ
ਸਮਾਂ: 30, 31 ਅਕਤੂਬਰ ਤੇ 1 ਨਵੰਬਰ
ਸਵੇਰੇ 4.00 ਤੋਂ ਰਾਤ 10.00 ਵਜੇ ਤੱਕ
2 ਨਵੰਬਰ
ਸਵੇਰੇ 4.00 ਤੋਂ ਸ਼ਾਮ 4.00 ਵਜੇ ਸੰਪੂਰਨਤਾ
ਰੂਹਾਨੀ ਪੱਤ੍ਰਿਕਾ 'ਆਤਮ ਮਾਰਗ' ਪੜ੍ਹੋ ਜੀ।
30-31
ਅਕਤੂਬਰ
1-2
ਨਵੰਬਰ 2017
ਅੰਮ੍ਰਿਤ ਸੰਚਾਰ : 1-2 ਨਵੰਬਰ-ਸਵੇਰੇ 10 ਵਜੇ
ਗੁਰੂ ਕੇ ਲੰਗਰ ਅਤੁੱਟ ਵਰਤਣਗੇ।
ਟਰਾਂਸਪੋਰਟ ਸੰਪਰਕ ਨੰ: 98155-94315, 94635-86024
24 ਘੰਟੇ ਮੈਡੀਕਲ ਕੈਂਪ : 27,28,29 ਅਕਤੂਬਰ ਨੂੰ ਅੱਖਾਂ ਦੇ ਫਰੀ ਉਪਰੇਸ਼ਨ
ਪ੍ਰਾਰਥਕ :ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ)
ਬਾਬਾ ਲਖਬੀਰ ਸਿੰਘ ਜੀ
ਸੰਪਰਕ ਫੋਨ : 96461-01996, 98551-32009, 94172-14378, 98889-10777, 98146-12900
ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ


ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਹੇਠ
ਸੰਤ ਬਾਬਾ ਹਰਪਾਲ ਸਿੰਘ ਜੀ
ਵੱਲੋਂ
ਰੂਹਾਨੀ ਪ੍ਰਚਾਰ ਫੇਰੀ
ਅਮਰੀਕਾ
ਦਸੰਬਰ 2017
ਅਤੇ
ਜਨਵਰੀ 2018
FOR MORE INFORMATION PLEASE CALL :
AMARDIP ATWAL : 408-393-8199, Email : Amardipatwal@gmail.com


ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਹੇਠ
ਸੰਤ ਬਾਬਾ ਹਰਪਾਲ ਸਿੰਘ ਜੀ
ਵੱਲੋਂ
ਰੂਹਾਨੀ ਪ੍ਰਚਾਰ ਫੇਰੀ
ਅਮਰੀਕਾ
ਦਸੰਬਰ 2017
ਅਤੇ
ਜਨਵਰੀ 2018
FOR MORE INFORMATION PLEASE CALL :
AMARDIP ATWAL : 408-393-8199, Email : Amardipatwal@gmail.com


ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਹੇਠ
ਸੰਤ ਬਾਬਾ ਹਰਪਾਲ ਸਿੰਘ ਜੀ
ਵੱਲੋਂ
ਰੂਹਾਨੀ ਪ੍ਰਚਾਰ ਫੇਰੀ
ਅਮਰੀਕਾ
ਦਸੰਬਰ 2017
ਅਤੇ
ਜਨਵਰੀ 2018
FOR MORE INFORMATION PLEASE CALL :
AMARDIP ATWAL : 408-393-8199, Email : Amardipatwal@gmail.com



ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਹੇਠ
ਸੰਤ ਬਾਬਾ ਹਰਪਾਲ ਸਿੰਘ ਜੀ
ਵੱਲੋਂ
ਰੂਹਾਨੀ ਪ੍ਰਚਾਰ ਫੇਰੀ
ਅਮਰੀਕਾ
ਦਸੰਬਰ 2017
ਅਤੇ
ਜਨਵਰੀ 2018
FOR MORE INFORMATION PLEASE CALL :
AMARDIP ATWAL : 408-393-8199, Email : Amardipatwal@gmail.com

(ਪੰਨਾ 30 ਦੀ ਬਾਕੀ)

*ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰੁ ਦੈ ਕਰਿ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ,*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥* (ਅਕਾਲ ਉਸਤਤਿ)

ਉਹ ਜਿਹੜਾ ਸੰਗ ਸਹਾਈ ਹੈ ਮਹਾਰਾਜ ਕਹਿੰਦੇ – ***'ਸੁ ਆਵੈ ਨ ਚੀਤਿ॥'*** ਆਉਂਦੈ ਚਿੱਤ? ***'ਜੋ ਬੈਰਾਈ ਤਾ ਸਿਉ ਪ੍ਰੀਤਿ॥'*** ਜਿਹੜੇ ਵੈਰ ਕਰਨ ਵਾਲੇ ਨੇ, ਪੰਜ ਠੱਗ-ਰਾਜ, ਮਾਲ, ਰੂਪ, ਜਾਤ, ਜੋਬਨ; ਪੰਜ ਵਿਸ਼ੇ-ਸ਼ਬਦ, ਸਪਰਸ਼, ਰੂਪ, ਰਸ, ਗੰਧ; ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਪੰਜ ਚੋਰ ਤੇ ਆਸਾ ਤੇ ਤ੍ਰਿਸ਼ਨਾ ਦੀਆਂ ਡੈਣਾਂ। ਆਸਾਂ ਤੇ ਅੰਦੇਸ਼ਾ ਦੇ ਭੰਵਰ। ਸਾਰਿਆਂ ਦੇ ਨਾਲ ਉਹਨੇ ਪ੍ਰੀਤ ਪਾ ਲਈ। ਜਿਹੜੀ ਚੀਜ਼ ਨਾਲ ਨਹੀਂ ਨਿਭਣੀ ਉਹਦੇ ਨਾਲ ਪ੍ਰੀਤ ਪਾ ਲਈ, ਜਿਹੜੀ ਚੀਜ਼ ਹਰ ਵਕਤ ਨਾਲ ਨਿਭਣੀ ਹੈ, ਉਹਨੂੰ ਭੁਲਾ ਦਿਤਾ ਤੇ ਰਹਿੰਦੈ –

*ਬਲੂਆ ਕੇ ਗ੍ਰਿਹ ਭੀਤਰਿ ਬਸੈ ॥*
*ਅਨਦ ਕੇਲ ਮਾਇਆ ਰੰਗਿ ਰਸੈ ॥*
*ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥*
*ਕਾਲੁ ਨ ਆਵੈ ਮੂੜੇ ਚੀਤਿ ॥*
*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥* *ਅੰਗ- ੨੬੭*

ਹਰ ਵਾਰੀ ਮਨੁੱਖ ਬਣ ਕੇ ਅਸੀਂ ਧੋਖਾ ਖਾ ਕੇ ਫਿਸਲ ਜਾਂਦੇ ਹਾਂ। ਉਹ ਕਿਹੜੀ ਚੀਜ਼ ਹੈ? ਚੀਜ਼ ਹੈ ਨਹੀਂ, ਲੇਕਿਨ ਹੈਗੀ ਵੀ। 'ਅਨਰਬਚਨੀ' ਇਹਨੂੰ ਕਹਿੰਦੇ ਨੇ, ਦਿਖਾਈ ਜਾ ਨਹੀਂ ਸਕਦੀ। ਅੱਖਾਂ ਨਾਲ ਦਿਖਾਏ ਦਿਸਦੀ ਹੈ, ਲੇਕਿਨ ਅਸਲ ਚੀਜ਼ ਹੋਰ ਹੈ। ਇਹ ਕਿਵੇਂ ਹੋ ਸਕਦੈ? ਕਹਿੰਦੇ, ਅੱਖ ਦੇ ਵਿਚ ਤੇਰੇ ਨੁਕਸ ਹੈ, ਚੰਗੀ ਭਲੀ ਅੱਖ ਹੈ ਤੇਰੀ ਚੰਦਰਮਾ ਨੂੰ ਦੇਖ ਰਹੀ ਹੈ, ਰਾਤ ਨੂੰ ਮੰਜੇ 'ਤੇ ਪਿਐ, ਕੋਏ ਵਿਚ ਉਂਗਲੀ ਦੇ-ਦੇ ਥੋੜ੍ਹੀ ਜਿਹੀ, ਮਾੜਾ ਜਿਹਾ ਦੱਬ ਦੇ, ਕੀ ਨਜ਼ਰ ਆਏਗਾ? ਦੋ ਚੰਦ ਉਸੇ ਵੇਲੇ ਬਣ ਜਾਣਗੇ। ਕਿਉਂ ਬਣ ਗਏ? ਕਿਉਂਕਿ ਅੱਖ ਦੀ ਜਿਹੜੀ ਸੇਧ ਸੀ, ਦੋਵੇਂ ਅੱਖਾਂ ਦਾ ਫੋਕਸ ਸੀ, ਉਹ ਅੱਡ-ਅੱਡ ਹੋ ਗਿਆ। ਅੱਡ ਹੋਣ ਨਾਲ ਜਿਹੜਾ ਪ੍ਰਮੇਸ਼ਰ ਨੇ ਫੋਕਸ ਸਿੱਧਾ ਫਿੱਟ ਕਰਿਆ ਸੀ, ਉਹਦੇ ਵਿਚ ਨੁਕਸ ਪੈ ਗਿਆ। ਉਹਨੂੰ ਥੋੜ੍ਹਾ ਜਿਹਾ ਹਿਲਾ ਦਿਤਾ, ਹਿਲਾਉਣ ਨਾਲ ਕੀ ਹੋਇਆ, ਦੋ ਚੰਦਰਮਾ ਹੋ ਗਏ, ਜ਼ੋਰ ਲਾ ਲਓ, ਉਹਨੂੰ ਕਹੋ ਕਿ ਇਕ ਹੈ, ਕਹੇਗਾ ਮੈਨੂੰ ਦੋ ਦਿਸਦੇ ਨੇ। ਪੈ ਗਿਆ ਨਾ ਭੁਲੇਖਾ। ਇਸੇ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਘਟ-ਘਟ 'ਚ ਵਿਆਪਕ, ਨਾਲ ਰਹਿਣ ਵਾਲਾ ਉਹ ਤਾਂ ਭੁੱਲ ਗਿਆ। ਭੁੱਲਿਆ ਇਸ ਕਰਕੇ ਕਿਉਂਕਿ ਇਕ ਜਿਹੜਾ ਤੱਤ ਹੈ, ਅਣਹੋਇਆ ਜਿਸਨੂੰ ਮਾਇਆ ਕਹਿੰਦੇ ਨੇ। ਉਸਨੇ ਉਸ ਨੂੰ ਭੁਲਾ ਦਿਤਾ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

*ਧਾਰਨਾ – ਤੁਮਰੇ ਚਰਨ ਵਿਸਾਰੇ ਜੀ,*
*ਇਨ ਮਾਇਆ ਜਗਦੀਸ ਗੁਸਾਈਂ।*
*ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ*
*ਜਨ ਕਹਾ ਕਰਹਿ ਬੇਚਾਰੇ॥* *ਅੰਗ- ੮੫੭*

ਕਰਦੀ ਕੀ ਹੈ? ਵਾਹਿਗੁਰੂ ਨਾਲੋਂ ਪ੍ਰੀਤੀ ਤੋੜ ਦਿੰਦੀ ਹੈ। ਬੰਦਾ ਉਲਝ ਜਾਂਦੈ, ਉਹਨੂੰ ਨਹੀਂ ਪਤਾ ਲਗਦਾ ਕਿ ਮੈਂ ਉਲਝ ਗਿਆ। ਦੂਸਰਿਆਂ ਨੂੰ ਪਤੈ ਕਿ ਇਹ ਸੁੱਟ ਲਿਆ ਮਾਇਆ ਨੇ। ਉਹਦੇ ਖਿਆਲ ਹੋਰ ਹੁੰਦੇ ਨੇ, ਕਿਉਂਕਿ ਸੰਸਾਰ ਦੀ ਬਾਤਾਂ ਛੱਡੋ ਤੁਸੀਂ। ਇਹ ਤਾਂ ਵਿਚਾਰਾ ਬੇਸਹਾਰਾ, ਨਾ ਪਤਾ ਹੋਣ ਕਰਕੇ, ਮਾਇਆ ਦੇ ਵਿਚ ਲੀਨ ਹੋਇਆ-ਹੋਇਆ ਹਨ੍ਹੇਰੇ ਦੇ ਵਿਚ ਜੀਵਨ ਗੁਜ਼ਾਰ ਰਿਹੈ। ਪਰ ਮੈਂ ਬੇਨਤੀ ਕਰਦਾਂ ਕਿ ਸਾਧੂ ਸੰਤ ਵੀ ਮਾਇਆ 'ਚ ਉਲਝ ਜਾਂਦੇ ਨੇ। ਜੀਵਨ ਮਨੋਰਥ ਤੋਂ ਥਿੜਕ ਜਾਂਦੇ ਨੇ। ਮਿਸਾਲਾਂ ਨੇ ਬਹੁਤ ਸਾਰੀਆਂ। ਮੈਂ ਇਸ ਕਰਕੇ ਬੇਨਤੀ ਕਰਦਾ ਹਾਂ ਕਿ ਆਪਣੇ ਅੰਦਰ ਝਾਤੀ ਮਾਰੋ ਕਿ ਕਿਸ ਤਰ੍ਹਾਂ ਦੇ ਨਾਲ ਇਹ ਮਾਇਆ 'ਚ ਉਲਝ ਜਾਂਦੈ। ਗੱਲ ਤਾਂ ਕੋਈ ਬਣਦੀ ਨਹੀਂ ਹੈ, ਸਾਧੂਪੁਣੇ ਤੋਂ ਹੇਠਾਂ ਆ ਜਾਂਦੈ। ਸਾਧੂ ਨਹੀਂ ਰਹਿੰਦੇ, ਫੇਰ ਆਮ ਗ੍ਰਿਹਿਸਤੀਆਂ ਤੋਂ ਵੀ ਹੇਠਾਂ ਆ ਜਾਂਦੇ ਨੇ। ਜੇ ਰੁਚੀ ਦੇ ਉਤੇ ਕਾਬੂ ਹੀ ਨਹੀਂ ਪਿਆ ਅਜੇ ਤੱਕ, ਸਾਧੂ ਬਿਰਤੀ ਜੇ ਪੈਦਾ ਹੀ ਨਹੀਂ ਹੋਈ, ਜੇ ਉਹਦੇ ਥਾਂ 'ਤੇ ਗਿਣਤੀਆਂ-ਮਿਣਤੀਆਂ ਚਲਦੀਆਂ ਨੇ ਤਾਂ ਅਜੇ ਤਾਂ ਸਮਝਿਆ ਹੀ ਕੱਖ ਨਹੀਂ ਕਿ ਸਾਧੂ ਕੀ ਹੁੰਦੈ। ਸੋ ਇਸ ਤਰ੍ਹਾਂ ਦੇ ਨਾਲ ਅੱਜ ਤੋਂ ਨਹੀਂ, ਪਹਿਲਾ ਤੋਂ ਹੀ ਦੋਹਾਂ ਦਾ ਨਿਸ਼ਾਨਾ ਹੁੰਦੈ। ਇਕ ਦੇ ਸਾਮ੍ਹਣੇ ਤਾਂ ਨਿਸ਼ਾਨਾ ਹੁੰਦੈ ਕਿ ਮੈਂ ਅਗਿਆਨ ਦੇ ਵਿਚੋਂ ਲੰਘ ਕੇ ਇਸ ਜੀਵਨ ਦੇ ਅੰਦਰ-ਅੰਦਰ ਪ੍ਰਮੇਸ਼ਰ ਦੇ ਦਰਸ਼ਨ ਸਾਰੀ ਸ੍ਰਿਸ਼ਟੀ 'ਚ ਕਰਨੇ ਨੇ। ਮੈਂ ਹਉਮੈ ਦਾ ਪੂਰੀ ਤਰ੍ਹਾਂ ਨਾਸ਼ ਕਰ ਦੇਣਾ ਹੈ, ਰਹਿਣ ਨਹੀਂ ਦੇਣੀ। ਇਕ ਇਹ ਆਦਰਸ਼ ਹੁੰਦੈ। ਦੂਸਰਾ ਆਦਰਸ਼ ਹੁੰਦੈ ਕਿ ਮੇਰਾ ਡੇਰਾ ਬਹੁਤ ਚਮਕੇ, ਵੱਡਾ ਹੋਵੇ ਕਿ ਮੁਕਾਬਲੇ 'ਤੇ ਨਾ ਆਵੇ। ਮੈਂ ਨੰਬਰ ਇਕ 'ਤੇ ਰਹਾਂ। ਦੁਨੀਆਂ ਦੇ ਵਿਚ ਬਹੁਤ ਨਾਮ ਹੋਵੇ। ਅਖਬਾਰਾਂ 'ਚ ਨਾਮ ਨਿਕਲਣ ਤੇ ਬੇਅੰਤ ਦੁਨੀਆਂ ਆਵੇ ਤੇ ਧੰਨ-ਧੰਨ ਕਹੇ। ਇਹ ਵੀ ਇਕ ਰੁਚੀ ਹੁੰਦੀ ਹੈ ਸਾਧੂ-ਸੰਤਾਂ ਦੇ ਅੰਦਰ। ਦੁਨੀਆਂ ਦੀ ਬਾਤ ਨਹੀਂ ਮੈਂ ਕਰ ਰਿਹਾ। ਮੈਂ ਸਾਧੂ-ਸੰਤਾਂ ਦੀ ਬਾਤ ਕਰ ਰਿਹਾ ਹਾਂ। ਉਹ ਗੱਲ ਨਹੀਂ ਬਣਦੀ, ਇਸ ਕਰਕੇ ਸਾਧੂ ਦਿਸਦਾ ਕੋਈ ਨਹੀਂ।

ਸ੍ਰੀ ਗੁਰੂ ਨਾਨਕ ਸਾਹਿਬ ਨੂੰ ਆਉਣਾ ਪਿਆ ਸੰਸਾਰ

'ਤੇ ਸਾਧ ਬਣਾਉਣ ਵਾਸਤੇ। ਕਿਉਂਕਿ ਧਰਤੀ ਦਾ ਇਕ ਸੰਤੁਲਨ ਜਿਹੜਾ ਸੀ ਉਹ ਹਿੱਲ ਗਿਆ ਸੀ। ਸਾਧੂ ਰਹੇ ਨਹੀਂ ਸੀ। ਭੇਖ ਪੂਰਾ ਸੀ ਸਾਧੂਆਂ ਵਾਲਾ। ਗੁਰੂ ਨਾਨਕ ਪਾਤਸ਼ਾਹ ਦੇ ਜੋ ਕੌਤਕ ਨੇ ਸਾਡੇ ਵਾਸਤੇ ਬੜਾ ਚਾਨਣ-ਮੁਨਾਰਾ ਬਣੇ ਹੋਏ ਨੇ। ਸੁਣਾਉਣ ਵਾਸਤੇ ਨਹੀਂ ਹੈ, ਆਪਣੇ ਆਪ ਦੇ ਉਤੇ ਲਿਆਉਣ ਵਾਸਤੇ ਹੈ। ਜਿਸ ਵਕਤ ਮਹਾਰਾਜ ਜੀ ਤਲੰਬੇ ਦੇ ਕੋਲ ਗਏ, ਮਰਦਾਨੇ ਦੀ ਉਥੇ ਬੜੀ ਪੂਜਾ ਹੋਈ, ਉਰਲੇ ਪਿੰਡ। ਬਹੁਤ ਪੂਜਾ ਹੋਈ, ਬੜਾ ਧਨ ਮਾਲ ਦਿਤਾ। ਪੈਸੇ ਦਿਤੇ, ਕੱਪੜੇ ਰੇਸ਼ਮ ਦੇ ਦਿਤੇ। ਪੰਡ ਬੰਨ੍ਹ ਕੇ ਮਰਦਾਨੇ ਦੇ ਸਿਰ 'ਤੇ ਰੱਖ ਦਿਤੀ। ਮਰਦਾਨਾ ਚੁੱਕੀਂ ਆਉਂਦੈ, ਪੈਸਿਆਂ ਦੀ ਪੋਟਲੀ ਬੰਨ੍ਹੀਂ ਹੋਈ ਹੈ ਪਿਛਲੇ ਪਾਸੇ। ਮਹਾਰਾਜ ਨੇ ਜਦੋਂ ਦੇਖਿਆ, ਉਥੋਂ ਹੀ ਆਪ ਨੇ ਹੱਸਣਾ ਸ਼ੁਰੂ ਕਰ ਦਿਤਾ। ਮਰਦਾਨਾ ਦੇਖਦੈ ਕਿ ਮਹਾਰਾਜ ਬੜੇ ਖੁਸ਼ ਹੋ ਗਏ ਕਿ ਅੱਜ ਮੈਂ ਕਮਾਈ ਕਰਕੇ ਲਿਆਇਆ ਹਾਂ। ਜਦੋਂ ਨੇੜੇ ਗਿਆ ਤਾਂ ਕਹਿਣ ਲੱਗਿਆ, ਲਓ ਮਹਾਰਾਜ! ਤੁਹਾਡੀ ਕ੍ਰਿਪਾ ਹੈ, ਮੈਨੂੰ ਗਰੀਬ ਨੂੰ ਕੌਣ ਜਾਣਦੈ। ਤੁਹਾਡੇ ਕਰਕੇ ਮੇਰੀ ਪੂਜਾ ਹੋਈ ਹੈ ਤੇ ਮੈਨੂੰ ਉਨ੍ਹਾਂ ਨੇ ਐਨੇ ਸਿਰੋਪੇ ਦਿਤੇ ਨੇ, ਕੋਈ ਘਰ ਨਹੀਂ ਰਿਹਾ ਜਿਹਨੇ ਨਾ ਸਿਰੋਪਾ ਦਿਤਾ ਹੋਵੇ।

ਮਹਾਰਾਜ ਕਹਿਣ ਲੱਗੇ, ਮਰਦਾਨਿਆਂ! ਇਕ ਗੱਲ ਵਿਚਾਰੇਂਗਾ?

ਕਹਿੰਦਾ, ਦੱਸੋ?

ਕਹਿੰਦੇ, ਆਪਾਂ ਨੇ ਕੀ ਕਰਨੈ? ਦੱਸ, ਆਹ ਕੱਪੜਿਆ ਨੂੰ ਚੁੱਕੀਂ ਫਿਰਾਂਗੇ, ਪੈਸਿਆਂ ਨੂੰ ਚੁੱਕੀਂ ਫਿਰਾਂਗੇ? ਨਾ ਆਪਾਂ ਜੇਬਾਂ ਲਵਾਈਆਂ ਨੇ, ਨਾ ਕੋਈ ਆਪਣੇ ਕੋਲ ਟਰੰਕੀ ਹੈ ਕਿ ਜਿਹਦੇ 'ਚ ਰੱਖ ਲਈਏ, ਆਪਾਂ ਤਾਂ ਖਾਲੀ ਹੱਥ ਤੁਰੇ ਫਿਰਦੇ ਹਾਂ। ਨਾਹੁੰਣ ਵਾਸਤੇ ਆਪਾਂ ਨੂੰ ਲੋੜ ਹੈ ਗੜਵੀ ਦੀ, ਉਹ ਰੱਸੀ ਰੱਖੀ ਹੋਈ ਹੈ, ਕੱਢ ਲੈਂਦੇ ਹਾਂ ਪਾਣੀ ਖੂਹ 'ਚੋਂ, ਨਹਾ ਲੈਂਦੇ ਹਾਂ। ਹੋਰ ਤਾਂ ਆਪਾਂ ਨੂੰ ਕੁਛ ਨਹੀਂ ਚਾਹੀਦਾ। ਭੁੰਜੇ ਪੈ ਲਈਦੈ, ਬਿਸਤਰਾ ਕੋਈ ਨਹੀਂ। ਤੂੰ ਆਹ ਕੀ ਚੁੱਕੀਂ ਫਿਰਦੈਂ? ਸੰਭਾਲੇਂਗਾ ਕਿਵੇਂ?

ਕਹਿੰਦਾ, ਸੱਚੇ ਪਾਤਸ਼ਾਹ! ਫੇਰ ਕੀ ਕਰਾਂ?

ਆਹ, ਪੈਸੇ ਤਾਂ ਕੰਮ ਆ ਜਾਣਗੇ?

ਕਹਿੰਦੇ, ਆਪਾਂ ਨੇ ਕੀ ਲੈਣੈ ਪੈਸਿਆਂ ਨਾਲ। ਨਿਰੰਕਾਰ ਦੇ ਚਾਕਰ ਹਾਂ ਉਹਨੇ ਆਪੇ ਹੀ ਦੇਣੈ ਜਦੋਂ ਸਾਨੂੰ ਲੋੜ ਹੋਏਗੀ। ਜਦੋਂ ਅਸੀਂ ਉਹਦਾ ਕੰਮ ਕਰਦੇ ਹਾਂ ਉਹ ਆਪੇ ਹੀ ਖਾਣ ਪੀਣ ਨੂੰ ਦੇਵੇਗਾ। ਫੇਰ ਮਹਾਰਾਜ ਮੈਂ ਕੀ ਕਰਾਂ? ਕਹਿੰਦੇ, ਔਹ ਚੌਰਸਤਾ ਹੈ ਉਥੇ ਜਾ ਕੇ ਰੱਖ ਆ ਗੱਠੜੀ, ਖੋਲ੍ਹ ਦੇ ਗੱਠੜੀ। ਕੱਪੜੇ ਫੈਲਾ ਦੇ ਤੇ ਪੈਸੇ ਵੀ ਉਵੇਂ ਜਿਵੇਂ ਖੋਲ੍ਹ ਕੇ ਰੱਖ ਦੇ। ਲੋੜਵੰਦ ਜਿਹੜੇ ਆਉਣਗੇ, ਉਹ ਲੈ ਜਾਣਗੇ।

ਮਹਾਰਾਜ ਜੀ ਦੇ ਪਾਸ ਆ ਗਿਆ, ਕਹਿੰਦਾ ਸੱਚੇ ਪਾਤਸ਼ਾਹ! ਮੈਂ ਇਹ ਸਮਝਾਂ ਕਿ ਤੁਹਾਡਾ ਜਿਹੜਾ ਮੱਤ ਹੈ ਉਹ ਮਾਇਆ ਤੋਂ ਨਿਰਲੇਪ ਹੈ ਕਿ ਹੱਥ ਨਾ ਲਾਓ ਪੈਸਿਆਂ ਨੂੰ? ਹੱਥ ਨਾ ਲਾਓ ਕੱਪੜਿਆਂ ਨੂੰ? ਤੁਸੀਂ ਮਾਇਆ ਛੁਡਾਉਂਦੇ ਹੋਂ?

ਮਹਾਰਾਜ ਕਹਿੰਦੇ, ਨਹੀਂ, ਮਰਦਾਨਿਆਂ! ਨਹੀਂ ਅਸੀਂ ਮਾਇਆਂ ਨਹੀਂ ਛੁਡਾਉਂਦੇ, ਇਹ ਤਾਂ ਕੰਮ ਆਏਗੀ, ਆਉਂਦੀ ਹੈ ਕੰਮ। ਅਸੀਂ ਇਹਦਾ ਮੋਹ ਛੁਡਾਉਂਦੇ ਹਾਂ। ਇਹਦੇ ਮੋਹ 'ਚ ਨਾ ਪਵੋ ਤੁਸੀਂ। ਜਦੋਂ ਮੋਹ 'ਚ ਪਵੋਂਗੇ ਉਸੇ ਵੇਲੇ ਛੋਟੇ ਕੰਮ ਕਰਨੇ ਸ਼ੁਰੂ ਕਰ ਦੇਵਾਂਗੇ, ਉਸੇ ਵੇਲੇ ਗਲਤ ਕੰਮ ਕਰਨੇ ਸ਼ੁਰੂ ਕਰ ਦੇਵਾਂਗੇ ਕਿਉਂਕਿ ਮਾਇਆ ਦਾ ਮੋਹ ਅੰਦਰ ਰਮ ਗਿਆ। ਇਹ ਮੋਹ ਮਾੜਾ ਹੈ, ਮਾਇਆ ਨਹੀਂ ਮਾੜੀ। ਮਾਇਆ ਨੂੰ ਜੇ ਸਹੀ ਤਰੀਕੇ ਨਾਲ ਵਰਤਿਆ ਜਾਵੇ, ਇਹ ਸਹਾਇਤਾ ਕਰਦੀ ਹੈ। ਪਰ ਇਹਦੇ ਉਤੇ ਕਬਜ਼ਾ ਕਰਨਾ ਤੇ ਮੋਹ ਕਰਨਾ, ਆਪਣਾ ਸਮਝਣਾ, ਕਹਿੰਦੇ ਉਹ ਫੇਰ ਗਲਤ ਹੋ ਜਾਇਆ ਕਰਦੈ। ਅਸੀਂ ਉਹ ਚੀਜ਼ ਘਟਾਉਂਦੇ ਹਾਂ, ਮਾਇਆ ਨਹੀਂ ਘਟਾਉਂਦੇ। ਮਾਇਆ ਦੇ ਨਾਲ ਸਾਡੀ ਜਿਹੜੀ ਪਕੜ ਹੈ ਉਹਨੂੰ ਅਸੀਂ ਤੋੜਦੇ ਹਾਂ। ਮਰਦਾਨੇ ਦੇ ਗੱਲ ਸਮਝ ਆ ਗਈ। ਕਹਿਣ ਲੱਗਿਆ, ਮਹਾਰਾਜ ਮੈਂ ਤਾਂ ਬੜਾ ਭੁੱਲ ਗਿਆ ਸੀ। ਹੁਣ ਮੇਰੇ ਯਾਦ ਆਉਂਦੈ ਕਿ ਆਪਾਂ ਕਿੱਥੇ ਚੁੱਕੀਂ ਫਿਰਦੇ। ਜਾਣਾ ਪਰਦੇਸਾਂ 'ਚ ਹੈ, ਕੀਹਦੇ ਘਰ ਰਖਦੇ, ਪਤਾ ਨਹੀਂ ਉਥੇ ਮੁੜ ਕੇ ਆਉਂਦੇ ਕਿ ਨਾ ਆਉਂਦੇ।

ਚੱਲ ਮਰਦਾਨਿਆਂ! ਅੱਗੇ।

ਕਹਿੰਦਾ ਮਹਾਰਾਜ! ਕਿੱਧਰ?

ਕਹਿੰਦੇ, ਦੇਖ, ਹੁਕਮ ਆ ਗਿਆ ਤੇ ਆਪਾਂ ਚਲਣੈ। ਬੜਾ ਗਲਤ ਥਾਉਂ ਹੈ ਜਿੱਥੇ ਆਪਾਂ ਜਾ ਰਹੇ ਹਾਂ। ਉਥੇ ਜਦੋਂ ਆਏ ਤਾਂ ਇਕ ਸਾਧੂ ਦੀ ਦਸ ਪਈ ਕਿ ਬਹੁਤ ਵੱਡਾ ਸਾਧੂ ਹੈ, ਸਮਦ੍ਰਿਸ਼ਟੀ ਹੈ ਉਹਦੀ, ਹਿੰਦੂਆਂ ਨੂੰ ਵੀ ਉਸੇ ਨਜ਼ਰ ਨਾਲ ਦੇਖਦੈ ਤੇ ਮੁਸਲਮਾਨਾਂ ਨੂੰ ਵੀ ਉਸੇ ਨਜ਼ਰ ਨਾਲ ਦੇਖਦੈ ਤੇ ਬੜੀ ਮਹਿਮਾ ਹੈ ਉਸਦੀ ਤੇ ਬੜਾ ਉਹਦਾ ਜਸ ਗਾਇਆ ਜਾਂਦੈ।

ਮਹਾਰਾਜ ਕਹਿੰਦੇ, ਮਰਦਾਨਿਆਂ! ਉਤੋਂ ਤਾਂ ਆਹ ਗੱਲਾਂ ਨੇ, ਵਿਚੋਂ ਬਿਲਕੁਲ ਉਲਟੀ ਤਸਵੀਰ ਹੈ। ਇਹ ਨਹੀਂ ਹੈ, ਉਹਦੇ ਏਜੰਟ ਰੱਖੇ ਹੋਏ ਨੇ, ਪੈਸੇ ਖਾਣ ਪੀਣ ਨੂੰ ਦਿੰਦੈ। ਆਪਣੀ ਮਹਿਮਾ ਕਰਾ ਰਿਹੈ ਤੇ ਉਹਦੇ ਨਾਲ ਜਿਹੜੀ ਅਸਲੀਅਤ ਹੈ ਉਹਦੇ ਉਤੇ ਪੜਦਾ ਪਾ ਕੇ ਅੰਦਰ ਹੋਰ ਰੂਪ ਹੈ, ਭਿਆਨਕ ਰੂਪ ਤੇ ਬਾਹਰੋਂ ਬੜਾ ਸੰਤ ਬਣਿਆ ਹੋਇਐ। ਵੇਸ ਬਹੁਤ ਸੋਹਣੈ।

ਅੱਗੇ ਜਿਸ ਵਕਤ ਮਹਾਰਾਜ ਜੀ ਗਏ, ਕੀ ਦੇਖਦੇ ਨੇ ਕਿ ਇਕ ਹਵੇਲੀ ਆ ਗਈ ਬਹੁਤ ਸੋਹਣੀ। ਆਸ਼ਰਮ

ਆ ਗਿਆ ਬਹੁਤ ਹੀ ਵਧੀਆ। ਬੜਾ ਸਜਿਆ ਧਜਿਆ ਆਸ਼ਰਮ ਹੈ ਤੇ ਉਹਦੇ ਇਕ ਥਾਂ ਮਹਾਤਮਾ ਬੈਠੇ ਨੇ ਜਿਨ੍ਹਾਂ ਦੇ ਦਰਸ਼ਨ ਜਿਹੜੇ ਨੇ ਕੱਪੜਾ, ਲੀੜਾ ਤੇ ਦਾਹੜ੍ਹਾ ਤੇ ਮਾਲਾ ਪਤਾ ਨਹੀਂ ਲਗਦਾ ਪੈਰੀਂ ਖੜ੍ਹਾਵਾਂ ਪਾਈਆਂ ਹੋਈਆਂ ਨੇ, ਉਤੇ ਟੋਪੀ ਰੱਖੀ ਹੋਈ ਹੈ ਮੁਸਲਮਾਨਾਂ ਵਾਲੀ ਤੇ ਹੱਥ ਵਿਚ ਹਿੰਦੂਆਂ ਵਾਲੀ ਮਾਲਾ ਫੜੀ ਹੋਈ ਹੈ ਤੇ ਕੱਪੜਾ ਲੀੜਾ ਦੇਖ ਕੇ ਆਦਮੀ ਬੜਾ ਪ੍ਰਭਾਵਿਤ ਹੁੰਦੈ ਕਿ ਬੜਾ ਕੋਈ ਤਕੜਾ ਮਹਾਤਮਾ ਹੈ। ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਸਾਧੂ ਦੇ ਦਰਸ਼ਨ ਕਰਕੇ ਮਨ ਵਿਚ ਚਾਉ ਆਉਣਾ ਚਾਹੀਦਾ ਸੀ ਤੇ ਸਾਧੂ ਦੇ ਦਰਸ਼ਨ ਕਰਕੇ ਵਾਹਿਗੁਰੂ ਚਿੱਤ ਆਉਣਾ ਚਾਹੀਦਾ ਸੀ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*

*ਅੰਗ- ੫੨੦*

ਪਰ ਪਾਤਸ਼ਾਹ ਮੇਰੇ ਤਾਂ ਅੰਦਰ ਕੁਛ ਹੋਰ ਤਰ੍ਹਾਂ ਦੀ ਗੱਲ ਹੋਣ ਲਗ ਗਈ। ਇਹ ਤਾਂ ਇਸ ਤਰ੍ਹਾਂ ਲਗਦੈ ਜਿਵੇਂ ਕੋਈ ਡਰਾਉਣਾ ਹੁੰਦੈ।

ਮਹਾਰਾਜ ਕਹਿਣ ਲੱਗੇ, ਮਰਦਾਨਿਆਂ! ਇਵੇਂ ਜਿਵੇਂ ਹੀ ਹੈ। ਅੱਗੇ ਚਲੇ ਗਏ, ਜਾ ਕੇ ਪੁੱਛਿਆ, ਉਸ ਨੇ ਵੀ ਦੇਖਿਆ ਕਿ ਸਾਧੂ ਆ ਗਏ। ਬਾਹਰ ਆਉਂਦੈ, ਆ ਕੇ ਹੱਥ ਬੰਨ੍ਹਦੈ, ਅੱਧਾ ਲਿਫ ਜਾਂਦੈ, ਧਰਤੀ 'ਤੇ ਹੱਥ ਲਾਉਂਦੈ, ਕਹਿੰਦੈ ਕਿ ਧੰਨ ਭਾਗ ਮੇਰੇ ਕਿ ਅੱਜ ਸੰਤਾਂ ਦੇ ਦਰਸ਼ਨ ਹੋਏ। ਮੇਰਾ ਜਨਮ ਸਫਲਾ ਹੋ ਗਿਆ। ਮੇਰੀ ਅਰਦਾਸ ਪ੍ਰਮੇਸ਼ਰ ਨੇ ਮੰਨ ਲਈ, ਤੁਹਾਡੇ ਵਰਗੇ ਮਹਾਂਪੁਰਸ਼ਾਂ ਦੇ ਦਰਸ਼ਨ ਹੋ ਗਏ। ਮੈਨੂੰ ਸੇਵਾ ਦਾ ਮੌਕਾ ਮਿਲ ਗਿਆ। ਉਸ ਵੇਲੇ ਗੁਰੂ ਮਹਾਰਾਜ ਮੁਸਕਰਾ ਰਹੇ ਨੇ, ਕਹਿੰਦੇ, ਕੋਈ ਨਾ ਪ੍ਰੇਮੀਆਂ! ਤੇਰਾ ਨਾਉਂ ਕੀ ਹੈ? ਕਹਿੰਦਾ, ਮਹਾਰਾਜ! ਨਾਉਂ ਕਾਹਦੈ, ਨਾਉਂ ਤਾਂ ਲੋਕ ਰਖਦੇ ਨੇ। ਆਪ ਦਾ ਤਾਂ ਕੋਈ ਨਾਉਂ ਹੀ ਨਹੀਂ ਹੁੰਦਾ। ਜਿਹੜੇ ਹਿੰਦੂ ਨੇ ਉਹ ਪਿਆਰ ਨਾਲ ਮੈਨੂੰ ਸੱਜਣ ਕਹਿ ਦਿੰਦੇ ਨੇ ਤੇ ਜਿਹੜੇ ਇਸਲਾਮ ਵਾਲੇ ਨੇ ਉਹ ਮੈਨੂੰ ਸ਼ੇਖ ਸੱਜਣ ਕਹਿ ਦਿੰਦੇ ਨੇ, ਮੈਨੂੰ ਤਾਂ ਦੋਵੇਂ ਬਰਾਬਰ ਨੇ। ਰੱਬ ਸਾਰਿਆਂ ਦਾ ਸਾਂਝਾ ਹੈ, ਇਸ ਕਰਕੇ ਮੈਂ ਇਕ ਨਿਗ੍ਹਾ ਨਾਲ ਦੋਹਾਂ ਨੂੰ ਦੇਖਦਾ ਹਾਂ। ਆਹ ਦੇਖੋ ਏਧਰ ਠਾਕੁਰ ਦੁਆਰਾ ਹੈ ਤੇ ਇਧਰਲੇ ਪਾਸੇ ਮਸਜਿਦ ਹੈ, ਨਮਾਜ਼ ਪੜ੍ਹਨ ਵਾਲਾ ਆ ਗਿਆ, ਉਹ ਵੀ ਮਨਜ਼ੂਰ ਹੈ, ਉਹ ਨਮਾਜ਼ ਪੜ੍ਹੇ। ਜੇ ਆ ਗਿਆ ਗਾਇਤ੍ਰੀ ਪੜ੍ਹਨ ਵਾਲਾ ਤੇ ਪੂਜਾ ਕਰਨ ਵਾਲਾ ਉਹਦੇ ਵਾਸਤੇ ਆਹ ਸਾਰੇ ਸ੍ਰੀ ਰਾਮ ਚੰਦ੍ਰ, ਕ੍ਰਿਸ਼ਨ ਮਹਾਰਾਜ, ਦੇਵੀਆਂ ਸਾਰਿਆਂ ਦੀਆਂ ਮੈਂ ਪ੍ਰਿਤਮਾ ਰੱਖੀਆਂ ਹੋਈਆਂ ਨੇ। ਜਿਹਦੇ ਉਤੇ ਜਿਹਦੀ ਭਾਵਨਾ ਹੈ ਉਹਦੀ ਪੂਜਾ ਕਰ ਲਏਗਾ।

ਮਹਾਰਾਜ ਕਹਿੰਦੇ, ਭਾਈ ਸੱਜਣਾ! ਹੈ ਤਾਂ ਤੇਰੀ ਗੱਲ ਬਹੁਤ ਵਧੀਆ ਜੇ ਕਿਤੇ ਸੱਚੀ ਹੋਵੇ। ਜੇ ਕਿਤੇ ਬਿਲਕੁਲ ਹੀ ਸਤਿ ਹੋਵੇ, ਐਡੀ ਨਿਗ੍ਹਾ ਖੁਲ੍ਹ ਜਾਵੇ, ਫੇਰ ਤਾਂ ਇਹ ਬਹੁਤ ਹੀ ਵੱਡੀ ਗੱਲ ਹੈ। ਐਨੀ ਕਹਿ ਕੇ ਰਮਜ਼ ਮਾਰ ਕੇ, ਚੁੱਪ ਕਰ ਗਏ। ਅੰਦਰ ਸੱਜਣ ਦੇ ਸਰਨ-ਸਰਨ ਹੋਣ ਲੱਗ ਗਿਆ ਕਿ ਅੰਦਰੋਂ ਤਾਂ ਮੈਂ ਇਹੋ ਜਿਹਾ ਹੈ ਨਹੀਂ। ਇਹ ਕੌਣ ਆ ਗਿਆ ਅੱਜ, ਜਿਹਦੇ ਇੱਕੋ ਬਚਨ ਨਾਲ ਮੇਰੇ ਅੰਦਰ ਧੀਰਜ ਟੁੱਟਦਾ ਮਾਲੂਮ ਦਿੰਦੈ। ਉਸ ਵੇਲੇ ਅੰਦਰ ਲੈ ਗਿਆ ਕਹਿਣ ਲੱਗਿਆ, ਮਹਾਰਾਜ! ਮੈਨੂੰ ਸੇਵਾ ਦਾ ਮੌਕਾ ਦਿਓ ਤੇ ਆਪ ਅੰਦਰ ਚੱਲੋ।

ਉਸ ਵੇਲੇ ਮਹਾਰਾਜ ਜੀ ਅੰਦਰ ਜਾਂਦੇ ਨੇ, ਜਾ ਕੇ ਬੈਠ ਜਾਂਦੇ ਨੇ। ਤਾਂ ਆਪ ਬੈਠੇ ਨੇ ਅਜੇ, ਕਹਿੰਦੈ ਜੀ, ਆਹ ਪਲੰਘਾਂ 'ਤੇ ਬੈਠ ਜਾਓ। ਮਹਾਰਾਜ ਜੀ ਕਹਿੰਦੇ, ਪਲੰਘਾਂ ਦੀ ਲੋੜ ਨਹੀਂ। ਅਸੀਂ ਤਾਂ ਭੁੰਜੇ ਸੌਣ ਵਾਲੇ ਹਾਂ, ਕਰਤਾਰ ਦੇ ਹੁਕਮ 'ਚ ਸਫਰ 'ਤੇ ਪਏ ਹੋਏ ਹਾਂ। ਕਿੱਥੇ ਭਾਈ ਸੱਜਣਾਂ ਮੰਜੇ ਮਿਲਣੇ ਨੇ, ਭੁੰਜੇ ਹੀ ਠੀਕ ਹੈ। ਐਨੇ ਨੂੰ ਜਲ ਪਾਣੀ ਆ ਗਿਆ। ਮਰਦਾਨੇ ਨੂੰ ਪੁੱਛਿਆ ਕਿ ਭਾਈ ਮਰਦਾਨਾ! ਤੈਂ ਛਕਣੈ ਕੁਛ?

ਕਹਿਣ ਲੱਗਿਆ, ਨਾ ਮਹਾਰਾਜ। ਮੇਰੀ ਤਾਂ ਅੱਜ ਭੁੱਖ ਹੀ ਮਰ ਗਈ, ਜੀਅ ਨਹੀਂ ਮੇਰਾ ਕਰ ਰਿਹਾ। ਕੀ ਹੋ ਗਿਆ ਅੱਜ ਮੈਨੂੰ ਪਤਾ ਨਹੀਂ ਲਗ ਰਿਹਾ। ਕਹਿੰਦੇ, ਲਗ ਜਾਊ ਤੈਨੂੰ ਥੋੜ੍ਹੀ ਦੇਰ ਨੂੰ ਪਤਾ।

ਪ੍ਰਸ਼ਾਦ ਪਾਣੀ ਮੋੜ ਦਿਤਾ। ਅੰਦਰ ਜਾ ਕੇ ਮੀਟਿੰਗ ਹੋਣੀ ਸ਼ੁਰੂ ਹੋ ਗਈ ਕਿ ਦੇਖੋ ਜਿਹੜਾ ਪਲੰਘ ਹੈ ਇਹਦੇ ਉਤੇ ਠਗਮੂਰੀ ਵਿਛਾਈ ਹੋਈ ਹੈ। ਠਗਮੂਰੀ ਦਾ ਮਤਲਬ ਠੱਗਾਂ ਕੋਲ ਇਕ ਬੂਟੀ ਹੁੰਦੀ, ਉਹ ਜੇ ਆਦਮੀ ਸੁੰਘ ਲੈਂਦਾ ਸੀ, ਆਦਮੀ ਬੇਹੋਸ਼ ਹੋ ਜਾਂਦਾ ਸੀ। ਉਹਨੂੰ ਠਗਮੂਰੀ ਕਹਿੰਦੇ ਨੇ। ਇਹ ਵੀ ਪਲੰਘਾਂ 'ਤੇ ਨਾ ਪਏ, ਨਹੀਂ ਤਾਂ ਬੇਹੋਸ਼ ਹੋ ਹੀ ਜਾਂਦੇ। ਧਨ ਇਨ੍ਹਾਂ ਕੋਲ ਬਹੁਤ ਜ਼ਿਆਦਾ ਹੈ। ਸਾਧੂਆਂ ਦਾ ਭੇਖ ਇਨ੍ਹਾਂ ਨੇ ਧਾਰਿਆ ਹੋਇਐ ਤੇ ਨਾਲਦਿਆਂ ਨੇ ਕਿਹਾ ਕਿ ਦੇਖੋ ਮਹਾਰਾਜ! ਚੰਗੀ ਤਰ੍ਹਾਂ ਪਰਖ ਲਓ, ਕਿਤੇ ਸਾਧੂ ਹੀ ਨਾ ਹੋਣ?

ਕਹਿੰਦੈ, ਸਾਧੂ ਨਾ ਹੋਣ, ਸਾਧੂ ਤਾਂ ਹੈ ਹੀ ਨਹੀਂ ਕੋਈ ਪਿਆਰਿਓ, ਮੈਂ ਜ਼ਿੰਦਗੀ ਦੇ ਤਜਰਬੇ ਕਰ-ਕਰ ਕੇ ਇਸ ਗੱਲ ਦੇ ਉਤੇ ਪਹੁੰਚਿਆਂ ਕਿ ਸਾਧੂ ਕੋਈ ਨਹੀਂ ਦੁਨੀਆਂ ਦੇ ਅੰਦਰ, ਸਭ ਮਕਰ ਹੈ। ਦੂਸਰਾ ਇਹ ਹੈ ਕਿ ਰੱਬ ਕੋਈ ਨਹੀਂ ਹੈ। ਇਹ ਇਕ ਢਕੌਂਸਲਾ ਕਰਿਆ ਹੋਇਐ, ਜਿਹਦਾ ਰੂਪ ਨੀਂ, ਰੰਗ ਨੀਂ, ਰੇਖ ਨੀਂ, ਭੇਖ ਨੀਂ, ਚੱਕਰ ਨੀਂ, ਚਿਹਨ ਨੀਂ, ਜਾਤ ਨੀਂ, ਪਾਤ ਨੀਂ। ਜਿਹਦੀ ਹੋਂਦ ਹੀ ਕੋਈ ਨਹੀਂ, ਨਾ ਅੱਖਾਂ ਨਾਲ ਦੇਖ ਸਕਦੇ ਹਾਂ, ਨਾ ਹੱਥ ਨਾਲ ਛੂਹ ਸਕਦੇ ਹਾਂ, ਨਾ ਕੰਨ ਨਾਲ ਸੁਣ ਸਕਦੇ ਹਾਂ, ਨਾ ਨੱਕ ਨਾਲ ਸੁੰਘ ਸਕਦੇ ਹਾਂ, ਨਾ ਸਪਰਸ਼ ਨਾਲ ਛੋਹ ਸਕਦੇ ਹਾਂ, ਉਹ ਚੀਜ਼ ਕੀ ਹੋਈ? ਹੈ ਹੀ ਨਹੀਂ ਕੋਈ ਚੀਜ਼। ਮੈਂ ਪੱਕਾ ਨਿਰਣਾ ਕਰ ਲਿਆ ਕਿ ਜੇ ਦੁਨੀਆਂ ਨੂੰ ਲੁੱਟਣਾ ਹੋਵੇ ਤਾਂ ਇਸ ਮਕਰ ਨਾਲ ਲੁਟਿਆ ਜਾ ਸਕਦੈ, ਉਤੇ ਭੇਖ ਵਧੀਆ ਹੋਵੇ, ਮੁਖ ਦੇ

ਵਿਚ ਬਚਨ ਵਧੀਆ ਹੋਣ, ਵੱਡੀ ਤੋਂ ਵੱਡੀ ਥਿਊਰੀ ਦਸ ਸਕਦਾ ਹੋਵੇ ਤੇ ਲੋਕਾਂ ਨੂੰ ਹਿਪਨੋਟਾਈਜ਼ (ਜਾਦੂ) ਕਰ ਸਕਦਾ ਹੋਵੇ। ਫੇਰ ਇਨ੍ਹਾਂ ਦੀ ਕਮਾਈ ਆਈ ਜਾਂਦੀ ਹੈ ਤੇ ਪਿਆਰਿਓ! ਸੱਜਣ ਨੇ ਐਵੇਂ ਨੀਂ ਕੁਛ ਕਰਿਆ, ਸਭ ਕੁਝ ਵਿਚਾਰ ਕੇ ਕਰਿਆ ਹੈ। ਜਿੰਨਾਂ ਮੱਕਰ ਜਿੰਨਾ ਜ਼ਿਆਦਾ ਪਾਖੰਡ ਓਨੀਂ ਦੁਨੀਆਂ ਜ਼ਿਆਦਾ ਲੁੱਟੀ ਜਾਂਦੀ ਹੈ। ਸੋ ਇਸ ਗੱਲ 'ਤੇ ਬੇਫਿਕਰ ਰਹੋ, ਕੋਈ ਸੰਤ ਨਹੀਂ ਦੁਨੀਆਂ ਦੇ ਅੰਦਰ, ਨਾ ਕੋਈ ਰੱਬ ਹੈ।

ਇਕ ਖਟਸ਼ਾਸਤਰੀ ਛੇ ਸ਼ਾਸਤਰ ਪੜ੍ਹ ਕੇ ਆਇਆ ਬ੍ਰਾਹਮਣ। ਜਦੋਂ ਉਹਨੇ ਇਹ ਗੁਣ ਪ੍ਰਮੇਸ਼ਰ ਦੇ ਸੁਣੇ, ਉਹ ਕਹਿਣ ਲੱਗਿਆ, ਇਹ ਚੀਜ਼ ਹੈ ਨਹੀਂ। ਇਕ ਮਹਾਤਮਾ ਦੇ ਕੋਲ ਆ ਗਏ, ਬੀਤਰਾਗ ਮਹਾਂਪੁਰਸ਼ ਸੀ। ਚੌਥੇ ਪਦ 'ਚ ਰਹਿਣ ਵਾਲੇ, ਕਹਿੰਦਾ ਮਹਾਂਪੁਰਸ਼ੋ! ਮੈਂ ਤੁਹਾਡੀ ਸ਼ਰਨ ਆਇਆ ਹਾਂ, ਮੈਨੂੰ ਇਕ ਸੰਸਾ ਵਿਆਪਿਆ ਹੋਇਐ ਕਿ ਉਹ ਹੈ, ਰੱਬ ਹੈ, ਕਿ ਨਹੀਂ?

ਕਹਿੰਦੇ, ਕਿਉਂ?

ਕਹਿੰਦਾ, ਜਿਸਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਜਿਹਦਾ ਵਜੂਦ ਹੀ ਕੋਈ ਨਹੀਂ ਹੈ। ਉਹ ਚੀਜ਼ ਹੋ ਕਿਵੇਂ ਸਕਦੀ ਹੈ? ਇਹ ਕ੍ਰਿਪਾ ਕਰਕੇ ਮੈਨੂੰ ਸਮਝਾਓ।

ਮਹਾਤਮਾ ਨੇ ਦੇਖਿਆ ਕਿ ਇਹ ਮੇਰਾ ਸਮਝਾਇਆ ਹੋਇਆ ਤਾਂ ਸਮਝਣਾ ਨਹੀਂ। ਪੜ੍ਹਿਆ ਹੋਇਆ ਬਹੁਤ ਹੈ। ਗੱਲਾਂ ਇਹਦੇ ਕੋਲ ਜ਼ਿਆਦਾ ਨੇ, ਇਹਨੇ ਨਹੀਂ ਸਮਝਣਾ। ਉਹ ਕਹਿੰਦੇ, ਇਕ ਹੋਰ ਮਹਾਂਪੁਰਸ਼ ਨੇ ਉਹ ਤੈਨੂੰ ਸਮਝਾ ਦੇਣਗੇ। ਉਨ੍ਹਾਂ 'ਚ ਅੰਦਰ ਸ਼ਕਤੀ ਹੈ। ਉਥੇ ਚਲਿਆ ਗਿਆ, ਉਥੇ ਜਾ ਕੇ ਬੇਨਤੀਆਂ ਕਰੀਆਂ ਕਿ ਮੈਂ ਖਟਸ਼ਾਸਤਰ ਪੜ੍ਹਿਆ ਹੋਇਆਂ ਤੇ ਮੈਨੂੰ ਇਹ ਸੰਸਾ ਵਿਆਪਿਆ ਹੋਇਐ ਕਿ ਕ੍ਰਿਪਾ ਕਰੋ, ਮੈਨੂੰ ਇਹ ਦੱਸੋ ਕਿ ਰੱਬ ਹੈਗਾ? ਜਿਹਦਾ ਕੋਈ ਵਜੂਦ ਹੀ ਨਹੀਂ ਹੈ, ਉਹ ਚੀਜ਼ ਕੀ ਹੁੰਦੀ ਹੈ? ਪੰਜ ਸੱਤ ਵਾਰੀ ਜਦੋਂ ਕਿਹਾ, ਕਹਿੰਦਾ ਮੈਂ ਤੇਰੇ ਕੋਲ ਆਇਆ ਹਾਂ। ਸਿੱਧਾ ਹੋ ਗਿਆ, ਕਹਿੰਦਾ ਤੂੰ ਬੋਲਦਾ ਹੀ ਨਹੀਂ? ਤੇਰੇ ਤੋਂ ਮੈਂ ਜ਼ਿਆਦਾ ਪੜ੍ਹਿਆ ਹੋਇਆਂ ਤੇ ਤੂੰ ਮੈਨੂੰ ਇਸ ਤਰ੍ਹਾਂ ਲਗਦੈਂ ਕਿ ਤੇਰੀ ਅਕਲਸ਼ਹੀ ਹੈਂ? ਇਕ ਅੱਖਰ ਵੀ ਨਹੀਂ ਤੂੰ ਪੜ੍ਹਿਆ ਹੋਇਆ। ਓਮੀ ਸਾਧ ਹੈਂ ਤੂੰ।

ਉਸ ਵੇਲੇ ਕੋਲ ਇਕ ਡਲਾ ਪਿਆ ਸੀ ਮਿੱਟੀ ਦਾ, ਉਨ੍ਹਾਂ ਨੇ ਚੁੱਕਿਆ, ਵਗਾਹ ਕੇ ਮਾਰਿਆ ਤੇ ਉਹਦੇ ਲੱਗਿਆ। ਉਹ ਉੱਠ ਕੇ ਮਹਾਤਮਾ ਦੇ ਆ ਕੇ ਕਹਿਣ ਲੱਗਿਆ, ਇਹਨੇ ਮੇਰੇ ਡਲਾ ਮਾਰਿਐ, ਦੋ ਤਿੰਨ ਥੱਪੜ ਇਹਨੇ ਮਾਰ ਦਿਤੇ।

ਸੰਤ ਕਹਿੰਦੇ, ਕਿਉਂ ਮਾਰਦੈਂ, ਅਸੀਂ ਤਾਂ ਤੇਰੀ ਗੱਲ ਦਾ ਜਵਾਬ ਦਿਤੈ। ਬਹਿ ਜਾ ਵਿਚਾਰ ਕਰ।

ਧੀਰਜਵਾਨ ਸੀ, ਬਿਠਾਲ ਲਿਆ, ਬਿਠਾਲ ਕੇ ਕਹਿਣ ਲੱਗਿਆ, ਇਸ ਤਰ੍ਹਾਂ ਦਸ ਤੂੰ ਮੇਰੇ ਕਿਉਂ ਆ ਕੇ ਮਾਰਨ ਲੱਗਿਆ।

ਕਹਿੰਦਾ, ਮਹਾਰਾਜ! ਤੁਸੀਂ ਮੇਰੇ ਡਲ੍ਹਾ ਮਾਰਿਆ।

ਕਹਿੰਦੇ, ਉਹਦੇ ਨਾਲ ਤੈਨੂੰ ਹੋਇਆ ਕੀ?

ਕਹਿੰਦਾ, ਮੈਨੂੰ ਪੀੜ ਹੋਈ।

ਕਹਿੰਦੇ, ਤੂੰ ਦਿਖਾ ਸਕਦੈ ਕਿ ਉਸ ਪੀੜ ਦਾ ਰੂਪ ਕੀ ਹੈ? ਕਿੰਨਾ ਕੁ ਬੋਝ ਹੈ ਉਹਦਾ, ਕਿੰਨੀ ਡਿਗਰੀ ਦਾ ਦਰਦ ਹੈ, ਕਿਹੋ ਜਿਹੀ ਹੈਗੀ, ਉਹਦਾ ਰੂਪ ਕਿਹੋ ਜਿਹੈ, ਰੰਗ ਕਿਹੋ ਜਿਹਾ ਹੈ, ਉਹਦਾ ਕਿੰਨੇ ਕੁ ਥਾਉਂ ਹੈ? ਦਸ ਸਕਦੈਂ ਤੂੰ?

ਸੋਚਣ ਲੱਗ ਗਿਆ।

ਕਹਿੰਦੇ, ਫੇਰ ਜਿਹੜੀ ਚੀਜ਼ ਹੈ ਨਹੀਂ, ਫੇਰ ਹੋਈ ਨਾ, ਤੂੰ ਕਿਵੇਂ ਕਹਿੰਦੈ ਕਿ ਮੇਰੇ ਦਰਦ ਹੋਇਐ।

ਕਹਿੰਦਾ, ਮਹਾਰਾਜ! ਹੋਈ?

ਕਹਿੰਦੇ, ਫੇਰ ਤੈਨੂੰ ਕਿਵੇਂ ਪਤਾ ਲੱਗਿਆ?

ਕਹਿੰਦਾ, ਮੈਂ ਅਨੁਭਵ ਕਰਿਐ।

ਕਹਿੰਦੇ, ਫੇਰ ਜੇ ਤੂੰ ਇਹ ਅਨੁਭਵ ਕਰਿਐ, ਜਿਹੜਾ ਪ੍ਰਮੇਸ਼ਰ ਹੈ, ਇਹ ਵੀ ਅਨੁਭਵ ਦੀ ਚੀਜ਼ ਹੈ।

ਮਹਾਤਮਾ ਦੇ ਕੋਲ ਜਾਹ, ਨਿਮਰਤਾ ਧਾਰ, ਕਰਮ, ਉਪਾਸ਼ਨਾ ਦੇ ਵਿਚੋਂ ਲੰਘ, ਫੇਰ ਜਾ ਕੇ ਤੇਰੀ ਅੱਖ ਖੁਲ੍ਹੇਗੀ। ਤੇਰੇ ਬੁੱਧੀ ਅੰਦਰ ਪੈਦਾ ਹੋਏਗੀ, ਇਹ ਬੁੱਧੀ ਹਟ ਜਾਏਗੀ, ਅੰਦਰ ਬਿਬੇਕ ਬੁੱਧੀ ਆਏਗੀ। ਫੇਰ ਉਹ ਜਾਣਦੀ ਹੈ ਕਿ ਰੱਬ ਕੀ ਹੁੰਦੈ? ਕਿੱਥੇ ਰਹਿੰਦੈ। ਫੇਰ ਉਹਦਾ ਵਿਸ਼ਵਾਸ਼ ਆਉਂਦੈ। ਤੂੰ ਤਾਂ ਬੁੱਧੀ ਦੇ ਨਾਲ ਰੱਬ ਨੂੰ ਪਾਉਣ ਚਾਹੁੰਦੈਂ। ਰੱਬ ਤਾਂ ਬੁੱਧੀ ਨਾਲ ਮਿਲਿਆ ਨਹੀਂ ਕਰਦਾ।

ਸੋ ਸੱਜਣ ਕਹਿਣ ਲੱਗਿਆ ਕਿ ਕੋਈ ਸਾਧ ਨਹੀਂ ਦੁਨੀਆਂ ਦੇ ਉਤੇ, ਮੈਂ ਸਭ ਦੇਖ ਕੇ, ਭੇਖ ਮਜ਼ਬੂਤ ਕੀਤੈ। ਮਸਜਿਦ ਬਣਾਈ ਹੈ, ਠਾਕੁਰ ਦੁਆਰਾ ਬਣਾਇਆ ਹੈ ਤੇ ਮੈਨੂੰ ਪੈਸਾ ਟਕਾ ਇਨ੍ਹਾਂ ਗੱਲਾਂ 'ਚੋਂ ਹੀ ਆਉਂਦੈ, ਤੁਸੀਂ ਇਨ੍ਹਾਂ ਗੱਲਾਂ ਦੀ ਵਿਚਾਰ 'ਚ ਨਾ ਪਵੋ।

ਕਹਿੰਦੇ, ਮਾਲਕ! ਅਸੀਂ ਤਾਂ ਤੇਰੇ ਨੌਕਰ ਚਾਕਰ ਹਾਂ, ਦਿਨ ਰਾਤ। ਜਿਹੜਾ ਤੂੰ ਸਾਨੂੰ ਕਹਿਨੈ, ਅਸੀਂ ਬਾਹਰ ਜਾ ਕੇ ਲੋਕਾਂ 'ਚ ਬੋਲਦੇ ਹਾਂ ਕਿ ਐਡਾ ਮਹਾਤਮਾ, ਐਨੀ ਅੰਤਰਜਾਮਤਾ ਹੈ ਉਹਦੇ ਵਿਚ, ਐਨੀ ਪ੍ਰੇਰਨਾ ਸ਼ਕਤੀ ਹੈ, ਕਹਿੰਦੇ ਅਸੀਂ ਦਿਨ ਰਾਤ ਤੇਰੀ ਮਹਿਮਾ ਤਾਂਹੀ ਕਰਦੇ ਹਾਂ। ਤੇਰੀ ਹੋਂਦ ਨੂੰ ਮੰਨਦੇ ਹਾਂ, ਤੇਰੇ ਨਾਲ ਰਲੇ ਹੋਏ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਬਚਨ ਕਰਦੇ ਨੇ, ਕਰਦੇ-

ਕਰਦੇ ਵਿਉਂਤਾਂ ਬਣਾਉਂਦੇ ਨੇ ਕਿ ਨਾ ਇਹਨੇ ਖਾਧਾ ਹੈ, ਨਾ ਇਹਨੇ ਕੁਛ ਪੀਤਾ, ਮੰਜੇ ਤੇ ਪਿਆ ਨਹੀਂ ਹੈ ਜਾਂ ਤਾਂ ਇਹ ਕੋਈ ਜਾਸੂਸ ਹੈ, ਇਸੇ ਨੂੰ ਪਤੈ। ਕੋਈ ਜਾਂ ਸਰਕਾਰੀ ਬੰਦਾ ਹੈ। ਉਹ ਕਹਿੰਦੇ, ਕੁਛ ਹੋਵੇ, ਆਪਾਂ ਇਨ੍ਹਾਂ ਨੂੰ ਬਾਹਰ ਨਹੀਂ ਨਿਕਲਣ ਦੇਣਾ। ਆਪਣੇ ਕੋਲ ਐਨਾ ਜ਼ਬਰਦਸਤ ਬੰਦੋਬਸਤ ਹੈ ਕਿ ਅੱਜ ਦੀ ਰਾਤ ਹੀ ਗਲ ਘੁੱਟ ਦੇਣੇ ਨੇ ਤੇ ਬਾਹਰ ਜਾਣਗੇ ਤਾਂਹੀ ਗੱਲ ਕਰਨਗੇ। ਜੇ ਜਾਸੂਸ ਹੈ ਤਾਂ ਬੋਲੇਗਾ ਜੇ ਬਾਹਰ ਉੱਘ ਸੁੱਘ ਨਿਕਲੀ। ਇਕੱਲੇ ਆਏ ਨੇ ਤੇ ਆਪਣੇ ਵਸ ਵਿਚ ਨੇ। ਹੁਣ ਆਪਾਂ ਇਨ੍ਹਾਂ ਨੂੰ ਜਾਣ ਨਹੀਂ ਦੇਣਾ।

ਸੋ ਹੱਤਿਆ ਕਰਨੀ, ਪਾਪ ਕਰਨਾ, ਆਦਮੀ ਦੀ ਜ਼ਮੀਰ ਜਿਹੜੀ ਹੈ, ਇਹ ਕਿਸੇ ਹੱਦ ਤੱਕ ਗਾਈਡ ਕਰਦੀ ਹੈ ਇਸਨੂੰ। ਮਾੜਾ ਕੰਮ ਕਰਨ ਲਗਦੈ ਪਹਿਲਾਂ-ਪਹਿਲਾਂ। ਉਹ ਮਾੜਾ ਕੰਮ ਕਰਨ ਵੇਲੇ ਅੰਦਰੋਂ ਆਵਾਜ਼ ਆਏਗੀ ਕਿ ਤੂੰ ਗਲਤ ਕਰ ਰਿਹੈਂ, ਇਹ ਨਾ ਕਰ। ਇਹ ਠੀਕ ਨਹੀਂ ਹੈ, ਬੁਰਾ ਕੰਮ ਹੈ। ਜਦੋਂ ਉਹਦੇ ਵਿਚ ਪ੍ਰਵਿਰਤ ਹੋ ਜਾਏਗਾ ਫੇਰ ਉਹਨੂੰ ਠੀਕ ਸਿੱਧ ਕਰੇਗਾ।

*ਧਾਰਨਾ - ਪਾਪੀ ਬੰਦਿਆਂ ਨੂੰ ਪਾਪ ਪਿਆਰਾ,*
*ਭਗਤੀ ਨਾ ਭਾਵੇ ਰੱਬ ਦੀ।*

ਜ਼ਮੀਰ ਹੌਲੀ-ਹੌਲੀ ਐਨੀ ਅੰਨ੍ਹੀ ਹੋ ਜਾਂਦੀ ਹੈ ਕਿ ਪਾਪ ਪਿਆਰਾ ਲੱਗਣ ਲਗ ਜਾਂਦੈ। ਰਿਸ਼ਵਤਾਂ ਲੈਣੀਆਂ, ਧੋਖੇ ਕਰਨੇ, ਮਿਲਾਵਟਾਂ ਕਰਨੀਆਂ, ਪਾਖੰਡ ਨਾਲ ਲੋਕਾਂ ਨੂੰ ਲੁੱਟਣਾ, ਛਲ ਕਰਨਾ, ਕਪਟ ਕਰਨਾ, ਬੜਾ ਪਿਆਰਾ ਲਗਦੈ -

*ਪਾਪੁ ਬੁਰਾ ਪਾਪੀ ਕਉ ਪਿਆਰਾ ॥*
*ਪਾਪਿ ਲਦੇ ਪਾਪੇ ਪਾਸਾਰਾ॥* *ਅੰਗ- ੯੩੫*

ਜਦੋਂ ਪਾਪ ਨਾਲ ਲਦਿਆ ਗਿਆ, ਉਸ ਵੇਲੇ ਕੀ ਹੁੰਦੈ? ਆਲੇ-ਦੁਆਲੇ ਸਾਰੇ ਪਾਪ ਦਾ ਪਸਾਰਾ ਕਰ ਲੈਂਦੈ। ਇਕ ਝੂਠ ਨੂੰ ਰੋਕਣ ਵਾਸਤੇ ਸੌ ਝੂਠ ਹੋਰ ਬੋਲਣਾ ਪੈਂਦੈ। ਉਸ ਪਾਪ ਦੇ ਨਾਲ ਪਿਆਰ ਹੋ ਜਾਂਦੈ ਉਹਦਾ। ਐਨਾ ਅੰਨ੍ਹਾ ਹੋ ਜਾਂਦੈ ਕਿ ਬੰਦੇ ਨੂੰ ਮਾਰ ਦੇਣਾ ਕੋਈ ਮਾਇਨੇ ਨਹੀਂ ਰਖਦਾ। ਕਹਿੰਦਾ ਹੈ ਫੇਰ ਕੀ ਹੋ ਗਿਆ। ਕੀੜੀ ਮਾਰ ਦਿਤੀ ਕਿ ਬੰਦਾ ਮਾਰ ਦਿਤਾ, ਦੋਵੇਂ ਗੱਲਾਂ ਇੱਕੋ ਹੀ ਨੇ। ਜਿਹੜੇ ਕਹਿੰਦੇ ਮਾਰੋ ਨਾ ਉਨ੍ਹਾਂ ਨੂੰ ਪੁੱਛੋ ਕਿ ਤੁਹਾਡੇ ਪੈਰ ਥੱਲੇ ਆ ਕੇ ਕੀੜੀ ਨਹੀਂ ਮਰਦੀ। ਤੁਸੀਂ ਕੀੜੀ ਨੂੰ ਮਾਰ ਦਿਤਾ, ਅਸੀਂ ਬੰਦਾ ਮਾਰ ਦਿਤਾ। ਸੋ ਇਸ ਤਰ੍ਹਾਂ ਦਲੀਲ ਦਿੰਦੈ। ਪਾਪ ਨਾਲ ਪਿਆਰ ਹੁੰਦੈ।

*ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥*
*ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥*
*ਅੰਗ- ੧੩੬੮*

ਮੱਖੀ ਜਿਹੜੀ ਹੈ ਚੰਦਨ 'ਤੇ ਨਹੀਂ ਆਉਂਦੀ, ਸੁਗੰਧੀ 'ਤੇ ਨਹੀਂ ਆਉਂਦੀ। ਜਿਥੇ ਮੁਸ਼ਕ ਹੈ ਉਸ ਥਾਂ 'ਤੇ ਉਡ ਕੇ ਚਲੀ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਬੁਰਿਆਂ ਕੰਮਾਂ ਵਾਸਤੇ ਸਾਹਸੀ ਬਣ ਜਾਂਦੈ। ਅੰਮ੍ਰਿਤ ਵੇਲੇ ਨਾਲ ਜਪਣ ਵਾਸਤੇ ਆਲਸੀ ਬਣ ਜਾਂਦੈ। ਜਾਗ ਨਹੀਂ ਆਉਂਦੀ ਜੀ, ਭਜਨ ਨਹੀਂ ਮੇਰੇ ਤੋਂ ਹੁੰਦਾ। ਮੈਨੂੰ ਨੀਂਦ ਆਉਂਦੀ ਹੈ, ਬੇਅੰਤ ਹੀ ਬਹਾਨੇ ਹੋ ਜਾਂਦੇ ਨੇ ਤੇ ਕੁਝ ਚੰਗਾ ਕੰਮ ਕਰਨੈ, ਸਤਿਸੰਗ 'ਚ ਜਾਣੈ, ਪੰਜਾਹ ਕੰਮ ਨਿਕਲ ਆਉਣਗੇ। ਜੇ ਕੋਈ ਗਾਉਣਾ ਵਜਾਉਣਾ ਰਾਤ ਨੂੰ ਦੇਖਣ ਜਾਣੈ, ਸਾਰੇ ਕੰਮ ਆਪੇ ਹੀ ਹੋ ਜਾਣਗੇ। ਕਹਿੰਦੇ ਨੇ ਕੱਲ੍ਹ ਨੂੰ ਕਰ ਲਵਾਂਗੇ, ਅੱਜ ਕਿਹੜਾ ਕਾਹਲੀ ਹੈ। ਸੋ ਇਸ ਤਰ੍ਹਾਂ ਦੇ ਨਾਲ ਕਹਿੰਦੇ -

*ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ ॥*
*ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥*
*ਅੰਗ- ੫੧੮*

ਖੋਟੇ ਕੰਮਾਂ ਦਾ ਫਲ ਭੁਗਤਣ ਵੇਲੇ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ -

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*
*ਅੰਗ- ੯੧੮*

ਰੋਣਾ ਵੀ ਕੋਈ ਨਹੀਂ ਸੁਣਦਾ। ਐਸਾ ਫੁਰਮਾਨ ਹੈ -

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥* *ਅੰਗ - ੪੬੪*

ਐਸਾ ਕੰਮ ਕਰਨਾ ਜਿਸਦੇ ਨਾਲ ਸ਼ਰਮਿੰਦਗੀ ਹੋਵੇ ਜ਼ਿੰਦਗੀ ਨੇ ਤਾਂ ਖਤਮ ਹੋ ਜਾਣੈ ਸਾਧਸੰਗਤ ਜੀ! ਚਾਹੇ ਗਰੀਬ ਹੈ, ਚਾਹੇ ਅਮੀਰ ਹੈ, ਦੋਹਾਂ ਦਾ ਸੁਪਨਾ ਟੁੱਟ ਜਾਣੈ ਇਕ ਦਿਨ। ਲੇਕਿਨ ਜਿਹੜੇ ਕੀਤੇ ਹੋਏ ਕਰਮ ਨੇ ਇਹ ਨਹੀਂ ਹਟਦੇ, ਖਹਿੜਾ ਨਹੀਂ ਛੱਡਦੇ। ਤਿੰਨ ਚੀਜ਼ਾਂ ਜੇ ਇਕੱਠੀਆਂ ਹੋਣ ਤਾਂ ਧਰਮ ਟਿਕਿਆ ਕਰਦੈ। ਇਕ ਤਾਂ ਅਗਿਆਨ ਹੋਵੇ, ਇਕ ਚੇਤਨ ਹੋਵੇ, ਇਕ ਭਾਂਡਾ ਹੋਵੇ। ਇਕ ਚਿੱਤ ਹੋਵੇ ਤੇ ਇਕ ਚੇਤਨ ਸੱਤਾ ਹੋਵੇ, ਤਿੰਨ ਇਕੱਠੀਆਂ ਹੋਣ ਤਾਂ ਜਾ ਕੇ ਕਰਮਾਂ ਦਾ ਭਾਂਡਾ ਤਿਆਰ ਹੁੰਦੈ। ਫੇਰ ਕਰਮ ਉਹਦੇ ਵਿਚ ਟਿਕ ਜਾਂਦੇ ਨੇ। ਜੇ ਵਿਚੋਂ ਇਕ ਚੀਜ਼ ਕੱਢ ਦਿਓ, ਅਗਿਆਨ ਕੱਢ ਦਿਓ। ਗਿਆਨ ਹੋਵੇ ਕਰਮ ਲਗਦਾ ਹੀ ਨਹੀਂ ਹੈ। ਕਿਉਂਕਿ ਉਹ ਕਰਦਾ ਹੋਇਆ ਨਾ ਕਰਦੈ। ਉਹਦੇ ਅੰਦਰੋਂ ਹਉਮੈ ਦਾ ਨਾਸ਼ ਹੋ ਜਾਂਦੈ, ਉਹ ਕਹਿੰਦੈ ਮੈਂ ਨਹੀਂ ਕਰਦਾ। ਮੈਂ ਕਰਦਾ ਹੀ ਨਹੀਂ ਸੱਚੀਓਂ ਕਹਿੰਦੈ। ਇਕ ਤਾਂ ਮੂੰਹ ਨਾਲ ਕਹਿਣੈ -

*ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥*
*ਅੰਗ - ੯੩੦*

ਇਕ ਹੁੰਦੈ, ਉਹਦੀ ਅੱਖ ਖੁਲ੍ਹ ਜਾਂਦੀ ਹੈ, ਉਹਨੂੰ ਪਤਾ ਲਗ ਜਾਂਦੈ ਕਿ ਮੈਂ ਨਹੀਂ ਹਾਂ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ - ੮੨੭*

ਕਹਿਣ ਮਾਤਰ ਨਹੀਂ ਹੈ, ਸੱਚਮੁੱਚ ਹੀ ਇਸ ਅਵਸਥਾ 'ਚ ਪਹੁੰਚ ਜਾਇਆ ਕਰਦੈ, ਉਹਨੂੰ ਨਹੀਂ ਕਰਮ ਲੱਗਿਆ ਕਰਦਾ। ਬਾਕੀ ਜਿਹੜਾ ਅਗਿਆਨ ਹੈ, ਚੇਤਨ ਸੱਤਾ ਹੈ ਜੀਵ ਦੀ, ਨਾਲ ਅੰਤਸ਼ਕਰਣ ਹੈ। ਇਸ ਤਰ੍ਹਾਂ ਸਮਝੋ ਅਗਿਆਨ ਮਿੱਟੀ ਦਾ ਡਲ੍ਹਾ ਹੈ ਤੇ ਅੰਤਸ਼ਕਰਣ ਜਿਹੜਾ ਹੈ ਇਹ ਹੈ ਪਾਣੀ ਤੇ ਜਿਹੜੀ ਚੇਤਨ ਕਲਾ ਹੈ ਉਹ ਹੈ ਸ਼ਕਲ। ਪਾਣੀ ਨਾਲ ਮਿੱਟੀ ਰਲ ਕੇ ਭਾਂਡਾ ਬਣਾ ਦਿਤਾ ਹੁਣ ਭਾਂਡੇ ਵਿਚ ਚੀਜ਼ ਟਿਕਣੀ ਹੈ, ਜਦੋਂ ਅੰਤਸ਼ਕਰਣ ਦਾ ਭਾਂਡਾ ਬਣ ਗਿਆ ਇਹਦੇ ਵਿਚ ਕਰਮਾਂ ਨੇ ਟਿਕ ਜਾਣੈ। ਉਹ ਕਰਮ ਜਿਹੜਾ ਕੀਤਾ ਹੋਇਆ, ਚਾਹੇ ਚੰਗਾ ਕਰਿਐ, ਚਾਹੇ ਮਾੜਾ ਕਰਿਐ, ਕਰਮ ਦਾ ਨਾਸ਼ ਨਹੀਂ ਹੋਇਆ ਕਰਦਾ, ਨਾਲ ਚਲਿਆ ਜਾਂਦੈ ਬੰਦੇ ਦੇ -

*ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ*
*ਦਰਗਹ ਆਏ ਕੰਮਿ ॥ ਅੰਗ - ੧੩੮੩*

ਦਰਗਾਹ ਦੇ ਵਿਚ ਵੀ ਨਾਲ ਜਾਂਦੇ ਨੇ ਕਰਮ। ਉਥੇ ਹੀ ਨੀਂ ਖਾਤਮਾ ਹੁੰਦਾ। ਅਗਲੇ ਜਨਮ ਵਾਸਤੇ ਉਹਦੀ ਤਿਆਰੀ ਕੀਤੀ ਜਾਂਦੀ ਹੈ, ਤੇ ਪਰਾਲਬਧ ਕਰਮ ਨਾਲ ਭੇਜ ਦਿਤੇ ਜਾਂਦੇ ਨੇ ਕਿ ਇਸ ਜਨਮ ਦੇ ਅੰਦਰ ਐਨੇ ਕਰਮ ਭੋਗੇਗਾ ਬਾਕੀ ਤਾਂ ਸਾਰੇ ਸਟੋਰ ਵਿਚ ਪਏ ਨੇ ਜਿਹਨੂੰ ਸੰਚਤ ਕਰਮ ਕਹਿੰਦੇ ਨੇ। ਇਹੀ ਨਹੀਂ ਕਿ ਉਹ ਭੋਗ ਲਏ ਤਾਂ ਓਨੇ ਘਟ ਗਏ, ਉਸ ਤੋਂ ਦਸ ਗੁਣਾਂ ਜ਼ਿਆਦਾ ਫੇਰ ਕਰ ਲਏਗਾ। ਸਰੀਰਧਾਰੀ ਹੋ ਗਿਆ, ਫੇਰ ਕਿਹੜਾ ਉਹਨੇ ਕਰਮ ਨਹੀਂ ਕਰਨਾ। ਮੈਂ-ਮੈਂ ਕਰਦਾ ਹੈ ਕਿ ਮੈਂ ਗੁਰਦਵਾਰਾ ਬਣਾਇਆ, ਮੈਂ ਦਾਨ ਦਿਤਾ। ਕਰਮ ਕਰ ਦਿਤੇ ਉਹਨੇ। ਮਾੜੇ ਕਰਮ ਵੀ ਕਰ ਦਿਤੇ, ਚੰਗੇ ਵੀ ਕਰ ਦਿਤੇ। ਫਲ ਦੋਹਾਂ ਦਾ ਹੀ ਭੋਗਣਾ ਪੈਣੈ। ਇਕ ਸੋਨੇ ਦੀ ਹੱਥਕੜੀ ਹੈ ਇਕ ਲੋਹੇ ਦੀ ਹੱਥਕੜੀ ਹੈ। ਬੇੜੀਆਂ ਦੋਵੇਂ ਇਕੋ ਜਿਹੀਆਂ ਨੇ। ਕਰਮ ਭੋਗਣਾ ਪੈਂਦੈ। ਕਰਮ ਭੋਗਣ ਦੇ ਨਾਲ ਇਹਦਾ ਆਉਣਾ ਜਾਣਾ ਨਹੀਂ ਖਤਮ ਹੁੰਦਾ। ਮਹਾਰਾਜ ਕਹਿੰਦੇ, ਇਕ ਗੱਲ ਕਰ ਲੈ। ਪਰਾਲਬਧ ਤਾਂ ਤੈਨੂੰ ਭੋਗਣੀ ਹੀ ਪੈਣੀ ਹੈ -

*ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥*
*ਅੰਗ - ੯੩੭*

ਉਹ ਭਾਣਾ ਤਾਂ ਤੇਰੇ ਨਾਲ ਵਰਤਣਾ ਹੀ ਵਰਤਣਾ ਹੈ, ਉਹਨੂੰ ਤਾਂ ਖੁਸ਼ੀ ਨਾਲ ਭੋਗ ਲੈ।

*ਭੋਗਹਿ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ।*

ਉਹ ਐਨੀ ਬਲਵਾਨ ਹੈ, ਭੋਗਣੀ ਪੈਣੀ ਹੈ। ਚਾਹੇ ਈਸ਼ਵਰ ਕੋਟੀ ਦਾ ਹੈ, ਚਾਹੇ ਜੀਵ ਕੋਟੀ ਦਾ ਹੈ, ਚਾਹੇ ਅੰਧ ਕੋਟੀ ਦਾ ਹੈ। ਹਰੇਕ ਨੂੰ ਕਰਮ ਤਾਂ ਭੋਗਣਾ ਹੀ ਪੈਣੈ। ਬਈ ਉਹ ਤਾਂ ਭੋਗ ਲੈ ਤੂੰ ਖੁਸ਼ੀ-ਖੁਸ਼ੀ। ਕਿਉਂਕਿ-

*ਆਪੇ ਬੀਜਿ ਆਪੇ ਹੀ ਖਾਹੁ ॥ ਅੰਗ - ੪*

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ*
*ਦੋਸੁ ਨ ਦੀਜੈ ਅਵਰ ਜਨਾ॥ ਅੰਗ - ੪੩੩*

ਬਾਕੀ ਜਿਹੜਾ ਹੈ ਅਗਲੇ ਕਰਮ ਕਰਨੇ ਇਹਦੇ ਵਿਚ ਅਕਲ ਵਰਤ ਥੋੜ੍ਹੀ, ਸੋਚ ਵਰਤ। ਗੁਰੂ ਦਾ ਹੁਕਮ ਮੰਨ-

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*
*ਅੰਗ - ੯੧੮*

*ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥*
*ਅੰਗ - ੧੩੮੧*

ਉਹ ਤਾਂ ਤੇਰੇ ਹੱਥ ਵਿਚ ਨੇ। ਤੈਨੂੰ ਸ਼ਕਤੀ ਦਿਤੀ ਹੈ, ਸੋਚ ਸ਼ਕਤੀ ਦਿਤੀ ਹੈ ਉਸ ਤੋਂ ਕੰਮ ਲੈ, ਇਹੋ ਜਿਹੇ ਕੰਮ ਨਾ ਕਰ ਕਿ ਦਰਗਾਹ ਦੇ ਵਿਚ ਜਾ ਕੇ ਤੈਨੂੰ ਸ਼ਰਮਿੰਦਾ ਹੋਣਾ ਪਵੇ ਕਿਉਂਕਿ ਇਹ ਤਾਂ ਲੇਖਾ ਪੱਤਾ ਹੋਣਾ ਹੀ ਹੈ ਜ਼ਰੂਰ -

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥*
*ਅੰਗ - ੯੫੩*

ਧਰਮਰਾਜ ਦੇ ਕੋਲ ਜਾ ਕੇ ਤਾਂ ਚਿੱਠਾ ਖੁਲ੍ਹ ਜਾਣੈ-

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥ ਅੰਗ - ੪੭੧*

ਪਛਤਾਉਣਾ ਪੈਣੈ। ਖੁਸ਼ੀ ਤਾਂ ਨਹੀਂ ਮਿਲਦੀ, ਔਗੁਣ ਕਰਕੇ। ਖੁਸ਼ੀ ਤਾਂ ਮਿਲਣੀ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਦੁਨੀਆ 'ਚ ਆ ਕੇ ਕੁਛ ਕਰ ਜਾ, ਸੇਵਾ ਕਰ ਜਾ।

'

*ਚਲਦਾ......।'*

# ਮਨ ਮੇਰੇ ਭੂਲੇ ਕਪਟੁ ਨ ਕੀਜੈ

*ਬਾਬਾ ਹਰਪਾਲ ਸਿੰਘ ਜੀ*

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ- ੧੩੭੭*

*ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥*
*ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥ ੯੩ ॥*
*ਅੰਗ- ੧੩੬੯*

*ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥*
*ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ ੮੮ ॥*
*ਅੰਗ - ੧੩੬੯*

*ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥*
*ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ ॥ ਅੰਗ- ੯੬੫*

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*
*ਅੰਗ- ੩੮*

*ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ ॥*
*ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ*
*ਹਰਣਾਖਸ ਨਖਹਿ ਬਿਦਾਰੇ ॥ ਅੰਗ- ੬੦੧*

*ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥*
*ਗੁਣ ਨਿਧਾਨ ਭਗਤਨ ਕਉ ਬਰਤਨਿ*
*ਬਿਰਲਾ ਪਾਵੈ ਕੋਈ ॥ ੧ ॥*
*ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥*
*ਜਾ ਕੀ ਸਰਣਿ ਪਇਆਂ ਸੁਖੁ ਪਾਈਐ*
*ਬਾਹੁੜਿ ਦੂਖੁ ਨ ਹੋਈ ॥ ੧ ॥ ਰਹਾਉ ॥*
*ਵਡਭਾਗੀ ਸਾਧਸੰਗੁ ਪਰਾਪਤਿ*
*ਤਿਨ ਭੇਟਤ ਦੁਰਮਤਿ ਖੋਈ ॥*
*ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ*
*ਜਿਨ ਹਰਿ ਨਾਮੁ ਰਿਦੈ ਪਰੋਈ ॥ ਅੰਗ - ੬੧੮*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ ਹੋਈ, ਸਮੂੰਹ ਨਗਰ ਨਿਵਾਸੀ ਸਰਬੱਤ ਮਾਈ ਭਾਈ, ਸਾਰੇ ਇਲਾਕੇ ਦੇ ਭਾਗ ਜਾਗੇ, ਸਤਿਗੁਰਾਂ ਨੇ ਰਹਿਮਤ ਕੀਤੀ ਕਿ ਸਾਨੂੰ ਦੋ ਰੋਜ਼ਾ ਰਾਤਰੀ ਦੇ ਸਤਿਸੰਗ ਕਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਸਾਢੇ ਤਿੰਨ ਸੌ ਸਾਲ ਸ੍ਰੀ ਅਨੰਦਪੁਰ ਸਾਹਿਬ ਜੀ ਦਾ ਸਥਾਪਨਾ ਦਿਵਸ ਨੂੰ ਸਮਰਪਿਤ ਇਹ ਸਤਿਸੰਗ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਦੇ ਇਲਾਕੇ ਦੇ ਵਿਚ ਪਿਛਲੇ ਮਹੀਨੇ ਤੋਂ ਹੀ ਹੋ ਰਹੇ ਹਨ। ਪਾਤਸ਼ਾਹ ਨੇ ਕਿੱਡੀ ਬਖਸ਼ਿਸ਼ ਕੀਤੀ, ਇਥੇ ਅਨੰਦ ਵਰਤਾਏ। ਅਨੰਦਾਂ ਦੀ ਪੁਰੀ, ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸ ਇਹ ਹੈ ਕਿ ਧੰਨ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਦੇ ਸਮੇਂ ਜੋ ਮਾਖੋਵਾਲ ਦੀ ਧਰਤੀ ਸੀ, ਰਾਜਾ ਸੀ ਦੀਪਚੰਦ, ਉਹ ਚੜ੍ਹਾਈ ਕਰ ਗਿਆ, ਉਹਦੇ ਘਰੋਂ ਸੀ ਰਾਣੀ ਚੰਪਾ ਡੂਗਰ, ਗੁਰੂ ਮਹਾਰਾਜ ਉਹਦੇ ਕੋਲ ਜਦੋਂ ਅਫਸੋਸ ਕਰਨ ਗਏ ਤਾਂ ਉਸ ਨੇ ਗੁਰੂ ਚਰਨਾਂ ਦੇ ਵਿਚ ਆਪਣੀ ਭੂਮੀ ਦਾਨ ਕਰਨ ਦੀ ਅਰਦਾਸ ਕਰਾਈ। ਪਾਤਸ਼ਾਹ ਜੀ ਨੇ 2200 ਰੁਪਿਆ ਉਸ ਸਮੇਂ ਦੀ ਕੀਮਤ ਪਾ ਕੇ ਉਸ ਨੂੰ ਪੈਸਾ ਦਿਤਾ। ਇਸ ਨਗਰ ਦੀ ਧਰਤੀ ਜਿਸਨੂੰ ਕਦੇ ਕਹਿੰਦੇ ਸੀ ਕਿ ਇਥੇ ਕੋਈ ਦੈਂਤ ਰਹਿੰਦਾ ਹੈ, ਉਜਾੜ ਇਲਾਕਾ ਸੀ, ਪਹਾੜੀ ਇਲਾਕਾ ਸੀ, ਪਰ ਸਤਿਗੁਰੂ ਜੀ ਦੇ ਚਰਨ ਪਏ, ਭਾਗ ਲਗ ਗਏ, ਨਾਮ ਰੱਖਿਆ, ਨਾਨਕੀ ਜੀ ਦੇ ਨਾਂ 'ਤੇ 'ਨਾਨਕੀ ਚੱਕ' ਤੇ ਉਹ ਸਮਾਂ ਬੀਤਦਾ ਗਿਆ ਤੇ ਇਹ ਜਦੋਂ ਮੋਹੜੀ ਗੱਡੀ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਸਨ, ਬਾਬਾ ਗੁਰਦਿੱਤਾ ਜੀ ਦੇ ਪਵਿੱਤਰ ਹੱਥਾਂ ਤੋਂ ਇਸ ਦਾ ਸ਼ਿਲਾ ਨਿਆਸ ਕਰਵਾਇਆ। 19 ਜੂਨ 1665 ਈਸਵੀ ਦਾ ਸਮਾਂ ਸੀ। ਸੱਚੇ ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ ਧੰਨ ਗੁਰੂ ਗੋਬਿੰਦ ਰਾਏ ਜੀ ਪਟਨਾ ਸਾਹਿਬ ਤੋਂ ਅਜੇ ਬਚਪਨ ਵਿਚ ਸਨ ਜਦੋਂ ਸ੍ਰੀ ਅਨੰਦਪੁਰ ਸਾਹਿਬ ਆਏ ਤਾਂ ਖੁਸ਼ੀ 'ਚ ਆਪ ਨੇ ਅਨੰਦ ਸਾਹਿਬ ਪੜ੍ਹਿਆ, ਤਾਂ ਇਸ ਦਾ ਨਾਮ ਚੱਕ ਨਾਨਕੀ ਤੋਂ ਸ੍ਰੀ ਅਨੰਦਪੁਰ ਸਾਹਿਬ ਰੱਖ ਦਿਤਾ। ਕਿੰਨੀਆਂ ਰੌਣਕਾਂ ਹੋਈਆਂ। ਕਿੰਨੇ ਇਸ ਧਰਤੀ ਨੂੰ ਭਾਗ ਲੱਗੇ। ਸਾਡੀ ਜ਼ਿੰਦਗੀ ਦੇ ਵਿਚ ਇਹ 350 ਸਾਲ ਪੂਰੇ ਹੋ ਗਏ ਹਨ।

ਜਿਨ੍ਹਾਂ ਪ੍ਰੇਮੀਆਂ ਦੇ ਅੰਦਰ ਚਾਅ ਹੈ -

*ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥*
*ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥*
*ਅੰਗ - ੫੨੦*

ਸਤਿਸੰਗ ਜੋ ਹੈ ਬਿਨਾਂ ਭਾਗਾਂ ਤੋਂ ਨਹੀਂ ਮਿਲਦਾ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ- ੯੫*

ਸਤਿਸੰਗ ਦੇ ਵਿਚ ਕਿਉਂ ਬਾਰ-ਬਾਰ ਬੇਨਤੀਆਂ ਕੀਤੀਆਂ ਜਾਂਦੀਆਂ ਨੇ ਕਿ ਗੁਰੂ ਚਰਨਾਂ 'ਚ ਆਓ। ਗੁਰੂ ਚਰਨਾਂ 'ਚ ਬਿਰਾਜੋ ਕਿਉਂਕਿ ਭਾਗ ਬਣਨ ਤਾਂ ਉਹ ਆ ਸਕਦੇ ਨੇ, ਜੇ ਭਾਗਾਂ 'ਚ ਨਾ ਲਿਖਿਆ ਹੋਵੇ, ਚਾਹੇ ਬੈਠੇ

ਨੇੜੇ ਹੀ ਨੇ, ਪਰ ਸਤਿਸੰਗ ਦੇ ਵਿਚ ਨਹੀਂ ਪਹੁੰਚ ਸਕਦੇ। ਆਧੀਆਂ ਬਿਆਧੀਆਂ, ਉਪਾਧੀਆਂ, 'ਤੀਨੇ ਤਾਪ ਨਿਵਾਰਣਹਾਰਾ' ਸਤਿਸੰਗ ਹੀ ਹੈ ਐਸਾ ਇਕ ਸਾਧਨ ਜਿਥੇ ਨਾਮ ਨਾਲ ਜੁੜਿਆ ਜਾਂਦਾ ਹੈ। ਸਤਿਸੰਗ ਦਾ ਫਲ ਕਿੰਨਾ ਹੈ? ਜਦੋਂ ਵਾਰੀ ਆਏ 'ਤੇ ਆਪਾਂ ਗਾਉਂਦੇ ਹਾਂ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*

*ਅੰਗ- ੫੪੬*

ਜਿੰਨੇ ਕਦਮ ਸਤਿਗੁਰ ਦੇ ਚਰਨ ਸ਼ਰਨ 'ਚ ਚੱਲ ਕੇ ਆਏ ਹਾਂ -

*ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ*
*ਕੋਟ ਪੈਂਡਾ ਆਗੈ ਹੋਇ ਲੇਤ ਹੈ।*

ਇਕ-ਇਕ ਕਦਮ ਦੇ ਨਾਲ ਅਸ੍ਵਮੇਧ ਜਗ ਦਾ ਫਲ ਮਿਲਦਾ ਹੈ। ਜਦੋਂ ਇਥੇ ਬਾਣੀ ਗਾਉਂਦੇ ਹਾਂ ਫੇਰ ਤਾਂ ਕੋਈ ਗਿਣਤੀ ਹੀ ਨਹੀਂ, ਕਰੋੜਾਂ ਯੱਗਾਂ ਦੇ ਫਲ ਮਿਲ ਜਾਂਦੇ ਨੇ, ਤੇ ਉਨ੍ਹਾਂ ਦਾ ਥਾਂ ਪੈ ਜਾਂਦਾ ਹੈ ਇਹ ਸਮਾਂ -

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧ ॥*

*ਅੰਗ - ੬੬੯*

ਇਸ ਕਰਕੇ ਆਓ, ਸਤਿਸੰਗ ਦੇ ਵਿਚ ਜੁੜਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਇਕ ਘੜੀ ਕਿੰਨੀ ਕੁ ਹੈ, ਸਾਢੇ 24 ਮਿੰਟ ਦੀ। ਦੋ ਘੜੀਆਂ 50 ਮਿੰਟ ਦੀਆਂ ਹਨ। ਕਿੰਨਾ ਕੁ ਸਮਾਂ ਹੈ? ਜੇ ਇਸ ਸਮੇਂ ਦੇ ਵਿਚ ਬੈਠ ਕੇ ਸਤਿਸੰਗ ਹੋ ਜਾਵੇ, ਪ੍ਰਾਪਤੀ ਕਿੰਨੀ ਵੱਡੀ ਹੋ ਜਾਂਦੀ ਹੈ। ਨਾਮ ਦੀ ਖੋਜ ਅਸੀਂ ਕਰਦੇ ਹਾਂ, ਬਾਹਰ ਜਾਂਦੇ ਹਾਂ ਕਿ ਕੋਈ ਨਾਮ ਦੇ ਦੇਵੇ ਕਿ ਫਲਾਣੀ ਜਗ੍ਹਾ ਚੱਲੋ; ਗੁਰੂ, ਪੀਰ, ਆਚਾਰੀਆ ਉਥੇ ਤੁਹਾਨੂੰ ਨਾਮ ਦੇਣਗੇ, ਨਹੀਂ, ਬਾਹਰ ਨਹੀਂ ਨਾਮ ਕੋਈ ਦਿੰਦੇ। ਬਾਹਰੋਂ ਤਾਂ ਗੁਰਮੰਤਰ ਮਿਲਦਾ ਹੈ, ਮੰਤਰ ਜਿਹੜਾ ਗੁਰੂ ਦਿੰਦਾ ਹੈ, ਉਸ ਮੰਤਰ ਦੀ ਕਮਾਈ ਕਰਕੇ ਨਾਮ ਤੱਕ ਰੁਸਵਾਈ ਹੋਣੀ ਹੈ। ਨਾਮ ਸਾਡੇ ਸਾਰਿਆਂ ਦੇ ਅੰਦਰ ਹੈ। ਸਾਡੇ ਅੰਦਰ ਕਿੱਡੀ ਕੀਮਤੀ ਵਸਤੂ ਪਈ ਹੈ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

*ਅੰਗ- ੮੧*

ਪਰ ਅਸੀਂ ਬੈਠਦੇ ਨਹੀਂ, ਸਰੀਰ ਜੇ ਆ ਵੀ ਜਾਂਦੈ, ਮਨ ਪ੍ਰੇਰਦਾ ਹੈ -

*ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥*

*ਅੰਗ- ੮੧੫*

*ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥*

*ਅੰਗ - ੩੪੦*

ਕਿਉਂਕਿ ਮਨ ਨਾਲ ਸਾਡਾ ਸਬੰਧ ਹੈ, ਤਨ ਨਾਲ ਨਹੀਂ, ਤਨ ਤਾਂ ਇਥੇ ਆ ਗਿਆ, ਸਤਿਸੰਗ ਵਿਚ ਬੈਠ ਗਏ ਆ ਕੇ। ਮਨ ਉਡਾਰੀਆਂ ਮਾਰਦਾ ਹੈ। ਇਸੇ ਕਰਕੇ ਮਹਾਂਪੁਰਸ਼ਾਂ ਕੋਲ ਜੁਗਤੀਆਂ ਨੇ। ਕਿਉਂਕਿ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ- ੩੪੨*

ਉਹ ਜੁਗਤੀ ਕੀ ਹੁੰਦੀ ਹੈ, ਆਹ ਤਿੰਨ ਹਿੱਸਿਆਂ 'ਚ ਸ਼ਬਦ ਪੜ੍ਹਾਏ ਜਾਂਦੇ ਨੇ। ਸ਼ਬਦ ਦਾ ਜਿਹੜਾ ਅੰਤਰੀਵ ਭਾਵ ਹੁੰਦਾ ਹੈ, ਉਹ ਧਾਰਨਾ ਹੈ ਤੇ ਉਡੀਕ ਹੁੰਦੀ ਹੈ ਕਿ ਮੇਰੀ ਵਾਰੀ ਆਵੇ, ਮੈਂ ਵਾਰੀ 'ਚ ਗੱਜ ਵੱਜ ਕੇ ਬੋਲਾਂ। ਮਨ ਫੇਰ ਕਿੱਧਰ ਨੂੰ ਜਾਏਗਾ -

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥* *ਅੰਗ- ੧੦੭੬*

ਪਰ ਅਸੀਂ ਜੇ ਆਉਂਦੇ ਵੀ ਹਾਂ। ਸਾਡੇ ਅੰਦਰ ਕਾਹਲ ਹੈ ਜਾਣ ਦੀ ਵੀ।

ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਮਹਾਰਾਜ ਸ੍ਰੀ ਅਨੰਦਪੁਰ ਸਾਹਿਬ ਬਿਰਾਜਮਾਨ ਸਨ। ਦਰਬਾਰ ਸਜਿਆ ਹੋਇਆ ਸੀ, ਬੜੇ ਸਤਿਕਾਰ ਸਹਿਤ ਮਾਈਆਂ, ਭੈਣਾਂ, ਬੀਬੀਆਂ, ਮਾਤਾਵਾਂ ਇਕ ਪਾਸੇ ਬੈਠੀਆਂ ਨੇ, ਦੂਜੇ ਪਾਸੇ ਭਾਈ ਸਜੇ ਹੋਏ ਸੀ। ਸਤਿਗੁਰ ਜੀ ਸਿੰਘਾਸ਼ਨ 'ਤੇ ਬੀਰ ਆਸਣ 'ਚ ਬਿਰਾਜਮਾਨ ਸਨ। ਸੰਗਤ ਜਿਵੇਂ -

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*

*ਭਾਈ ਗੁਰਦਾਸ ਜੀ, ਵਾਰ ੨੭/੪*

ਇਕ ਰਸ, ਇਕ ਟਕ ਆਪ ਦੇ ਸੋਹਣੇ ਮੁਖੜੇ ਵਲ ਸਤਿਗੁਰੂ ਦੇ ਦਰਸ਼ਨ ਕਰ ਰਹੇ ਹਨ, ਹੋਇਆ ਕੀ? ਇਕ ਪ੍ਰੇਮੀ ਆਇਆ, ਉਹਨੇ ਨਮਸ਼ਕਾਰ ਵੀ ਪੂਰੇ ਢੰਗ ਨਾਲ ਨਾ ਕੀਤੀ, ਕਾਹਲੀ ਨਾਲ ਮੱਥਾ ਟੇਕਿਆ, ਪਿੱਛੇ ਨੂੰ ਮੁੜਨ ਲੱਗਿਆ। ਪਾਤਸ਼ਾਹ ਕਹਿਣ ਲੱਗੇ, ਤੈਨੂੰ ਕੀ ਕਾਹਲੀ ਪੈ ਗਈ ਜਾਣ ਦੀ ਵਾਪਸ। ਜਿਹੜਾ ਸੇਵਾਦਾਰ ਸੀ, ਉਸਨੂੰ ਭੇਜਿਆ ਕਿ ਸਿੰਘ ਨੂੰ ਬੁਲਾ ਕੇ ਲਿਆਓ।

ਉਸ ਨੂੰ ਬੁਲਾਇਆ ਤੇ ਕਿਹਾ ਕਿ ਤੂੰ ਬੈਠਾ ਜਾ। ਕਿਉਂਕਿ ਜਦੋਂ ਸਤਿਸੰਗ 'ਚ ਬੈਠੇਂਗਾ ਫੇਰ ਅੰਦਰਲਾ ਰਸਤਾ ਖੁੱਲ੍ਹੇਗਾ। ਆਇਆ ਵੀ ਤੇ ਲਾਹਾ ਵੀ ਨਹੀਂ ਲਿਆ।

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥*
*ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ਰਹਾਉ ॥*

*ਅੰਗ- ੨੦੧*

ਕਿੰਨੇ ਪਿਆਰ ਨਾਲ ਪਾਤਸ਼ਾਹ ਕਹਿੰਦੇ ਪਿਆਰਿਆ! ਤੂੰ ਆ ਇਥੇ ਬੈਠ ਗੁਰੂ ਚਰਨਾਂ ਦੇ ਵਿਚ ਸਥਿਰ ਹੋ ਕੇ, ਟਿਕ ਕੇ ਬੈਠ। ਪਰ ਉਹ ਪ੍ਰੇਮੀ ਕਹਿਣ ਲੱਗਿਆ, ਪਾਤਸ਼ਾਹ! ਮੈਂ ਤਾਂ ਦਿਹਾੜੀਦਾਰ ਹਾਂ, ਕੰਮ ਕਰਨ ਵਾਲਾ ਹਾਂ, ਰੋਜ਼ ਦਿਹਾੜੀ ਕਰਕੇ ਲਿਆਉਂਦਾ ਹਾਂ ਤਾਂ ਘਰ 'ਚ ਖਾਣ ਪੀਣ ਵਾਸਤੇ ਕੁਝ ਆਉਂਦਾ ਹੈ ਤੇ ਤੁਸੀਂ ਕਹਿੰਦੇ ਓ ਇਥੇ ਹੀ ਬੈਠ। ਕਿਉਂਕਿ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ- ੧੨*

*ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥*
*ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥*
*ਅੰਗ- ੨੮੮*

ਉਸ ਪ੍ਰੇਮੀ ਪ੍ਰਥਾਇ ਵਿਚਾਰ ਚੱਲ ਗਈ। ਕਿਉਂਕਿ -

*ਪਰਥਾਇ ਸਾਖੀ ਮਹਾ ਪੁਰਖ ਬੋਲਦੇ*
*ਸਾਝੀ ਸਗਲ ਜਹਾਨੈ ॥*
*ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥*
*ਅੰਗ - ੬੪੭*

ਉਹ ਪ੍ਰੇਮੀ ਜਿਸ ਦੇ ਮਨ ਵਿਚ ਕਾਹਲ ਹੈ ਵਾਪਸ ਘਰ ਜਾਣ ਦੀ। ਪਾਤਸ਼ਾਹ ਕਹਿੰਦੇ ਪਿਆਰਿਆ, ਤੇਰੇ ਕੰਮ ਤਾਂ ਆਪੇ ਹੀ ਹੋਣਗੇ। ਤੂੰ ਟਿਕ ਕੇ ਤਾਂ ਬੈਠ।

ਪਰ ਵਿਸ਼ਵਾਸ਼ ਦੀ ਘਾਟ ਸੀ ਅੰਦਰ ਕਿ ਜੇ ਮੈਂ ਕੰਮ ਨਹੀਂ ਕਰਾਂਗਾ ਤਾਂ ਮੇਰੇ ਬੱਚੇ ਕਿਵੇਂ ਪਲਣਗੇ? ਕਿਉਂਕਿ ਸ਼ੰਕਾਵਾਦੀ ਸ਼ੰਕਾ ਕਰਦਾ ਹੈ। ਹੁਣ ਗੁਰੂ ਅੰਦਰ ਦੀ ਜਾਣਦੇ ਨੇ। ਫੇਰ ਉਪਦੇਸ਼ ਆਉਂਦੈ -

*ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥*
*ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥*
*ਅੰਗ- ੯੫੫*

*ਬਇਆਲੀਸ ਲਖ ਜੀ ਜਲ ਮਹਿ ਹੋਤੇ*
*ਬੀਠਲੁ ਭੈਲਾ ਕਾਇ ਕਰਉ ॥ ਅੰਗ- ੪੮੫*

42 ਲੱਖ ਜੀਵ ਤਾਂ ਪਾਣੀ ਦੇ ਹੀ ਹਨ -

*ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥*
*ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥*
*ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥*
*ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥*
*ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥*
*ਅੰਗ - ੯੫੫*

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ - ੧੦*

ਪੱਥਰ ਦੇ ਵਿਚ ਬੈਠੇ ਕੀੜੇ ਨੂੰ ਵੀ ਖਾਣ ਵਾਸਤੇ ਰਿਜ਼ਕ ਭੇਜਦਾ ਹੈ ਪ੍ਰਮੇਸ਼ਰ, ਕਹਿੰਦੇ ਤੈਨੂੰ ਕਿਉਂ ਨਹੀਂ ਦੇਵੇਗਾ?

*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥ ਅੰਗ- ੧੦*

ਮਿਲ ਕੀਹਨੂੰ? ਸਤਿਸੰਗ ਨੂੰ, ਨਾਮ 'ਚ ਅਸਥਿਤ ਹੋ -

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥*
*ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ਰਹਾਉ ॥*
*ਦੁਸਟ ਦੂਤ ਪਰਮੇਸਰਿ ਮਾਰੇ ॥*
*ਜਨ ਕੀ ਪੈਜ ਰਖੀ ਕਰਤਾਰੇ ॥ ੧ ॥*
*ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥*
*ਅੰਮ੍ਰਿਤ ਨਾਮ ਮਹਾ ਰਸ ਪੀਨੇ ॥ ੨ ॥*
*ਨਿਰਭਉ ਹੋਇ ਭਜਹੁ ਭਗਵਾਨ ॥*
*ਸਾਧਸੰਗਤਿ ਮਿਲਿ ਕੀਨੋ ਦਾਨੁ ॥ ੩ ॥*
*ਸਰਣਿ ਪਰੇ ਪ੍ਰਭ ਅੰਤਰਜਾਮੀ ॥*
*ਨਾਨਕ ਓਟ ਪਕਰੀ ਪ੍ਰਭ ਸੁਆਮੀ ॥ ਅੰਗ- ੨੦੧*

ਵਿਸ਼ਵਾਸ਼ 'ਚ ਆਓ, ਭਰੋਸੇ ਦੇ ਵਿਚ ਆਓ, ਅਸੀਂ ਨਾ ਕੁਝ ਲੈ ਕੇ ਆਏ ਹਾਂ, ਨਾ ਕੁਝ ਲੈ ਕੇ ਜਾਣਾ ਹੈ। ਨਾਲ ਜੇ ਜਾਣਾ ਹੈ ਤਾਂ ਉਹ ਜਾਣਾ ਹੈ ਨਾਮ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥*
*ਅਨਿਕ ਪੁਨਹਚਰਨ ਕਰਤ ਨਹੀ ਤਰੈ ॥*
*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥*
*ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥*
*ਨਾਨਕ ਪਾਵਹੁ ਸੂਖ ਘਨੇਰੇ ॥ ਅੰਗ- ੨੬੪*

ਭੁੱਲ ਗਿਆ ਪਰ ਇਨਸਾਨ। ਕਿਉਂਕਿ ਭੁੱਲ ਤਾਂ ਉਦੋਂ ਹੀ ਪੈ ਗਈ, ਜਦੋਂ ਗਰਭ ਦੇ ਵਿਚੋਂ ਨਿਕਲ ਆਇਆ। ਗਰਭ ਵਿਚ ਕੀ ਕਰਦਾ ਸੀ? ਗਰਭ ਕੁੰਟ ਮਹਿ ਉਰਧ ਤਪ ਕਰਤੇ ॥

*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ ਅੰਗ- ੨੫੧*

ਉਥੇ ਸਵਾਸ-ਸਵਾਸ ਇਹ ਨਾਮ ਚਲਦਾ ਸੀ। ਨਾਮ 'ਚ ਅਸਥਿਤੀ ਸੀ। ਲਿਵ ਲੱਗੀ ਹੋਈ ਸੀ ਤੇ ਉਥੋਂ ਬਾਹਰ ਆ ਗਿਆ -

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥*
*ਅੰਗ- ੯੨੧*

ਉਥੇ ਕਿੱਡੀ ਸੁਰਤ ਲੱਗੀ ਹੋਈ ਸੀ। ਉਥੇ ਇਹ ਫੇਰ ਵੀ ਚਾਹੁੰਦਾ ਸੀ ਕਿ ਮੈਨੂੰ ਬਾਹਰ ਦੀ ਹਵਾ ਲੱਗੇ।

ਕਿਉਂਕਿ ਉਥੇ ਪੁੱਠਾ ਲਟਕਦਾ ਹੋਇਆ, ਤਪ ਕਰਦੈ ਮਾਤਾ ਦੇ ਗਰਭ ਵਿਚ। ਪਰ ਬਾਹਰ ਆ ਕੇ ਸਭ ਕੁਛ ਭੁੱਲ ਗਿਆ। ਉਦੋਂ ਕਹਿੰਦਾ ਸੀ ਕਿ ਮਹਾਰਾਜ! ਬੜਾ ਔਖਾ ਹੈ ਇਸ ਤਰ੍ਹਾਂ ਪੁੱਠਾ ਲਟਕਣਾ ਤੇ ਮੈਨੂੰ ਇਥੋਂ ਕੱਢ ਲਓ। ਮੈਂ ਤੇਰਾ ਨਾਮ ਹੀ ਜਪਾਂਗਾ ਬਾਹਰ ਜਾ ਕੇ। ਉਥੇ ਕਰਦਾ ਸੀ ਜੋਦੜੀਆਂ, ਅਰਜ਼ੋਈਆਂ, ਮਿੰਨਤਾਂ, ਤਰਲੇ।

ਜਦੋਂ ਕਿਸੇ ਨੂੰ ਛੁਡਾਉਣਾ ਹੋਵੇ ਜ਼ਮਾਨਤ ਲਈ ਜਾਂਦੀ ਹੈ। ਕਹਿੰਦੇ, ਓ ਪਿਆਰਿਆ! ਮੈਂ ਤੇਰਾ ਸਵਾਸ-ਸਵਾਸ ਨਾਮ ਜਪਾਂਗਾ। ਤੂੰ ਤਾਂ ਵਾਅਦਾ ਕਰਕੇ ਮੁੱਕਰ ਜਾਣਾ ਹੈ। ਤੈਨੂੰ ਸਭ ਕੁਛ ਭੁੱਲ ਜਾਣੈ, ਤੂੰ ਜਮਾਨਤ ਲਿਆ ਕੋਈ। ਉਸ ਵੇਲੇ ਕਿਸੇ ਨੇ ਇਸ ਦੀ ਜਮਾਨਤ ਦੇਣੀ ਪ੍ਰਵਾਨ ਨਾ ਕੀਤੀ। ਪਾਣੀ ਨੇ ਕਿਹਾ ਕਿ ਚਲੋ ਮੈਂ ਇਹਦੀ ਜ਼ਮਾਨਤ ਲੈਂਦਾ ਹਾਂ। ਜਦੋਂ ਮੈਂ ਇਸ ਦੇ ਸਰੀਰ ਨੂੰ ਇਸ਼ਨਾਨ ਵੇਲੇ ਛੂੰਹਾਂਗਾ, ਇਹਦੇ ਮੁਖ ਤੋਂ ਰਾਮ, ਅੱਲਾਹ, ਵਾਹਿਗੁਰੂ ਦਾ ਨਾਮ ਕਢਾ ਹੀ ਦੇਵਾਂਗਾ। ਇਹ ਬੋਲੇਗਾ ਹੀ ਬੋਲੇਗਾ। ਪਾਣੀ ਨੇ ਫੇਰ ਜਮਾਨਤ ਦਿਤੀ। ਹੁਣ ਬਾਹਰ ਆ ਗਿਆ ਗਰਭ 'ਚੋਂ ਇਹ ਜੀਵ -

*ਵਿਚਹੁ ਗਰਭੈ ਨਿਕਲਿ ਆਇਆ ॥*
*ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥* *ਅੰਗ- ੧੦੦੭*

ਉਸੇ ਸਮੇਂ ਹੀ ਭੁੱਲ ਗਿਆ, ਵਾਇਦੇ ਕੀਤੇ ਕਿ ਮੈਂ ਨਾਮ ਹੀ ਜਪਾਂਗਾ, ਕੁਝ ਹੋਰ ਨਹੀਂ ਕਰਾਂਗਾ। ਪਰ ਇਥੇ ਆ ਕੇ ਤਾਂ ਭੁੱਲ ਗਿਆ। ਭੁੱਲ ਵੀ ਐਨਾ ਗਿਆ ਕਿ ਜ਼ਿੰਦਗੀ ਦਾ ਜੋ ਪਰਮ ਮਨੋਰਥ ਨਾਮ ਜਪਣਾ ਤੇ ਸੇਵਾ ਕਰਨੀ ਸੀ, ਸਭ ਕੁਝ ਹੀ ਭੁੱਲ ਭੁਲਾ ਕੇ ਧੰਦੇ ਧੰਦਾਰਾਂ, ਵਿਸ਼ੇ ਵਿਕਾਰਾਂ ਦੇ ਵਿਚ ਪੈ ਗਿਆ। ਇਕੋ ਹੀ ਗੱਲ ਇਹਨੂੰ ਫੇਰ ਲੱਗੀ ਰਹਿੰਦੀ ਹੈ, ਦਿਨ ਰਾਤ ਦੌੜਿਆ ਫਿਰਦਾ ਹੈ। ਦੀਨ ਵੀ ਭੁਲਾ ਦਿੰਦੈ ਆਹ ਦੁਨੀਆਂ ਦੇ ਪਿੱਛੇ ਲਗ ਕੇ। ਦੁਨੀਆਂ ਦੇ ਧੰਦੇ ਧੰਦਾਰਾਂ ਦੇ ਵਿਚ ਆਹ ਸਮਾਂ ਮਿਲਿਆ -

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ਅੰਗ- ੧੫੬*

ਇਹਦਾ ਜਨਮ ਬੀਤਦਾ ਜਾ ਰਿਹਾ ਹੈ ਪਤਾ ਹੀ ਨਹੀਂ ਲਗਦਾ -

*ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥*
*ਕਾਲੁ ਅਹੇਰੀ ਫਿਰੈ ਬਧਿਕ ਜਿਉ*
*ਕਹਹੁ ਕਵਨ ਬਿਧਿ ਕੀਜੈ ॥* *ਅੰਗ- ੬੯੨*

ਹੁਣ ਉਹਨੂੰ ਯਾਦ ਨਹੀਂ ਰਿਹਾ, ਉਹ ਦਿਨ ਅਸੀਂ ਸਾਰੇ ਹੀ ਭੁੱਲ ਗਏ। ਬਾਣੀ, ਮਹਾਂਪੁਰਸ਼, ਅਚਾਰੀਆ ਇਹ ਯਾਦ ਕਰਾਉਂਦੇ ਨੇ, ਅਸੀਂ ਤਾਂ ਭੁੱਲੇ ਹੀ ਬੈਠੇ ਹਾਂ। ਬਾਹਰ ਆ ਗਿਆ, ਬਾਹਰ ਆਉਂਦੇ ਨੂੰ ਬੱਸ ਇਹੀ ਯਾਦ ਰਹਿ ਗਿਆ -

*ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥*
*ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥*
*ਅੰਗ- ੧੨੫੪*

ਧਿਰਕਾਰ ਪੈਂਦੀ ਹੈ, ਸੌ ਫਿੱਟੇ ਮੂੰਹ ਕਹੋ ਇਕ ਵਾਰੀ ਧਿਰਕਾਰ ਕਹੋ ਇਕ ਬਰਾਬਰ ਹੈ। ਕਿੰਨੇ ਉਲਾਂਭੇ ਬਾਣੀ ਦੇ ਰਹੀ ਹੈ।

*ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥*
*ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥*
*ਅੰਗ- ੭੯੦*

ਸੌ ਉਲਾਂਭਾ ਦਿਨ ਦੇ ਵਿਚ, ਰਾਤ ਨੂੰ ਹਜ਼ਾਰ ਆਉਂਦੇ ਨੇ ਕਿਉਂਕਿ ਰਾਤ ਵਿਸ਼ੇ ਵਿਕਾਰਾਂ 'ਚ ਤੇ ਦਿਨ ਧੰਦੇ-ਧੰਦਾਰਾਂ 'ਚ ਬਿਤਾ ਦਿਤਾ। ਗਰਭ 'ਚੋਂ ਨਿਕਲਿਆ ਪਹਿਲਾਂ ਪਿਆਰ ਕਿੱਥੇ ਪੈ ਗਿਆ? ਮਾਂ ਦੇ ਦੁੱਧ ਨਾਲ।

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥*
*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥*
*ਗਏ ਸਿਗੀਤ ਪੁਕਾਰੀ ਧਾਹ ॥*
*ਉਡਿਆ ਹੰਸੁ ਦਸਾਏ ਰਾਹ ॥*
*ਆਇਆ ਗਇਆ ਮੁਇਆ ਨਾਉ ॥*
*ਪਿਛੈ ਪਤਲਿ ਸਦਿਹੁ ਕਾਵ ॥*
*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥* *ਅੰਗ - ੧੩੮*

ਹੁਣ ਇਹ ਬਚਪਨ ਦੀਆਂ ਖੇਡਾਂ, ਬਚਪਨ ਅਗਿਆਨ ਮੰਡਲ ਦੇ ਵਿਚ ਰਹਿੰਦਾ ਹੈ, ਪਤਾ ਇਹਨੂੰ ਐਨਾ ਕੁ ਹੀ ਲਗਦੈ ਹੈ, ਮਾਂ-ਬਾਪ, ਭਰਾ-ਭਰਜਾਈਆਂ ਦਾ ਮੋਹ, ਬਚਪਨ ਲੰਘ ਗਿਆ ਖੇਡਾਂ ਦੇ ਵਿਚ। ਹੁਣ ਜਵਾਨੀ ਆਈ, ਜਵਾਨੀ ਕੀ ਇਹ ਤਾਂ ਮਸਤਾਨੀ ਹੈ ਹਨ੍ਹੇਰੀ ਵਾਂਗੂੰ ਆਈ, ਇਹਦੇ ਵਿਚ ਨਾ ਕਿਸੇ ਮਾਤਾ ਦੀ, ਨਾ ਕਿਸੇ ਪਿਤਾ ਦੀ ਪਰਵਾਹ, ਗੁਰੂ, ਪੀਰ, ਆਚਾਰੀਆ, ਮਹਾਂਪੁਰਸ਼ਾਂ ਦੀ ਕੋਈ ਗੱਲ ਨਹੀਂ ਸੁਣਦਾ। ਯਾਦ ਵਿਚ ਬੱਸ ਖਾਣਾ, ਪੀਣਾ, ਹੱਸਣਾ ਤੇ ਸੌਣਾ ਰਹਿ ਗਿਆ। ਕਾਮਨਾਵਾਂ ਐਨੀਆਂ ਹੋ ਗਈਆਂ, ਫੇਰ ਕ੍ਰੋਧ ਉਹਦੀ ਜਗ੍ਹਾ ਲੈਂਦੈ, ਸਰੀਰ ਨੂੰ ਇਹ ਚੀਜ਼ਾਂ ਗਾਲ ਕੇ ਰੱਖ ਦਿੰਦੀਆਂ ਨੇ।

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥* *ਅੰਗ- ੯੩੨*

ਕਰਨਾ ਕੀ ਸੀ ਸੇਵਾ, ਸਿਮਰਨ ਤੇ ਤਪ।

*ਬਾਰਹ ਬਰਸ ਬਾਲਪਨ ਬੀਤੇ*

*ਬੀਸ ਬਰਸ ਕਛੂ ਤਪੁ ਨ ਕੀਓ ॥*
*ਤੀਸ ਬਰਸ ਕਛੂ ਦੇਵ ਨ ਪੂਜਾ*
*ਫਿਰਿ ਪਛੁਤਾਨਾ ਬਿਰਧਿ ਭਇਓ ॥ ਅੰਗ - ੪੭੯*

ਇਹ ਹਾਲਤ ਅੱਜ ਸੰਸਾਰ ਦੀ ਹੋ ਚੁੱਕੀ ਹੈ। ਗੁਰੂ ਤੋਂ ਬਿਨਾਂ ਡੁੱਬਦਾ ਜਾ ਰਿਹਾ ਹੈ।

*ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥*
*ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ*
*ਸਠੀ ਕੇ ਬੋਢੇਪਾ ਆਵੈ ॥*
*ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥*
*ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥*
*ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥*
*ਅੰਗ- ੧੩੮*

ਇਸ ਕਰਕੇ ਉਲਾਂਭੇ ਆ ਰਹੇ ਨੇ ਕਿਉਂਕਿ -

*ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ ॥*
*ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥*
*ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ ॥*
*ਓਨਾ ਰਿਜਕੁ ਨ ਪਇਓ ਓਥੈ ਓਨ੍ਾ ਹੋਰੋ ਖਾਣਾ ॥*
*ਅੰਗ- ੯੫੬*

ਹੰਸ ਦਾ ਕੰਮ ਸੀ ਹੀਰੇ ਮੋਤੀ ਚੁਗਣਾ ਪਰ ਬੈਠ ਗਿਆ ਕਰੰਗਾਂ ਤੇ। ਵਿਸ਼ੇ-ਵਿਕਾਰਾਂ 'ਚ, ਧੰਦੇ-ਧੰਦਾਰਾਂ 'ਚ ਸਮਾਂ ਲੰਘਾ ਲਿਆ, ਕਰਿਆ ਕੀ।

*ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥*
*ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥*
*ਅੰਗ- ੭੯੦*

ਖਾਣਾ ਵੀ ਜ਼ਿਆਦਾ ਨੁਕਸਾਨਦਾਇਕ ਹੈ, ਬਹੁਤਾ ਸੌਣਾ ਵੀ ਨੁਕਸਾਨਦਾਇਕ ਹੈ। ਜੇ ਜ਼ਿਆਦਾ ਖਾਵਾਂਗੇ, ਜ਼ਿਆਦਾ ਸੌਂਵਾਂਗੇ। ਉਹਦਾ ਅਸਰ ਕੀ ਹੋਏਗਾ? ਪੇਟ ਭਾਰਾ ਹੋ ਜਾਂਦਾ ਹੈ, ਭਾਰਾ ਪੇਟ ਉਹਨੂੰ ਫੇਰ ਫਿੱਟੇਮੂੰਹ ਕਿਹਾ ਜਾਂਦੈ। ਆਇਆ ਤਾਂ ਕੀ ਕਰਨ ਸੀ ਕਰਨ ਕੀ ਲੱਗ ਗਿਆ।

ਪਹਿਲੇ ਦਿਨਾਂ 'ਚ ਸਰਾਧ 'ਚ ਜਾਂਦੇ, ਧੋਤੀ ਢਿੱਲੀ ਕਰ ਲੈਂਦੇ, ਪੇਟ ਭਰ ਭੋਜਨ ਛਕਦੇ। ਭਗਤ ਕਬੀਰ ਕਹਿਣ ਲੱਗੇ, ਓ ਪੰਡਤ ਜੀ! ਨਾਮ ਵੀ ਜਪ ਲਿਆ ਕਰੋ? ਕਹਿੰਦੇ, ਭਗਤ ਜੀ! ਕੰਮ ਤੇਰਾ ਹੈ ਇਹ, ਇਹ ਤਾਂ ਸਾਡਾ ਜਨਮ ਸਿੱਧ ਅਧਿਕਾਰ ਹੈ। ਮੁੜ ਕੇ ਫੇਰ ਕੀ ਹੋਇਆ? ਓਹੀ ਪੰਡਤ ਜਿਨ੍ਹਾਂ ਦਾ ਖਾਂਦਾ ਸੀ, ਉਹਨੂੰ ਬਲਦ ਬਣਨਾ ਪੈ ਗਿਆ। ਫੇਰ -

*ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ ॥*
*ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ ॥*
*ਅੰਗ - ੫੨੪*

ਕਹਿੰਦੇ ਭੁੱਲ ਗਿਆ ਨਾ ਤੂੰ, ਜਦੋਂ ਮਾਨਸ ਜਨਮ ਮਿਲਿਆ ਸੀ, ਚੰਗਾ ਖਾਣ ਨੂੰ ਮਿਲਦਾ ਸੀ। ਉਦੋਂ ਭਗਤ ਦਾ ਕਿਹਾ ਨਹੀਂ ਮੰਨਿਆ। ਹੁਣ ਦੇਖ ਲੈ ਤੇਰਾ ਨੱਕ ਵੀ ਪਾੜ ਦਿਤਾ, ਹੁਣ ਦੇਖ ਲੈ ਤੈਨੂੰ ਲੇਖਾ ਦੇਣਾ ਕਿੰਨਾ ਔਖਾ ਹੋ ਗਿਆ। ਇਸ ਕਰਕੇ ਹੁਣ ਉਹ ਕੰਮ ਕਰੋ ਜੋ ਕਰਨ ਵਾਸਤੇ ਆਏ ਹਾਂ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਦਰਬਾਰ ਦੇ ਅੰਦਰ ਗੁਰੂ ਪਾਤਸ਼ਾਹ ਜਦੋਂ ਸਿੱਖ ਪ੍ਰਥਾਇ, ਜਿਸ ਦੇ ਅੰਦਰ ਇਸ ਤਰ੍ਹਾਂ ਦੇ ਸ਼ੰਕੇ ਹਨ, ਇਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਪਿਆਰਿਓ! ਆਹ ਜਿਹੜੀ ਦੁਨੀਆਂ ਤੁਸੀਂ ਦੇਖਦੇ ਹੋਂ, ਇਹ ਤਾਂ ਇਕ ਸੁਪਨੇ ਵਾਂਗੂੰ ਹੈ। ਇਥੇ ਕੀਹਨੇ ਬੈਠੇ ਰਹਿਣਾ ਹੈ, ਆਹ ਤਾਂ ਥੋੜ੍ਹੇ ਸਮੇਂ ਵਾਸਤੇ ਅਸੀਂ ਆਏ ਹਾਂ। ਇਥੋਂ ਚਲੇ ਜਾਣਾ ਹੈ ਪਰ ਇਥੋਂ ਲੈ ਕੇ ਕੀ ਜਾਣਾ ਹੈ? ਇਹ ਤਾਂ -

*ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥*
*ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥*
*ਅੰਗ- ੧੩੭੨*

ਜਿਹੋ ਜਿਹੀ ਮਾਂ ਦੇ ਪੇਟ 'ਚੋਂ ਲੈ ਕੇ ਆਏ ਉਹ ਸੱਚੀ ਸੁੱਚੀ ਉਸੇ ਤਰ੍ਹਾਂ ਦੇ ਨਾਲ ਦਾੜ੍ਹੀ ਰਹੇ। ਵਿਸ਼ੇ ਵਿਕਾਰਾਂ ਚ' ਨਾ ਪਵੇ। ਠੀਕ ਹੈ ਕਾਰੋਬਾਰ ਕਰਨੇ ਨੇ, ਇਹ ਨਹੀਂ ਕਿ ਮਾੜਾ ਹੈ। ਪਰ ਜਿਸ ਦੇ ਵਿਚ ਦੀਨ ਨੂੰ ਵੀ ਛੱਡ ਦੇਣਾ ਦੁਨੀਆਂ ਵਾਸਤੇ, ਦੀਨ ਭ੍ਰਿਸ਼ਟ ਹੋ ਜਾਂਦਾ ਹੈ। ਅਸਲ ਜੀਵਨ ਸੱਚ ਤੇ ਸੁੱਚ ਦਾ ਜੀਵਨ ਹੈ।

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ਅੰਗ- ੬੨*

ਆਤਮਕ ਮੌਤ ਮੰਨੀ ਜਾਂਦੀ ਹੈ ਜੇ ਚਰਿੱਤਰ ਡਿੱਗ ਗਿਆ। ਇਸ ਕਰਕੇ ਜੇ ਚਰਿੱਤਰਹੀਣ ਹੋ ਗਿਆ, ਆਚਾਰਹੀਣ ਹੋ ਗਿਆ, ਫੇਰ ਦੀਨ ਵੀ ਗਵਾ ਲੈਂਦੈ ਤੇ ਦੁਨੀਆਂ ਵੀ। ਚਰਿੱਤਰ ਹੀ ਨਹੀਂ ਅੱਜਕੱਲ੍ਹ ਰਹਿ ਗਿਆ-

*ਨਾਨਕ ਦੁਨੀਆ ਕੈਸੀ ਹੋਈ ॥*
*ਸਾਲਕੁ ਮਿਤੁ ਨ ਰਹਿਓ ਕੋਈ ॥*
*ਭਾਈ ਬੰਧੀ ਹੇਤੁ ਚੁਕਾਇਆ ॥*
*ਦੁਨੀਆ ਕਾਰਣਿ ਦੀਨੁ ਗਵਾਇਆ ॥ ਅੰਗ- ੧੪੧੦*

*ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥*
*ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥*
*ਅੰਗ- ੧੩੬੫*

ਦੁਨੀਆਂ ਦੇ ਪਿੱਛੇ ਲਗ ਕੇ ਦੀਨ ਗਵਾ ਲਿਆ। ਕਿੰਨੇ ਧੋਖੇ ਦਿੰਦਾ ਹੈ -

*ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥*
*ਅੰਗ- ੧੫੬*

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*

*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ੧ ॥ ਰਹਾਉ ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥*

*ਅੰਗ- ੬੫੬*

ਹੁਣ ਕੰਨ ਖੋਲ੍ਹ ਕੇ ਸੁਣ, ਧਿਆਨ ਦੇ, ਇਸ ਵਿਚਾਰ ਵਲ। ਤੂੰ ਕਿਉਂ ਨਹੀਂ ਮਨ ਮਨਾਉਂਦਾ, ਤੂੰ ਕਿਉਂ ਨਹੀਂ ਸਮਝਦਾ। ਇਹਨੂੰ ਰੋਜ਼ ਸਿਖਿਆ ਮਿਲਦੀ ਹੈ, ਪਰ ਫੇਰ ਵੀ ਨਹੀਂ ਮੰਨਦਾ।

*ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥*
*ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥*
*ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ*
*ਸਦਾ ਰਹਤ ਸੰਗ ਲਾਗੀ ॥*
*ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥*

*ਅੰਗ - ੬੩੪*

ਪਿਆਰਿਆ! ਇਹ ਤਾਂ ਤੇਰੇ ਸੁੱਖਾਂ ਦੇ ਸੰਗੀ ਨੇ।

*ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥*
*ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥*

*ਅੰਗ- ੧੪੨੯*

ਇਸ ਕਰਕੇ ਮਨ ਨੂੰ ਮਨਾ। ਪਰ ਮਨ ਤਾਂ ਮੂਰਖ ਹੈ-

*ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥*

*ਅੰਗ- ੫੩੬*

ਪ੍ਰਤੱਖ ਰੂਪ ਵਿਚ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਸ ਸਿੱਖ ਪ੍ਰਥਾਇ ਬਚਨ ਕਰ ਰਹੇ ਨੇ, ਪਰ ਨਹੀਂ ਸਮਝਿਆ।

ਕਹਿਣ ਲੱਗੇ ਪਿਆਰਿਆ! ਤੂੰ ਨਹੀਂ ਸਮਝਣਾ। ਕਿਉਂਕਿ ਮਨ ਮੂਰਖ ਹੈ, ਮਨ ਬਹੁਤ ਹੀ ਚੰਚਲ ਹੈ। ਨਹੀਂ ਮੰਨਦਾ। ਕਹਿੰਦੇ ਚਲੋ, ਠੀਕ ਹੈ, ਤੈਨੂੰ ਅਸੀਂ ਰੋਕਦੇ ਨਹੀਂ। ਇਉਂ ਕਰੀਂ, ਸਾਡਾ ਇਕ ਸੁਨੇਹਾ ਲੈ ਕੇ ਜਾਈਂ। ਉਹ ਸੁਨੇਹਾ ਲੈ ਕੇ ਜਦੋਂ ਤੂੰ ਉਥੇ ਪਹੁੰਚੇਂਗਾ ਫੇਰ ਤੈਨੂੰ ਅਸਲ ਗੱਲ ਦਾ ਪਤਾ ਲੱਗੇਗਾ। ਜ਼ਿੰਦਗੀ ਦੀ ਰੌ ਅੰਦਰ ਰੁਮਕਦੀ ਹੈ। ਉਹਦੇ ਜੀਵਨ ਨੂੰ ਦੇਖ ਕੇ ਹੀ ਜੀਵਨ ਬਦਲ ਜਾਂਦੇ ਨੇ। ਇਸ ਕਰਕੇ -

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥*

*ਅੰਗ- ੪੬੫*

ਸੋ ਜੀਵਨ ਕਿਹੋ ਜਿਹਾ ਹੋਵੇ? ਜੋ ਸਾਇੰਸ ਹੁੰਦੀ ਹੈ, ਪੜ੍ਹੇ ਲਿਖੇ ਬੰਦੇ ਜਾਣਦੇ ਨੇ, ਜੇ ਸਾਇੰਸ ਦਾ ਕੋਈ ਨਿਯਮ (law) ਹੈ ਉਹਦੀ ਪਰਿਭਾਸ਼ਾ ਨਹੀਂ ਹੁੰਦੀ। ਜਿਵੇਂ ਆਪਾਂ ਕਹੀਏ ਕਿ ਹਾਈਡਰੋਜਨ+ਆਕਸੀਜਨ ਮਿਲ ਕੇ ਪਾਣੀ ਬਣਦਾ ਹੈ। ਨਹੀਂ ਪਤਾ ਲਗਦਾ, ਪਰ ਪ੍ਰੈਕਟੀਕਲ ਰੂਪ 'ਚ ਪਤਾ ਲਗ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਫੁਰਮਾਨ ਕਰਦੇ ਨੇ ਕਿ -

*ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹੀ।*
*ਰਹਿਣੀ ਰਹੇ ਸੋਈ ਸਿਖ ਮੇਰਾ,*
*ਉਹ ਸਾਹਿਬ ਮੈਂ ਉਸ ਕਾ ਚੇਰਾ।*

ਕਿੱਡੀ ਵੱਡੀ ਬਖਸ਼ਿਸ਼ ਕਰ ਰਹੇ ਨੇ -

*ਖ਼ਾਲਸਾ ਮੇਰੋ ਰੂਪ ਹੈ ਖ਼ਾਸ।*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ।* *ਸਰਬ ਲੋਅ ਗ੍ਰੰਥ 'ਚੋਂ*

ਆਪ ਫੁਰਮਾਨ ਕਰਦੇ ਨੇ ਕਿ ਖਾਲਸਾ ਮੇਰਾ ਖਾਸ ਰੂਪ ਹੈ।

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*

*ਸਰਬ ਲੋਹ ਗ੍ਰੰਥ 'ਚੋਂ*

*ਹਰਿ ਹਰਿ ਜਨ ਦੁਈ ਏਕ ਹੈ, ਬਿਬ ਬਿਚਾਰ ਕਛੁ ਨਾਹਿ॥*
*ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥*

*ਬਚਿਤ੍ਰ ਨਾਟਕ*

ਉਹ ਅਸਲ ਖਾਲਸਾ ਹੈ ਜਿਸ ਨੇ ਆਤਮਾ ਦੇ ਰਸ ਨੂੰ ਮਾਣਿਆ ਹੈ। ਆਤਮ ਚਿੰਤਨ ਕੀਤਾ ਹੈ, ਨਾਮ 'ਚ ਨਿਵਾਸ ਹੋ ਗਿਆ। ਇਹ ਕਿਵੇਂ ਹੋਣਾ ਹੈ?

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥* *ਅੰਗ - ੪*

ਜਦੋਂ ਤਕ ਅਸੀਂ ਗੁਣ ਧਾਰਨ ਨਹੀਂ ਕਰਦੇ, ਔਗੁਣ ਛਡਦੇ ਨਹੀਂ, ਉਸ ਸਮੇਂ ਤਕ ਆਤਮ ਮਾਰਗ ਨੂੰ ਨਹੀਂ ਅਪਣਾਅ ਸਕਦੇ। ਮਹਾਂਪੁਰਸ਼ਾਂ ਨੇ ਮੈਗਜ਼ੀਨ ਦਾ ਨਾਮ ਹੀ 'ਆਤਮ ਮਾਰਗ' ਰੱਖਿਆ ਹੈ ਤੇ ਇਹਦੇ ਵਿਚ ਆਤਮਾ ਜਿਹੜੀ ਹੈ, ਇਹ ਭੁੱਲ ਗਈ। ਸਰੀਰ ਨਾਲ ਸਬੰਧ ਜੁੜਿਆ, ਜੀਵ ਨਾਲ ਇਹਦਾ ਨਾਮ ਜੀਵ-ਆਤਮਾ ਪੈ ਗਿਆ। ਹੋਰ ਥੱਲੇ ਆ ਗਿਆ, ਮਨ, ਬੁੱਧ, ਚਿਤ, ਅਹੰਭਾਵ, ਅੰਤਸ਼ਕਰਣ ਚਾਰ ਦਾ ਜੋੜ, ਇਹਦੇ ਵਿਚ ਅਸੀਂ ਆਪਣੇ ਆਪ ਨੂੰ ਭੁੱਲ ਗਏ। ਕੌਣ ਹਾਂ ਅਸੀਂ?

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥*

*ਅੰਗ- ੯੯੯*

ਸੋ ਇਸ ਤਰ੍ਹਾਂ ਦੇ ਨਾਲ ਸਾਨੂੰ ਆਪਣੇ ਆਪ ਦੀ ਹੀ ਖਬਰ ਨਹੀਂ।

*ਅਵਰ ਉਪਦੇਸੈ ਆਪਿ ਨ ਕਰੈ ॥* *ਅੰਗ- ੨੬੯*

ਸੋ ਇਸ ਕਰਕੇ ਪਾਤਸ਼ਾਹ ਕਹਿੰਦੇ ਭੇਖ ਨੂੰ ਮੈਂ ਨਹੀਂ ਮੰਨਦਾ।

*ਭੇਖ ਦਿਖਾਇਓ ਜਗਤ ਕੋ ਲੋਗਨ ਕਉ ਬਸ ਕੀਨ।*
*ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ।*

ਇਥੇ ਹੀ ਵਿਚਾਰ ਨੂੰ ਵਿਸ਼ਰਾਮ ਦਿੰਦੇ ਹਾਂ, ਅਗਲੇ ਸਮਾਗਮ ਵਿਚ ਅਗਲੀ ਵਿਚਾਰ ਚੱਲੇਗੀ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।*

# ਗੁਰ ਰਾਮਦਾਸੁ ਰਾਖਹੁ ਸਰਣਾਈ

## (ਪ੍ਰਕਾਸ਼ ਪੁਰਬ 7 ਅਕਤੂਬਰ)

*ਡਾ. ਜਗਜੀਤ ਸਿੰਘ*

ਗੁਰੂ ਰਾਮਦਾਸ ਜੀ ਸਿੱਖ ਧਰਮ ਦੇ ਚੌਥੇ ਗੁਰੂ ਮਹਾਰਾਜ ਹਨ। ਆਪ ਜੀ ਦਾ ਪ੍ਰਕਾਸ਼ ਚੂਨਾ ਮੰਡੀ ਲਾਹੌਰ ਵਿਖੇ, ਪਿਤਾ ਸ੍ਰੀ ਹਰਦਾਸ ਜੀ ਅਤੇ ਮਾਤਾ ਸ੍ਰੀ ਦਇਆ ਕੌਰ ਜੀ ਦੇ ਗ੍ਰਹਿ ਵਿਖੇ, 25 ਸਤੰਬਰ 1524 ਈ. ਨੂੰ ਹੋਇਆ। ਮਾਤਾ ਪਿਤਾ ਦੀ ਪਹਿਲੀ ਸੰਤਾਨ ਹੋਣ ਕਾਰਨ ਆਪ ਜੀ ਨੂੰ 'ਜੇਠਾ' ਕਹਿ ਕੇ ਸੱਦਿਆ ਜਾਂਦਾ ਸੀ ਅਤੇ ਇਹੋ ਨਾਮ ਪ੍ਰਸਿੱਧ ਹੋ ਗਿਆ। ਆਪ ਜੀ ਦਾ ਇਕ ਛੋਟਾ ਭਰਾ ਸੀ ਹਰਦਿਆਲ ਤੇ ਇਕ ਛੋਟੀ ਭੈਣ ਸੀ ਰਾਮਦਾਸੀ। ਛੋਟੀ ਉਮਰ, 7 ਸਾਲ ਦੇ ਹੀ ਸਨ ਜਦੋਂ ਆਪ ਜੀ ਦੇ ਮਾਤਾ ਦਇਆ ਕੌਰ ਜੀ ਅਕਾਲ ਚਲਾਣਾ ਕਰ ਗਏ। ਪਰਿਵਾਰ ਮੁਸ਼ਕਲਾਂ ਵਿਚ ਘਿਰ ਗਿਆ। ਅਜੇ ਥੋੜ੍ਹਾ ਸਮਾਂ ਹੀ ਲੰਘਿਆ ਸੀ ਕਿ ਪਿਤਾ ਹਰਦਾਸ ਜੀ ਵੀ ਰੱਬ ਨੂੰ ਪਿਆਰੇ ਹੋ ਗਏ। ਪਰਿਵਾਰ ਨੂੰ ਦੁਖਾਂ ਵਿਚ ਤੇ ਆਰਥਿਕ ਤੰਗੀ ਨੇ ਆ ਘੇਰਿਆ। ਆਪ ਦੇ ਨਾਨਕੇ, ਪਿੰਡ ਬਾਸਰਕੇ, ਦੇ ਰਹਿਣ ਵਾਲੇ ਸਨ। (ਗੁਰੂ) ਅਮਰਦਾਸ ਜੀ ਦਾ ਜਨਮ ਅਸਥਾਨ ਅਤੇ ਪਰਿਵਾਰ ਦਾ ਨਿਵਾਸ ਅਸਥਾਨ ਬਾਸਰਕੇ ਹੀ ਸੀ। ਨਾਨੀ ਜੀ ਆਪ ਜੀ ਅਤੇ ਭੈਣ ਭਰਾ ਨੂੰ ਬਾਸਰਕੇ ਲੈ ਆਏ। (ਗੁਰੂ) ਅਮਰਦਾਸ ਜੀ ਦੇ ਪਰਿਵਾਰ ਵਲ ਪੁਰਾਣੀ ਜਾਣ ਪਹਿਚਾਣ ਸੀ। ਉਨ੍ਹਾਂ ਨੇ ਹੌਂਸਲਾ ਦਿਤਾ ਅਤੇ ਹਰ ਤਰ੍ਹਾਂ ਦੀ ਸਹਾਇਤਾ ਦੇ ਮਿੱਠੇ ਬਚਨ ਕਹੇ ਜਿਸ ਨਾਲ ਪਰਿਵਾਰ ਵਿਚ ਧੀਰਜ ਬੱਝਾ। ਪਰਿਵਾਰ ਦੇ ਗੁਜ਼ਾਰੇ ਲਈ ਆਪ ਕਈ ਵਰ੍ਹੇ ਨਾਨੀ ਜੀ ਦੀਆਂ ਬਣਾਈਆਂ ਘੁੰਗਣੀਆਂ ਵੇਚਦੇ ਰਹੇ ਅਤੇ (ਗੁਰੂ) ਅਮਰਦਾਸ ਜੀ ਦੇ ਸਤਿਸੰਗ ਦਾ ਅਨੰਦ ਮਾਣਦੇ ਰਹੇ। ਗੁਰੂ ਅੰਗਦ ਦੇਵ ਜੀ ਦਾ ਆਦੇਸ਼ ਮੰਨਦਿਆਂ (ਗੁਰੂ) ਅਮਰਦਾਸ ਜੀ ਗੋਇੰਦਵਾਲ ਆ ਬਿਰਾਜੇ। ਇਸ ਦੇ ਨਵ-ਨਿਰਮਾਣ ਲਈ ਕਈ ਪਰਿਵਾਰਾਂ ਨੂੰ ਏਥੇ ਆ ਵਸਣ ਲਈ ਉਤਸ਼ਾਹਤ ਕੀਤਾ। ਜੇਠਾ ਜੀ ਦਾ ਪਰਿਵਾਰ ਵੀ ਏਥੇ ਆ ਗਿਆ। ਆਪ ਜੀ ਪਹਿਲਾਂ ਵਾਂਗ ਹੀ ਦਿਨ ਨੂੰ ਘੁੰਗਣੀਆਂ ਵੇਚਦੇ ਅਤੇ ਸ਼ਾਮ ਨੂੰ (ਗੁਰੂ) ਅਮਰਦਾਸ ਜੀ ਵਲੋਂ ਲਗਾਏ ਜਾਂਦੇ ਸਤਿਸੰਗ ਦਾ ਅਨੰਦ ਮਾਣਦੇ। (ਗੁਰੂ) ਅਮਰਦਾਸ ਜੀ ਵਲੋਂ ਲਗਾਏ ਜਾਂਦੇ ਸਤਿਸੰਗ ਦਾ ਅਨੰਦ ਮਾਣਦੇ। (ਗੁਰੂ) ਅਮਰਦਾਸ ਜੀ ਵੀ ਬਾਲਕ ਜੇਠਾ ਜੀ ਨੂੰ ਬਹੁਤ ਪਿਆਰ ਕਰਦੇ।

29 ਮਾਰਚ ਸੰਨ 1552 ਵਿਚ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਦੀ ਭਗਤੀ ਤੇ ਸੇਵਾ ਨੂੰ ਮੁੱਖ ਰਖਦਿਆਂ (ਗੁਰੂ) ਅਮਰਦਾਸ ਜੀ ਨੂੰ ਗੁਰਿਆਈ ਬਖਸ਼ਿਸ਼ ਕੀਤੀ ਅਤੇ ਆਪ ਜੀ ਨੂੰ ਤੀਜੀ ਪਾਤਸ਼ਾਹੀ ਦਾ ਪਦ ਪ੍ਰਾਪਤ ਹੋਇਆ। ਭਾਈ ਜੇਠਾ ਜੀ ਪੂਰੀ ਮਿਹਨਤ ਨਾਲ ਕਿਰਤ ਕਰਦੇ, ਗੁਰੂ ਘਰ ਦੀ ਪੂਰੀ ਲਗਨ ਨਾਲ ਸੇਵਾ ਕਰਦੇ ਅਤੇ ਗੁਰੂ ਬਚਨਾਂ ਦਾ ਪਾਲਨ ਕਰਦੇ। ਆਪ ਨੇ ਗੁਰਬਾਣੀ ਨੂੰ ਜੀਵਨ ਦਾ ਅਧਾਰ ਬਣਾਇਆ ਤੇ ਗੁਰੂ ਅਮਰਦਾਸ ਜੀ ਦੇ ਪਿਆਰ ਦੇ ਪਾਤਰ ਬਣੇ। ਅਨੰਦਮਈ ਜੀਵਨ ਜੁਗਤਿ ਵਿਚ ਵਿਚਰਦੇ, ਸੁਹਣੇ ਸੁਣੱਖੇ ਨੌਜਵਾਨ, ਗੁਰੂ ਜੀ ਦੇ ਮਿਹਰਾਂ ਭਰੀ ਨਜ਼ਰ ਵਿਚ ਪ੍ਰਵਾਨ ਹੋਏ। ਜਦੋਂ ਮਾਤਾ ਜੀ ਨੇ ਬੀਬੀ ਭਾਨੀ ਲਈ ਚੰਗੇ ਵਰ੍ਹ ਦੀ ਭਾਲ ਲਈ ਬਚਨ ਕੀਤਾ ਕਿ ਬੇਟੀ ਭਾਨੀ ਲਈ ਜੇਠਾ ਜੀ ਵਰਗਾ ਸੁੰਦਰ ਤੇ ਸੁਸ਼ੀਲ ਵਰ ਹੋਵੇ ਤਾਂ ਗੁਰੂ ਅਮਰਦਾਸ ਜੀ ਨੇ ਸਹਿਜ ਹੀ ਫੁਰਮਾਇਆ ਕਿ ਇਹੋ ਜਿਹਾ ਤਾਂ ਇਹੋ ਹੀ ਹੈ, ਹੋਰ ਕੋਈ ਨਹੀਂ। ਗੁਰੂ ਜੀ ਦੀਆਂ ਮਿਹਰਾਂ ਪ੍ਰਾਪਤ ਹੋਈਆਂ ਤੇ ਸੰਨ 1553 ਵਿਚ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਆਪਣੀ ਬੱਚੀ ਬੀਬੀ ਭਾਨੀ ਦਾ ਵਿਆਹ ਜੇਠਾ ਜੀ (ਗੁਰੂ ਰਾਮਦਾਸ ਜੀ) ਨਾਲ ਕਰ ਦਿਤਾ। ਗੋਇੰਦਵਾਲ ਵਿਖੇ ਬਾਉਲੀ ਦੀ ਸੇਵਾ ਵਿਚ ਜੇਠਾ ਜੀ, ਦੁਨਿਆਵੀ ਰਿਸ਼ਤੇ ਅਨੁਸਾਰ ਗੁਰੂ ਘਰ ਦੇ ਜਵਾਈ ਹੁੰਦੇ ਹੋਏ ਵੀ, ਪੂਰੀ ਲਗਨ ਤੇ ਮਿਹਨਤ ਨਾਲ ਗਾਰਾ, ਮਿੱਟੀ, ਚੂਨਾ ਆਦਿ ਦੀ ਟੋਕਰੀ ਢੋਂਦੇ ਰਹੇ। ਲਾਹੌਰ ਤੋਂ ਆਏ ਰਿਸ਼ਤੇਦਾਰਾਂ ਨੇ ਮਿਹਣੇ ਦਿਤੇ ਪਰ ਆਪ ਜੀ ਨੇ ਕੋਈ ਪਰਵਾਹ ਨਾ ਕੀਤੀ। ਗੁਰੂ ਅਮਰਦਾਸ ਜੀ ਨੇ ਵੀ ਦਿਤੇ ਗਏ ਮਿਹਣਿਆਂ ਦਾ ਹਲੀਮੀ ਵਿਚ ਉੱਤਰ ਦਿਤਾ, "ਸਿਰ ਤੇ ਚੁੱਕੀ ਟੋਕਰੀ ਦਾ ਕੋਈ ਭਾਰ ਨਹੀਂ, ਪਰਮਾਤਮਾ ਨੇ ਲੋਕ-ਭਲਾਈ ਦੇ ਪਤਾ ਨਹੀਂ ਕਿੰਨੇ ਮਹਾਨ ਕਾਰਜਾਂ ਦਾ ਬੋਝ ਇਨ੍ਹਾਂ ਦੇ ਸਿਰ ਤੇ ਰੱਖਣਾ ਹੈ ਅਤੇ ਇਨ੍ਹਾਂ ਰਾਹੀਂ ਬੇਅੰਤ ਮਨੁੱਖਤਾ ਦਾ ਕਲਿਆਣ ਹੋਣਾ ਹੈ।" 'ਸਾਧ ਬਚਨ ਅਟਲਾਧਾ' ਅਨੁਸਾਰ ਐਸਾ ਹੀ ਵਾਪਰਿਆ।

ਸਿੱਖੀ ਦੇ ਦਾਇਰੇ ਨੂੰ ਵਿਸ਼ਾਲ ਹੁੰਦਾ ਵੇਖ ਕੇ ਸੰਨ 1570 ਵਿਚ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਨਵਾਂ ਅਸਥਾਨ ਵਸਾਉਣ ਲਈ ਪ੍ਰੇਰਤ ਕੀਤਾ। ਆਪ ਜੀ ਅਤੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਪਹਿਲਾਂ ਸੰਤੋਖਸਰ ਸਰੋਵਰ ਦੀ ਖੁਦਾਈ ਅਰੰਭੀ। ਉਪਰੰਤ ਨਵੇਂ ਨਗਰ ਦੀ ਨੀਂਹ ਰੱਖੀ। ਨਾਮ ਰੱਖਿਆ, 'ਗੁਰੂ ਕਾ ਚੱਕ।' ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਇਸ ਦਾ ਨਾਂ 'ਚੱਕ ਰਾਮਦਾਸ' ਰੱਖ ਦਿਤਾ ਤੇ ਅੰਮ੍ਰਿਤ ਸਰੋਵਰ

ਦੀ ਮਾਨਤਾ ਕਾਰਨ ਵਸੋਂ ਵੱਧ ਜਾਣ ਤੇ ਸ਼ਹਿਰ ਦਾ ਨਾਮ ਅੰਮ੍ਰਿਤਸਰ ਸਾਹਿਬ ਪ੍ਰਸਿੱਧ ਹੋਇਆ। 1574 ਵਿਚ ਗੁਰੂ ਅਮਰਦਾਸ ਜੀ ਨੇ ਸਾਰੀ ਸੰਗਤ ਦੇ ਸਨਮੁਖ ਜੇਠਾ ਜੀ (ਰਾਮਦਾਸ ਜੀ) ਨੂੰ ਗੁਰਗੱਦੀ ਬਖਸ਼ਿਸ਼ ਕੀਤੀ ਤੇ ਆਪ ਜੀ ਗੁਰੂ ਰਾਮਦਾਸ ਜੀ ਕਰਕੇ ਸੰਬੋਧਨ ਹੋਣ ਲੱਗੇ। ਜਦੋਂ ਗੁਰੂ ਅਮਰਦਾਸ ਜੀ ਨੇ ਗੁਰਿਆਈ ਬਖਸ਼ਿਸ਼ ਕਰਕੇ ਗੁਰੂ ਰਾਮਦਾਸ ਜੀ ਅੱਗੇ ਮੱਥਾ ਟੇਕਿਆ ਤਾਂ ਗੁਰੂ ਜੀ ਦੇ ਅੰਦਰ ਜੋ ਵੈਰਾਗ ਪੈਦਾ ਹੋਇਆ, ਉਸ ਨੂੰ ਯਾਦ ਕਰਕੇ ਉਹ ਭਾਵ ਆਪ ਜੀ ਨੇ ਨਿਮਨ ਸ਼ਬਦ ਰਾਹੀਂ ਪ੍ਰਗਟ ਕੀਤੇ ਹਨ -

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥*

*ਅੰਗ - ੧੬੭*

ਭਾਈ ਗੁਰਦਾਸ ਜੀ ਨੇ ਵੀ ਇਸ ਅਨੂਠੀ ਘਟਨਾ ਨੂੰ ਆਪਣੇ ਅਨੁਭਵ ਰਾਹੀਂ ਪ੍ਰਗਟ ਕੀਤਾ -

*ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ।*

ਗੁਰੂ ਰਾਮਦਾਸ ਜੀ ਦਾ ਅਭਿਨੰਦਨ ਕਰਦਿਆਂ ਬਲਵੰਡ ਸੱਤਾ ਨੇ ਵੀ ਗੁਰੂ ਜੀ ਨੂੰ ਧੰਨਤਾ ਯੋਗ ਕਿਹਾ-

*ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥*

*ਅੰਗ - ੯੬੮*

ਗੁਰੂ-ਗੱਦੀ ਤੇ ਬਿਰਾਜਮਾਨ ਹੋ ਕੇ ਆਪ ਜੀ ਨੇ ਅਨੇਕਾਂ ਮਹਾਨ ਕਾਰਜ ਕੀਤੇ ਪਰ ਨਿਮਰਤਾ, ਸਹਿਨਸ਼ੀਲਤਾ, ਉਦਾਰਤਾ ਦਾ ਪੱਲਾ ਕਦੀ ਨਹੀਂ ਢਿੱਲਾ ਹੋਣ ਦਿਤਾ। ਆਪ ਜੀ ਦੀਆਂ ਰਚਨਾਵਾਂ ਵਿਚੋਂ ਆਪ ਜੀ ਨਿਮ੍ਰਤਾ ਦੀ ਮੂਰਤ ਬਾਰ-ਬਾਰ ਪ੍ਰਤੱਖ ਹੁੰਦੀ ਹੈ -

*ਹਮ ਕੀਰੇ ਕਿਰਮ ਸਤਿਗੁਰ ਸਰਣਾਈ*
*ਕਰਿ ਦਇਆ ਨਾਮੁ ਪਰਗਾਸਿ ॥* *ਅੰਗ - ੧੦*
*ਹਮ ਪਾਪੀ ਪਾਥਰ ਨੀਰਿ ਡੁਬਤ*
*ਕਰਿ ਕਿਰਪਾ ਪਾਖਣ ਹਮ ਤਾਰੀ ॥* *ਅੰਗ - ੬੬੬*
*ਕਿਆ ਹਮ ਕਿਰਮ ਨਾਨ੍ ਨਿਕ ਕੀਰੇ*
*ਤੁਮ੍ ਵਡ ਪੁਰਖ ਵਡਾਗੀ ॥* *ਅੰਗ - ੬੬੭*

ਨਿੰਮ੍ਰਤਾ ਦੀ ਇਕ ਐਸੀ ਘਟਨਾ ਬਹੁਤ ਪ੍ਰਸਿੱਧ ਹੈ। ਜਦੋਂ ਬਾਬਾ ਸ੍ਰੀ ਚੰਦ ਜੀ ਨੇ ਆਪ ਜੀ ਦੇ ਦਰਸ਼ਨ ਕੀਤੇ ਤਾਂ ਬਾਬਾ ਜੀ ਨੇ ਕਿਹਾ, ਤੁਸੀਂ ਐਡਾ ਲੰਮਾ ਦਾਹੜਾ ਕਿਉਂ ਵਧਾਇਆ ਹੋਇਐ? ਤਾਂ ਆਪ ਜੀ ਨੇ ਦਾਹੜਾ ਹਥ ਵਿਚ ਫੜ ਕੇ ਕਿਹਾ, "ਆਪ ਜੈਸੇ ਮਹਾਂਪੁਰਸ਼ਾਂ ਦੇ ਚਰਨ ਝਾੜਨ ਲਈ। ਬਾਬਾ ਜੀ ਨਿਰੁੱਤਰ ਹੋਏ ਬੋਲੇ, ਨਿੰਮਰਤਾ ਦੀ ਮੂਰਤ ਹੋ, ਤਾਂ ਹੀ ਗੁਰੂ ਪਦ ਨੂੰ ਪ੍ਰਾਪਤ ਹੋਏ ਹੋ।

## ਗੁਰੂ ਰਾਮਦਾਸ ਜੀ ਹੱਥੋਂ ਸਪੰਨ ਹੋਏ ਕੁਝ ਵਿਸ਼ੇਸ਼ ਕਾਰਜ-

1. ਚੱਕ ਰਾਮਦਾਸ ਦੀ ਨੀਂਹ ਰੱਖੀ ਜੋ ਸਹਿਜੇ ਸਹਿਜੇ ਸਿੱਖੀ ਦਾ ਇਕ ਮਹਾਨ ਕੇਂਦਰ ਹੋ ਕੇ ਪ੍ਰਗਟ ਹੋਇਆ। ਦੁਖਭੰਜਨੀ ਬੇਰੀ ਪਾਸ ਆਪ ਜੀ ਨੇ 1577 ਵਿਚ ਇਕ ਤਲਾਬ ਬਣਾਇਆ ਜੋ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਵਿਸ਼ਾਲ ਸਰੋਵਰ ਵਿਚ ਤਬਦੀਲ ਕੀਤਾ। ਅੱਜ ਦਰਬਾਰ ਸਾਹਿਬ, ਅੰਮ੍ਰਿਤਸਰ 'ਸਿਫਤੀ ਦਾ ਘਰੁ' ਸੰਸਾਰ ਦੇ ਨਕਸ਼ੇ ਤੇ ਇਕ ਅਦੁੱਤੀ ਅਸਥਾਨ ਕਰਕੇ ਪ੍ਰਸਿੱਧ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਐਸੀ ਉਪਮਾ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਖੁਦ ਕੀਤੀ ਹੈ -

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥*
*ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥*
*ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥*
*ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥*

*ਅੰਗ - ੧੩੬੨*

2. ਸਿੱਖੀ ਦੇ ਪ੍ਰਚਾਰ ਹਿਤ ਮਸੰਦ ਸਿਸਟਮ ਚਾਲੂ ਕੀਤਾ। ਉੱਚੇ-ਸੁੱਚੇ ਕਥਨੀ ਕਰਨੀ ਵਾਲੇ ਗੁਰਸਿੱਖ ਸਿੱਖੀ ਦੀ ਸੇਵਾ ਨਿਭਾਉਣ ਲੱਗੇ।

3. ਗੁਰੂ ਨਾਨਕ ਦੇਵ ਜੀ ਦੀਆਂ ਪਰੰਪਰਾਵਾਂ ਨੂੰ ਅੱਗੇ ਤੋਰਿਆ। ਸੰਗਤ, ਪੰਗਤ, ਕੀਰਤਨ, ਸੇਵਾ, ਭਾਈਚਾਰਕ ਸੰਗਠਨ, ਸਵੇਰ ਸ਼ਾਮ ਦੇ ਦੀਵਾਨ, ਆਦਿ ਚੜ੍ਹਦੀ ਕਲਾ ਵਿਚ ਹੁੰਦੇ ਰਹੇ।

4. ਆਪ ਜੀ ਨੇ ਚਾਰ ਲਾਵਾਂ ਦੀ ਰਚਨਾ ਕਰਕੇ ਵਿਆਹ ਦੀ ਸਿੱਖ ਮਰਿਆਦਾ ਕਾਇਮ ਕੀਤੀ। ਸਿੱਖੀ ਪਰਵਿਰਤੀ ਅਤੇ ਨਰਵਿਰਤੀ ਦਾ ਸੁਚੱਜਾ ਸੁਮੇਲ ਹੈ। ਅੱਜ ਲਾਵਾਂ ਦੇ ਪਾਠ ਅਤੇ ਗਾਇਨ ਹੀ ਸਿੱਖ ਵਿਆਹ ਦਾ ਮੂਲ ਧੁਰਾ ਹੈ ਜੋ ਸਿੱਖ ਧਰਮ, ਸਮਾਜ ਅਤੇ ਸਰਕਾਰ ਵਲੋਂ ਪਰਵਾਨਤ ਹੈ।

5. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪ ਜੀ ਦੀ ਬਾਣੀ ਪਰੰਪਰਾ ਅਨੁਸਾਰ ਰਾਗਾਂ ਵਿਚ ਹੈ। ਕੁਲ 31 ਰਾਗਾਂ ਵਿਚੋਂ 30 ਰਾਗਾਂ ਵਿਚ ਆਪ ਜੀ ਨੇ ਬਾਣੀ ਦਾ ਉਚਾਰਨ ਕੀਤਾ, ਸਵਾਏ ਇਕ ਰਾਗ ਜੈ ਜੈਵੰਤੀ ਦੇ ਜਿਸ ਵਿਚ ਕੇਵਲ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ। ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿਚ, ਗੁਰੂ ਅੰਗਦ ਦੇਵ ਜੀ ਦੇ ਕੇਵਲ ਸਲੋਕ ਹਨ, ਗੁਰੂ ਅਮਰਦਾਸ ਜੀ ਨੇ 11 ਨਵੇਂ ਰਾਗਾਂ ਵਿਚ ਬਾਣੀ ਰਚ ਕੇ ਸੰਗੀਤਕ ਕਲਾ ਵਿਚ ਅਦੁੱਤੀ ਯੋਗਦਾਨ ਪਾਇਆ। ਆਪ

ਜੀ ਨੇ 246 ਪਦੇ ਰਚੇ ਜਿਨ੍ਹਾਂ ਵਿਚ ਦੁਪਦੇ, ਚੌਪਦੇ ਤੇ ਪੰਜ ਪਦੇ ਸ਼ਾਮਲ ਹਨ। 31 ਅਸ਼ਟਪਦੀਆਂ ਲਿਖੀਆਂ। ਲੋਕ ਕਾਵਿ-ਰੂਪਾਂ ਵਿਚ ਪਹਿਰੇ, ਵਣਜਾਰਾ, ਕਰਹਲੇ, ਘੋੜੀਆਂ ਤੇ ਛੰਤ ਰਚੇ, 138 ਸਲੋਕ ਉਚਾਰਨ ਕੀਤੇ ਅਤੇ 8 ਵਾਰਾਂ ਲਿਖੀਆਂ ਜਿਨ੍ਹਾਂ ਵਿਚ 183 ਪਉੜੀਆਂ ਹਨ। 'ਪੜਤਾਲਾਂ' ਵਿਚ ਕੀਤੀ ਰਚਨਾ ਆਪ ਜੀ ਦੀ ਵਿਲੱਖਣ ਦੇਣ ਹੈ। ਇਨ੍ਹਾਂ ਦਾ ਗਾਇਨ ਕੋਈ ਵਿਰਲਾ ਸੰਗੀਤ ਦਾ ਮਾਹਿਰ ਰਾਗੀ ਹੀ ਕਰ ਸਕਦਾ ਹੈ। ਆਪ ਜੀ ਦੀ ਬਾਣੀ ਦਾ ਪ੍ਰਧਾਨ ਵਿਸ਼ਾ - ਪ੍ਰਭੂ ਪਿਆਰ, ਵੈਰਾਗ, ਮਿਲਾਪ ਲਈ ਤੜਪ ਹੈ। ਇਨ੍ਹਾਂ ਦੇ ਸਾਧਨ ਵਜੋਂ ਗੁਰੂ ਦਾ ਧਿਆਨ, ਨਾਮ ਸਿਮਰਨ, ਸਾਧ ਸੰਗ, ਸੇਵਾ, ਬਾਣੀ ਕੀਰਤਨ, ਸ਼ਬਦ-ਵੀਚਾਰ ਦਸੀ ਹੈ ਜਿਸ ਦੀ ਪ੍ਰਾਪਤੀ ਲਈ ਅੰਮ੍ਰਿਤ ਵੇਲਾ, ਸੌਚ ਇਸ਼ਨਾਨ, ਸਦਾਚਾਰਕ ਚਲਨ ਆਦਿ ਜ਼ਰੂਰੀ ਦੱਸੇ। ਆਪ ਜੀ ਦੀ ਦਰਸਾਈ ਗੁਰਸਿੱਖ ਦੀ ਪਰਿਭਾਸ਼ਾ ਸਾਰੇ ਸਿੱਖ ਜਗਤ ਵਿਚ ਮਕਬੂਲ ਹੋਈ ਹੈ, ਪੜ੍ਹੀ ਅਤੇ ਗਾਇਨ ਕੀਤੀ ਜਾਂਦੀ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੫*

ਗੁਰੂ ਰਾਮਦਾਸ ਜੀ ਦੇ ਤਿੰਨ ਸਪੁੱਤਰ ਸਨ। ਸਭ ਤੋਂ ਵੱਡੇ ਪ੍ਰਿਥੀਚੰਦ ਸੰਸਾਰਕ ਬਿਰਤੀ ਵਾਲੇ, ਚੰਗੀ ਪ੍ਰਬੰਧਕੀ ਸੂਝ ਵਾਲੇ, ਕਾਰ-ਵਿਹਾਰ ਦਾ ਸਾਰਾ ਪ੍ਰਬੰਧ ਤੇ ਸਾਂਭ ਸੰਭਾਲ ਕਰਦੇ ਸਨ, ਨਾਮ ਬਾਣੀ, ਸਿਮਰਨ ਸਾਧਨਾ ਵਿਚ ਧਿਆਨ ਨਹੀਂ ਸੀ। ਦੂਜੇ ਪੁੱਤਰ ਮਹਾਂਦੇਵ ਜੀ ਵੈਰਾਗਮਈ ਸੁਭਾਅ ਵਾਲੇ ਨਿਰਵਿਰਤ ਬਿਰਤੀ ਦੇ ਮਾਲਕ, ਉਪਰਾਮ ਰਹਿਣ ਵਾਲੇ ਕਿਸੇ ਕੰਮ ਵਿਚ ਰੁਚੀ ਨਹੀਂ ਸੀ ਰਖਦੇ। ਤੀਜੇ (ਗੁਰੂ) ਅਰਜਨ ਦੇਵ ਜੀ, ਗੁਣਵਾਨ, ਆਗਿਆਕਾਰੀ, ਨਾਮ-ਰਸੀਏ, ਹਰਮਨ ਪਿਆਰੇ ਸਪੁੱਤਰ ਸਨ ਜਿਨ੍ਹਾਂ ਨੂੰ ਗੁਰਗੱਦੀ ਦੇ ਯੋਗ ਸਮਝਦਿਆਂ ਸੰਨ 1581 ਵਿਚ ਗੁਰਗੱਦੀ ਬਖਸ਼ਿਸ਼ ਕੀਤੀ। ਸਤੰਬਰ 1581 ਵਿਚ ਆਪ ਜੀ ਜੋਤੀ ਜੋਤ ਸਮਾਏ।

## ਭੱਟ ਸਾਹਿਬਾਨ ਦੇ ਸਵਈਆਂ ਵਿਚ ਪ੍ਰਾਪਤ ਗੁਰੂ ਰਾਮਦਾਸ ਜੀ ਦੀ ਮਨੋਹਰ ਸ਼ਖਸੀਅਤ

ਗੁਰੂ ਅਰਜਨ ਦੇਵ ਜੀ ਦੀ ਦਸਤਾਰ ਬੰਦੀ ਦੀ ਰਸਮ ਵੇਲੇ ਦੂਰੋਂ-ਦੂਰੋਂ ਸਿੱਖ ਸੰਗਤਾਂ ਗੁਰੂ ਅਰਜਨ ਦੇਵ ਜੀ ਦੇ ਦੀਦਾਰ ਨੂੰ ਆਈਆਂ। ਪ੍ਰੋ. ਸਾਹਿਬ ਸਿੰਘ ਅਨੁਸਾਰ ਉਹਨੀ ਹੀ ਦਿਨੀਂ ਭੱਟ ਭੀ ਸੰਗਤਾਂ ਦੇ ਨਾਲ ਗੋਇੰਦਵਾਲ ਸਾਹਿਬ ਆਏ। ਦੀਦਾਰ ਦੀ ਬਰਕਤਿ ਨਾਲ ਚਿੱਤ ਗੁਰੂ ਦੀ ਸਿਫਤਿ ਕਰਨ ਦੇ ਉਮਾਹ ਵਿਚ ਆਇਆ ਅਤੇ ਗੁਰੂ ਉਪਮਾ ਵਿਚ ਉਹਨਾਂ ਇਹ 'ਸਵੱਈਏ' ਉਚਾਰੇ ਜਿਨ੍ਹਾਂ ਨੂੰ ਸਮੇਂ ਸਿਰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਮੁਖਵਾਕ ਸਵੱਈਆਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਕੁੱਲ 11 ਭੱਟ ਸਾਹਿਬਾਨ ਹਨ ਜਿਨ੍ਹਾਂ ਦੇ ਨਾਮ ਇਹ ਹਨ -

1. ਕੱਲਸਹਾਰ (ਜਿਸ ਦੇ ਦੂਜੇ ਨਾਮ 'ਕਲ੍ਹ' ਅਤੇ 'ਟਲ੍ਹ' ਹਨ) 2. ਜਾਲਪ (ਜਿਸ ਦਾ ਦੂਜਾ ਨਾਮ ਜਲ੍ਹ ਹੈ) 3. ਕੀਰਤ 4. ਭਿੱਖਾ 5. ਸਲ੍ਹ 6. ਭਲ੍ਹ 7. ਨਲ੍ਹ 8. ਗਯੰਦ 9. ਮਥੁਰਾ 10. ਬਲ੍ਹ ਅਤੇ 11. ਹਰਿਬੰਸ।

ਸਵੱਈਆਂ ਵਿਚ ਕੇਵਲ ਗੁਰੂ ਦੀ ਵਡਿਆਈ ਕੀਤੀ ਗਈ ਹੈ। ਗੁਰੂ ਦੀ ਉਪਮਾ ਕਰਨ ਲੱਗਿਆਂ 'ਗੁਰ ਵਿਅਕਤੀ' ਦੀ ਉਪਮਾ ਹੋਣੀ ਕੁਦਰਤੀ ਗੱਲ ਸੀ। ਸੋ ਇਹਨਾਂ ਭੱਟ ਸਾਹਿਬਾਨ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਤਕ ਹਰੇਕ 'ਗੁਰ ਮਹਲੇ' ਦੀ ਸਿਫਤਿ ਉਚਾਰੀ ਹੈ।

ਭੱਟ ਕਲਸਹਾਰ ਨੇ ਗੁਰੂ ਰਾਮਦਾਸ ਜੀ ਦੀ ਉਸਤਤ ਵਿਚ 13 ਸਵੱਈਏ ਉਚਾਰੇ ਹਨ। ਪਹਿਲੇ ਸਵੱਯੇ ਵਿਚ ਹੀ ਆਪ ਜੀ ਬੇਨਤੀ ਕਰਦੇ ਹਨ ਤੇ ਸਤਿਗੁਰੂ (ਗੁਰੂ ਰਾਮਦਾਸ ਜੀ) ਮੈਂ ਦਾਸ ਦੀ ਆਸ ਪੂਰੀ ਕਰੋ ਕਿ ਮੈਂ ਇਕਾਗਰ ਚਿੱਤ ਹੋ ਕੇ ਮਾਇਆ ਤੋਂ ਰਹਿਤ ਅਕਾਲਪੁਰਖ ਨੂੰ ਸਿਮਰਾਂ, ਗੁਰੂ ਦੀ ਕ੍ਰਿਪਾ ਨਾਲ ਸਦਾ ਹਰੀ ਦੇ ਗੁਣ ਗਾਵਾਂ ਅਤੇ ਗੁਣ ਗਾਇਨ ਕਰਦਿਆਂ-ਕਰਦਿਆਂ ਮੇਰੇ ਮਨ ਵਿਚ ਖਿੜਾਉ ਪੈਦਾ ਹੋਵੇ -

*ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ॥*
*ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ ॥*
*ਗੁਨ ਗਾਵਤ ਮਨਿ ਹੋਇ ਬਿਗਾਸਾ ॥*
*ਸਤਿਗੁਰ ਪੂਰਿ ਜਨਹ ਕੀ ਆਸਾ ॥ ਅੰਗ - ੧੩੯੯*

ਅੱਗੇ ਫੁਰਮਾਉਂਦੇ ਹਨ -

*ਸਤਿਗੁਰੁ ਸੇਵਿ ਪਰਮ ਪਦੁ ਪਾਯਉ ॥*
*ਅਬਿਨਾਸੀ ਅਬਿਗਤੁ ਧਿਆਯਉ ॥*

*ਤਿਸੁ ਭੇਟੇ ਦਾਰਿਦ੍ਰੁ ਨ ਚੰਪੈ ॥*

*ਕਲ੍ਯ ਸਹਾਰੁ ਤਾਸੁ ਗੁਣ ਜੰਪੈ ॥* ਅੰਗ- ੧੩੯੬

ਅਰਥਾਤ - ਜਿਸ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਨੂੰ ਸੇਵ ਕੇ ਉੱਚੀ ਪਦਵੀ ਪਾਈ ਹੈ ਅਤੇ ਅਬਿਨਾਸ਼ੀ ਤੇ ਅਦ੍ਰਿਸ਼ਟ ਹਰੀ ਨੂੰ ਸਿਮਰਿਆ ਹੈ, ਉਸ ਗੁਰੂ ਰਾਮਦਾਸ ਜੀ ਦੀ ਚਰਨੀਂ ਲੱਗਿਆਂ, ਦਲਿੱਦ੍ਰ ਨਹੀਂ ਚੰਬੜਦਾ, ਕਲਸਹਾਰ ਕਵੀ ਉਸ ਗੁਰੂ ਰਾਮਦਾਸ ਜੀ ਦੇ ਗੁਣ ਗਾਉਂਦਾ ਹੈ।

ਕਲਸਹਾਰ ਅੱਗੇ ਫੁਰਮਾਨ ਕਰਦੇ ਹਨ -

*ਜੰਪਉ ਗੁਣ ਬਿਮਲ ਸੁਜਨ ਜਨ*

*ਕੇਰੇ ਅਮਿਅ ਨਾਮੁ ਜਾ ਕਉ ਫੁਰਿਆ ॥*

*ਇਨਿ ਸਤਗੁਰੁ ਸੇਵਿ ਸਬਦ ਰਸੁ ਪਾਯਾ*

*ਨਾਮੁ ਨਿਰੰਜਨ ਉਰਿ ਧਰਿਆ ॥* ਅੰਗ - ੧੩੯੬

ਅਰਥਾਤ - ਮੈਂ ਉਸ ਸ੍ਰੇਸ਼ਟ ਜਨ (ਗੁਰੂ ਅਮਰਦਾਸ ਜੀ) ਦੇ ਨਿਰਮਲ ਗੁਣ ਗਾਉਂਦਾ ਹਾਂ, ਜਿਸ ਨੂੰ ਆਤਮਕ ਜੀਵਨ ਦੇਣ ਵਾਲੇ ਨਾਮ ਦਾ ਅਨੁਭਵ ਹੋਇਆ ਹੈ, ਇਸ (ਗੁਰੂ ਰਾਮਦਾਸ ਜੀ) ਨੇ ਗੁਰੂ (ਅਮਰਦਾਸ ਜੀ) ਨੂੰ ਸੇਵ ਕੇ ਸ਼ਬਦ ਦਾ ਅਨੰਦ ਪ੍ਰਾਪਤ ਕੀਤਾ ਹੈ ਤੇ ਨਿਰੰਜਨ ਦਾ ਨਾਮ ਹਿਰਦੇ ਵਿਚ ਵਸਾਇਆ ਹੈ।

ਸਵੱਯੇ ਦੀਆਂ ਆਖਰੀ ਪੰਗਤੀਆਂ ਹਨ -

*ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ*

*ਚਾਹਕੁ ਤਤ ਸਮਤ ਸਰੇ ॥*

*ਕਵਿ ਕਲ੍ਯ ਠਕੁਰ ਹਰਦਾਸ ਤਨੇ*

*ਗੁਰ ਰਾਮਦਾਸ ਸਰ ਅਭਰ ਭਰੇ ॥* ਅੰਗ- ੧੩੯੬

ਅਰਥਾਤ - ਹੇ ਕਲਸਹਾਰ ਕਵੀ! ਠਾਕੁਰ ਹਰਿਦਾਸ ਜੀ ਦੇ ਸਪੁੱਤਰ (ਗੁਰੂ ਰਾਮਦਾਸ ਜੀ) (ਹਿਰਦੇ ਰੂਪੀ) ਖਾਲੀ ਸਰੋਵਰਾਂ ਨੂੰ ਨਾਮ ਨਾਲ ਭਰਨ ਵਾਲੇ ਹਨ। ਗੁਰੂ ਰਾਮਦਾਸ ਜੀ ਅਕਾਲ ਪੁਰਖ ਦੇ ਨਾਮ ਦੇ ਰਸੀਏ ਹਨ, ਗੋਬਿੰਦ-ਗੁਣਾਂ ਦੇ ਗਾਹਕ ਹਨ, ਅਕਾਲ ਪੁਰਖ ਨਾਲ ਪਿਆਰ ਕਰਨ ਵਾਲੇ ਹਨ ਅਤੇ ਸਮਦ੍ਰਿਸ਼ਟਤਾ ਦਾ ਸਰੋਵਰ ਹਨ।

ਪੰਜਵੇਂ ਸਵੱਯੇ ਵਿਚ ਆਪ ਜੀ ਫੁਰਮਾਨ ਕਰਦੇ ਹਨ ਕਿ ਗੁਰੂ ਰਾਮਦਾਸ ਜੀ ਨੂੰ ਅਬਿਨਾਸ਼ੀ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਹੋਈ -

*ਨਾਨਕ ਪ੍ਰਸਾਦਿ ਅੰਗਦ ਸੁਮਤਿ*

*ਗੁਰਿ ਅਮਰਿ ਅਮਰੁ ਵਰਤਾਇਓ ॥*

*ਗੁਰ ਰਾਮਦਾਸ ਕਲ੍ਯੁਚਰੈ ਤੈਂ ਅਟਲ ਅਮਰ ਪਦੁ ਪਾਇਓ ॥*

ਅੰਗ- ੧੩੯੭

ਅਰਥਾਤ ਕਵੀ ਕਲਸਹਾਰ ਆਖਦਾ ਹੈ - ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਨਾਲ ਅਤੇ ਗੁਰੂ ਅੰਗਦ ਦੇਵ ਜੀ ਦੀ ਬਖਸ਼ੀ ਸੁੰਦਰ ਬੁੱਧ ਨਾਲ, ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਦਾ ਹੁਕਮ ਵਰਤੋਂ ਵਿਚ ਲਿਆਂਦਾ ਹੈ, ਹੇ ਗੁਰੂ ਰਾਮਦਾਸ ਜੀ! ਆਪ ਜੀ ਸਦਾ ਥਿਰ ਰਹਿਣ ਵਾਲੇ ਅਤੇ ਅਬਿਨਾਸ਼ੀ ਹਰੀ ਦੀ ਪਦਵੀ ਪ੍ਰਾਪਤ ਕਰ ਲਈ ਹੈ।

ਭੱਟ ਕਲ੍ਯ ਦਾ ਦੂਜਾ ਨਾਮ ਭੱਟ ਨਲ੍ਯ ਹੈ। ਇਸ ਨਾਮ ਹੇਠ ਆਪ ਜੀ ਨੇ 16 ਸਵੱਈਏ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਉਚਾਰਨ ਕੀਤੇ। ਇਨ੍ਹਾਂ ਵਿਚ ਵੀ ਆਪ ਜੀ ਨੇ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਨੂੰ ਅਕਾਲਪੁਰਖ ਵਲੋਂ ਬਖਸ਼ਿਸ਼ ਹੋਈ ਇਕੋ ਜੋਤਿ ਦਾ ਪ੍ਰਕਾਸ਼ ਮੰਨਿਆ ਹੈ -

*ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ*

*ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ ॥*

*ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ*

*ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ ॥*

ਅੰਗ - ੧੩੯੯

ਅਰਥਾਤ ਪਹਿਲਾਂ ਗੁਰੂ ਨਾਨਕ ਦੇਵ ਜੀ ਚੰਦਰਮਾ ਰੂਪ ਪ੍ਰਗਟ ਹੋਏ, ਮਨੁੱਖਾਂ ਨੂੰ ਤਾਰਨ ਲਈ ਆਪ ਜੀ ਨੇ ਚਾਨਣਾ ਕੀਤਾ ਤੇ ਸਾਰੇ ਸੰਸਾਰ ਨੂੰ ਖੁਸ਼ੀ ਹੋਈ। ਫਿਰ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਹਰੀ ਦੀ ਅਕਥ ਕਥਾ ਦਾ ਗਿਆਨ ਰੂਪ ਬਖਸ਼ਿਆ, ਜਿਸ ਕਰਕੇ ਗੁਰੂ ਅੰਗਦ ਦੇਵ ਨੇ ਕਾਮਾਦਿਕ ਪੰਜੇ ਵੈਰੀ ਵਸ ਵਿਚ ਕਰ ਲਏ ਤੇ ਇਨ੍ਹਾਂ ਦਾ ਡਰ ਨਾ ਰਿਹਾ।

*ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ*

*ਅਘਨ ਦੇਖਤ ਗਤੁ ਚਰਨ ਕਵਲ ਜਾਸ ॥*

*ਸਭ ਬਿਧਿ ਮਾਨ੍ਯ੍ਯਿਉ ਮਨੁ ਤਬ ਹੀ ਭਯਉ ਪ੍ਰਸੰਨੁ*

*ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ ੪ ॥*

ਅੰਗ - ੧੩੯੯

ਅਰਥਾਤ - ਫੇਰ ਗੁਰੂ ਅੰਗਦ ਦੇਵ ਜੀ ਦੀ ਛੋਹ ਨਾਲ ਸ੍ਰੀ ਗੁਰੂ ਅਮਰਦਾਸ ਜੀ ਪ੍ਰਗਟ ਹੋਏ। ਉਨ੍ਹਾਂ ਨੇ ਕਲਿਜੁਗ ਦੀ ਪੱਤ ਰਖੀ, ਆਪ ਜੀ ਦੇ ਚਰਨ ਕਮਲਾਂ ਦਾ ਦਰਸ਼ਨ ਕਰਕੇ ਕਲਿਜੁਗ ਦੇ ਪਾਪ ਭੱਜ ਗਏ। ਜਦੋਂ ਗੁਰੂ ਅਮਰਦਾਸ ਜੀ ਦਾ ਮਨ ਪੂਰਨ ਤੌਰ ਤੇ ਪਤੀਜ ਗਿਆ, ਤਦੋਂ ਉਹ ਗੁਰੂ ਰਾਮਦਾਸ ਜੀ ਉਤੇ ਤਰੁੱਠੇ ਤੇ ਉਹਨਾਂ ਨੂੰ ਰਾਜ ਜੋਗ ਵਾਲਾ ਤਖਤ ਗੁਰੂ ਰਾਮਦਾਸ ਜੀ ਨੂੰ ਬਖਸ਼ਿਆ।

ਅਗਲੇ 13 ਸਵੱਯੇ ਭੱਟ ਗਯੰਦ ਜੀ ਦੇ ਹਨ। ਆਪ ਜੀ ਨੇ ਵੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਦਾ ਪ੍ਰਕਾਸ਼

ਦੂਜੀ, ਤੀਜੀ ਅਤੇ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਵਿਚ ਪ੍ਰਗਟ ਹੋਇਆ ਦੱਸਿਆ ਹੈ –

*ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥*
*ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥*
*ਲਹਣੈ ਪੰਥੁ ਧਰਮ ਕਾ ਕੀਆ ॥*
*ਅਮਰਦਾਸ ਭਲੇ ਕਉ ਦੀਆ ॥*
*ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯ੍ਯਉ ॥*
*ਹਰਿ ਕਾ ਨਾਮੁ ਅਖੈ ਨਿਧਿ ਅਪ੍ਯ੍ਯਉ ॥* *ਅੰਗ – ੧੪੦੧*

ਅਰਥਾਤ – ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਦੇ ਨਿਕਟ ਵਸਦੇ ਹਨ। ਉਨ੍ਹਾਂ ਨੇ ਭਾਈ ਲਹਿਣਾ ਜੀ ਨੂੰ ਨਿਵਾਜ ਕੇ ਰੱਬੀ ਜੋਤਿ ਜਗਤ ਵਿਚ ਪ੍ਰਕਾਸ਼ਮਾਨ ਕੀਤੀ। ਭਾਈ ਲਹਿਣਾ ਜੀ ਨੇ ਧਰਮ ਦਾ ਰਾਹ ਚਲਾਇਆ ਅਤੇ ਨਾਮ-ਧਰਮ ਦੀ ਦਾਤ ਭਲੇ ਗੁਰੂ ਅਮਰਦਾਸ ਜੀ ਨੂੰ ਸੌਂਪੀ। ਗੁਰੂ ਅਮਰਦਾਸ ਜੀ ਨੇ ਨਾਮ ਦਾ ਅਖੁੱਟ ਖਜ਼ਾਨਾ ਸੋਢੀ ਗੁਰੂ ਰਾਮਦਾਸ ਜੀ ਨੂੰ ਬਖਸ਼ਿਆ।

ਇਕ ਗੱਲ ਵਿਸ਼ੇਸ਼ ਧਿਆਨ ਯੋਗ ਹੈ ਕਿ ਗਯੰਦ ਦੇ ਇਨ੍ਹਾਂ ਸਵੱਈਆਂ ਵਿਚ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ 'ਵਾਹਿਗੁਰੂ' ਸ਼ਬਦ ਦਾ ਪਹਿਲੀ ਵਾਰੀ ਪ੍ਰਯੋਗ ਹੋਇਆ ਹੈ –

*ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ*
*ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥*
*ਅੰਗ – ੧੪੦੨*

ਅਰਥਾਤ – ਹੇ ਗੁਰੂ! ਤੂੰ ਅਸਚਰਜ ਹੈਂ, ਤੂੰ ਅਟੱਲ ਹੈਂ, ਤੂੰ ਹੀ ਲਛਮੀ ਦਾ ਟਿਕਾਣਾ ਹੈਂ, ਤੂੰ ਆਦਿ ਪੁਰਖ ਹੈਂ, ਤੂੰ ਸਦਾ ਥਿਰ ਹੈ। ਗੁਰੂ ਰਾਮਦਾਸ ਜੀ ਦੀ ਸਿਫਤ ਸਾਲਾਹ ਵਿਚ ਇਸ ਦਾ ਗਾਇਨ ਸਾਧ ਸੰਗਤ ਵਿਚ ਵਿਸ਼ੇਸ਼ ਤੌਰ ਤੇ ਕੀਤਾ ਤੇ ਸੁਣਿਆ ਤੇ ਮਾਣਿਆ ਜਾਂਦਾ ਹੈ ਜਿਵੇਂ ਨਿਮਨ ਸਵੱਯਾ –

*ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥*
*ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ*
*ਕੋਊ ਤੂ ਕਦ ਕਾ ॥*
*ਬ੍ਰਹਮਾ ਬਿਸਨੁ ਸਿਰੇ ਤੈ ਅਗਨਤ*
*ਤਿਨ ਕਉ ਮੋਹੁ ਭਯਾ ਮਨ ਮਦ ਕਾ ॥*
*ਚਵਰਾਸੀਹ ਲਖ ਜੋਨਿ ਉਪਾਈ*
*ਰਿਜਕ ਦੀਆ ਸਭ ਹੂ ਕਉ ਤਦ ਕਾ ॥*
*ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਿਗੁਰੂ ਤੇਰਾ ਸਭੁ ਸਦਕਾ ॥*
*ਅੰਗ – ੧੪੦੩*

ਗੁਰੂ ਰਾਮਦਾਸ ਜੀ ਦੀ ਉਪਮਾ ਵਿਚ ਮਥੁਰਾ ਭੱਟ ਨੇ 7 ਸਵੱਯੇ ਉਚਾਰਨ ਕੀਤੇ ਹਨ। ਮਥੁਰਾ ਜੀ ਅਨੁਸਾਰ ਸਾਰੇ ਜੁਗਾਂ ਵਿਚ ਭਉਂਦਾ ਹੋਇਆ ਕੋਈ ਮੁਨੀ ਪਰਮਾਤਮਾ ਦਾ ਧਿਆਨ ਧਰਦਾ ਹੈ, ਅੰਦਰ ਦਾ ਚਾਨਣ ਲੱਭਦਾ ਹੈ, ਜਿਸ ਦਾ ਜਸ ਬ੍ਰਹਮਾ ਵੇਦ-ਬਾਣੀ ਸਣੇ ਗਾਉਂਦਾ ਹੈ, ਜਿਸ ਦੇ ਦਰਸ਼ਨਾਂ ਖਾਤਰ ਅਨੇਕਾਂ ਜੋਗੀ, ਜਤੀ, ਸਿੱਧ ਤੇ ਸਾਧਿਕ ਤਪ ਕਰਦੇ ਹਨ, ਜਟਾ-ਜੂਟ ਰਹਿ ਕੇ ਉਦਾਸ ਭੇਖ ਧਾਰ ਕੇ ਫਿਰਦੇ ਹਨ, ਉਸ ਹਰੀ-ਰੂਪ ਗੁਰੂ ਅਮਰਦਾਸ ਜੀ ਨੇ ਸਹਜ-ਸੁਭਾਇ ਜੀਆਂ ਉਤੇ ਕ੍ਰਿਪਾ ਕੀਤੀ ਤੇ ਗੁਰੂ ਰਾਮਦਾਸ ਜੀ ਨੂੰ ਹਰੀ ਨਾਮ ਦੀ ਵਡਿਆਈ ਬਖਸ਼ੀ–

*ਜਾ ਕਉ ਮੁਨਿ ਧ੍ਯ੍ਯਾਨੁ ਧਰੈ ਫਿਰਤ ਸਗਲ ਜੁਗ*
*ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ ॥*
*ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ*
*ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥*
*ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ*
*ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ॥*
*ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ*
*ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥*
*ਅੰਗ – ੧੪੦੪*

ਬਲ੍ਯ੍ਯ ਭੱਟ ਨੇ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ ਪੰਜ ਸਵੱਯੇ ਉਚਾਰੇ ਹਨ, ਜਿਨ੍ਹਾਂ ਦਾ ਉਚਾਰਨ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ, ਪਹਿਲੇ ਪ੍ਰਕਾਸ਼ ਸਮੇਂ, ਹੋਰ ਭੱਟ ਬਾਣੀ ਦੇ ਨਾਲ, ਬੜੇ ਪਿਆਰ ਨਾਲ ਉਚਾਰਨ ਕੀਤਾ ਜਾਂਦਾ ਹੈ। ਇਕ ਸਵੱਯਾ ਉਦਾਹਰਣ ਵਜੋਂ ਹਾਜ਼ਰ ਹੈ –

*ਜਿਹ ਸਤਿਗੁਰ ਸਿਮਰੰਤ*
*ਨਯਨ ਕੇ ਤਿਮਰ ਮਿਟਹਿ ਖਿਨੁ ॥*
*ਜਿਹ ਸਤਿਗੁਰ ਸਿਮਰੰਥਿ*
*ਰਿਦੈ ਹਰਿ ਨਾਮੁ ਦਿਨੋ ਦਿਨੁ ॥*
*ਜਿਹ ਸਤਿਗੁਰ ਸਿਮਰੰਥਿ*
*ਜੀਅ ਕੀ ਤਪਤਿ ਮਿਟਾਵੈ ॥*
*ਜਿਹ ਸਤਿਗੁਰ ਸਿਮਰੰਥਿ*
*ਰਿਧਿ ਸਿਧਿ ਨਵ ਨਿਧਿ ਪਾਵੈ ॥*
*ਸੋਈ ਰਾਮਦਾਸੁ ਗੁਰੁ ਬਲ੍ਯ੍ਯ ਭਣਿ*
*ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥*
*ਜਿਹ ਸਤਿਗੁਰ ਲਗਿ ਪ੍ਰਭੁ ਪਾਈਐ*
*ਸੋ ਸਤਿਗੁਰੁ ਸਿਮਰਹੁ ਨਰਹੁ ॥* *ਅੰਗ – ੧੪੦੫*

ਅਰਥਾਤ ਜਿਸ ਸਤਿਗੁਰੂ (ਗੁਰੂ ਰਾਮਦਾਸ ਜੀ) ਦਾ ਸਿਮਰਨ ਕੀਤਿਆਂ ਅੱਖਾਂ ਦੇ ਛੌੜ ਖਿਨ ਵਿਚ ਕੱਟੇ ਜਾਂਦੇ ਹਨ, ਜਿਸ ਗੁਰੂ ਦਾ ਸਿਮਰਨ ਕੀਤਿਆਂ ਹਿਰਦੇ ਵਿਚ ਹਰੀ ਦਾ ਨਾਮ ਦਿਨੋ ਦਿਨ ਹੋਰ ਪਰਪੱਕ ਹੁੰਦਾ ਹੈ। ਜਿਸ ਗੁਰੂ ਨੂੰ ਸਿਮਰਿਆਂ ਜੀਵ ਦੇ ਹਿਰਦੇ ਦੀ ਤਪਤ ਮਿਟਦੀ

ਹੈ, ਜਿਸ ਗੁਰੂ ਨੂੰ ਯਾਦ ਕਰਕੇ ਜੀਵ ਰਿੱਧੀਆਂ ਸਿੱਧੀਆਂ ਤੇ ਨੌਂ ਨਿਧੀਆਂ ਪਾ ਲੈਂਦਾ ਹੈ; ਬਲ੍ਹ ਕਵੀ ਕਹਿੰਦਾ ਹੈ – ਹੇ ਜਨੋਂ! ਜਿਸ ਗੁਰੂ ਰਾਮਦਾਸ ਜੀ ਦੀ ਚਰਨੀਂ ਲਗ ਕੇ ਪ੍ਰਭੂ ਨੂੰ ਮਿਲੀਦਾ ਹੈ, ਉਸ ਨੂੰ ਸਿਮਰੋ ਤੇ ਸੰਗਤ ਵਿਚ ਮਿਲ ਕੇ ਆਖੋ, ਤੂੰ ਧੰਨ ਹੈਂ, ਤੂੰ ਧੰਨ ਹੈਂ।

ਭੱਟ ਕੀਰਤ ਦੇ 4 ਸਵੱਈਏ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ। ਇਕ ਸਵੱਯਾ ਜੋ ਬਹੁਤ ਪ੍ਰਸਿੱਧ ਹੈ ਅਤੇ ਲੱਗਭੱਗ ਰੋਜ਼ ਸ੍ਰੀ ਦਰਬਾਰ ਸਾਹਿਬ ਰਾਗੀ ਸਿੰਘਾਂ ਵਲੋਂ ਜਾਂ ਅੰਮ੍ਰਿਤ ਵੇਲੇ ਪ੍ਰਕਾਸ਼ ਸਮੇਂ ਗਾਇਨ ਕੀਤਾ ਜਾਂਦਾ ਹੈ, ਇਹ ਹੈ –

*(i) ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ*
*ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥*
*ਮਾਯਾ ਮੋਹ ਭਰਮ ਪੈ ਭੂਲੇ*
*ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥*
*(ii) ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ*
*ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥*
*ਇਕ ਅਰਦਾਸਿ ਭਾਟ ਕੀਰਤਿ ਕੀ*
*ਗੁਰ ਰਾਮਦਾਸ ਰਾਖਹੁ ਸਰਣਾਈ ॥ ਅੰਗ – ੧੪੦੬*

ਅਰਥਾਤ – 1. ਅਸੀਂ ਅਉਗਣਾਂ ਨਾਲ ਭਰੇ ਹੋਏ ਹਾਂ, ਸਾਡੇ ਵਿਚ ਇਕ ਵੀ ਗੁਣ ਨਹੀਂ ਹੈ, ਅੰਮ੍ਰਿਤ ਰੂਪੀ ਨਾਮ ਨੂੰ ਛੱਡ ਕੇ ਅਸੀਂ ਨਿਰੀ ਵਿਸ਼ੇ ਵਿਕਾਰਾਂ ਦੀ) ਵਿਹੁ ਹੀ ਖਾਂਦੇ ਰਹਿੰਦੇ ਹਾਂ। ਮਾਇਆ ਦੇ ਮੋਹ ਅਤੇ ਭਰਮਾਂ ਵਿਚ ਪੈ ਕੇ ਅਸੀਂ ਜੀਵਨ ਰਾਹ ਤੋਂ ਭੁੱਲੇ ਹੋਏ ਹਾਂ ਅਤੇ ਪੁੱਤਰ ਇਸਤ੍ਰੀ ਦੇ ਪਿਆਰ ਵਿਚ ਰੁਝੇ ਹੋਏ ਹਾਂ।

2. ਅਸੀਂ ਸਤਿਗੁਰੂ ਜੀ ਦੀ ਸੰਗਤਿ ਵਾਲਾ ਉਤਮ ਰਾਹ ਸੁਣਿਆ ਹੈ ਜਿਸ ਤੇ ਚਲਿਆਂ ਜਮਾਂ ਦਾ ਡਰ ਮਿਟ ਜਾਂਦਾ ਹੈ। ਕੀਰਤ ਭੱਟ ਦੀ ਇਕੋ ਬੇਨਤੀ ਹੈ ਕਿ ਹੇ ਗੁਰੂ ਰਾਮਦਾਸ ਜੀ! ਆਪਣੀ ਸ਼ਰਨ ਵਿਚ ਰੱਖੋ ਜੀ।

ਸਲ੍ਹ ਭੱਟ ਦੇ ਕੇਵਲ ਦੋ ਸਵੱਯੇ ਹਨ। ਆਪ ਜੀ ਗੁਰੂ ਰਾਮਦਾਸ ਜੀ ਦੇ ਉਪਮਾ ਵਿਚ ਫੁਰਮਾਉਂਦੇ ਹਨ–

*ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥*
*ਗੁਰ ਰਾਮਦਾਸ ਸਚੁ ਸਲ੍ ਭਣਿ*
*ਤੂ ਅਟਲੁ ਰਾਜਿ ਅਭਗੁ ਦਲਿ ॥ ਅੰਗ – ੧੪੦੬*

ਅਰਥਾਤ – (ਗੁਰੂ ਰਾਮਦਾਸ ਜੀ) ਆਪ ਜੀ ਦੇ ਸਿਰ ਉਤੇ ਛੱਤਰ ਹੈ, ਆਪ ਜੀ ਦਾ ਤਖਤ ਸਦਾ–ਥਿਰ ਹੈ, ਆਪ ਰਾਜ ਅਤੇ ਜੋਗ ਦੋਵੇਂ ਮਾਣਦੇ ਹੋ, ਤੇ ਆਤਮ ਬਲੀ ਹੋ। ਹੇ ਕਲ੍ਹ ਕਵੀ! ਤੂੰ ਸੱਚ ਆਖ, ਹੇ ਗੁਰੂ ਰਾਮਦਾਸ ਜੀ! ਤੁਸੀਂ ਅਟੱਲ ਰਾਜ ਵਾਲੇ ਤੇ (ਦੈਵੀ–ਸਰੂਪ) ਨਾ ਨਾਸ਼ ਹੋਣ ਵਾਲੀ ਫੌਜ ਵਾਲੇ ਹੋ ਜੀ।

*(ਪੰਨਾ 10 ਦੀ ਬਾਕੀ)*

ਇਸਤ੍ਰੀ ਨੂੰ ਪ੍ਰਭੂ–ਪਤੀ ਦਾ ਮਿਲਾਪ ਪ੍ਰਾਪਤ ਹੋ ਗਿਆ (ਧਨ ਪਿਰ ਮੇਲੋ), ਹਿਰਦਾ ਰਸ ਭਰਪੂਰ ਹੋ ਗਿਆ, ਆਤਮਕ ਅਨੰਦ ਵਿਚ ਖਿੜ ਗਿਆ। ਜਿਵੇਂ ਤੇਲ ਮਿਲਣ ਤੇ ਦੀਵੇ ਦੀ ਰੌਸ਼ਨੀ ਵਧ ਜਾਂਦੀ ਹੈ, ਤਿਵੇਂ ਜੀਵ ਉਤਸ਼ਾਹ ਭਰਪੂਰ ਹੋ ਕੇ ਆਤਮਕ ਅਨੰਦ ਮਾਣਦਾ ਹੈ, ਵਿਗਸਦਾ ਹੈ (ਧਨ ਓਮਾਹੈ ਸਰਸੀ)

**ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥**
**ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥**

ਜਿਸ ਜੀਵ ਇਸਤ੍ਰੀ ਨੂੰ ਵਿਕਾਰਾਂ ਨੇ ਘੇਰਿਆ ਹੋਇਆ ਹੈ, ਵਿਕਾਰਾਂ ਨੇ ਮਾਰ ਮੁਕਾਇਆ ਹੈ, ਉਹ ਤਾਂ ਮੁਰਦਾ ਸਰੀਰ ਹੈ, ਉਹ ਆਤਮਕ ਤੌਰ ਤੇ ਮਰ ਚੁੱਕੀ ਹੈ (ਅਵਗਣ ਮਾਰੀ ਮਰੈ) ਉਹ ਜ਼ਿੰਦਗੀ ਦੇ ਰਹੱਸ ਨੂੰ ਜਾਣ ਨਹੀਂ ਸਕਦੀ, ਆਤਮਕ ਸੂਝ ਤੋਂ ਕੋਰੀ ਹੁੰਦੀ ਹੈ (ਨ ਸੀਝੈ), ਪਰ ਇਸ ਦੇ ਵਿਪਰੀਤ ਜਿਸ ਜੀਵ ਇਸਤ੍ਰੀ ਨੇ ਪ੍ਰਭੂ ਦੀ ਕ੍ਰਿਪਾ ਸਦਕਾ, ਉਤਮ ਸੰਸਕਾਰਾਂ ਸਦਕਾ, ਪ੍ਰਭੂ ਦੇ ਗੁਣਾਂ ਦੀ ਸਿਫਤ ਸਾਲਾਹ ਰਾਹੀਂ ਵਿਕਾਰਾਂ ਨੂੰ ਮਾਰ ਲਿਆ ਹੈ, ਉਹ ਵਿਕਾਰਾਂ ਤੋਂ ਬਚ ਨਿਕਲਦੀ ਹੈ ਤੇ ਪ੍ਰਭੂ ਮਿਲਾਪ ਦੇ ਯੋਗ ਹੋ ਜਾਂਦੀ ਹੈ (ਗੁਣਿ ਮਾਰੀ ਤਾ ਮਰਸੀ)

**ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ**
**ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ॥੧੨॥**

ਗੁਰੂ ਜੀ ਫੁਰਮਾਨ ਕਰਦੇ ਹਨ ਜਿਨ੍ਹਾਂ ਜੀਵਾਂ ਉਪਰ ਕ੍ਰਿਪਾ ਕਰਕੇ ਪ੍ਰਭੂ ਆਪਣੇ ਨਾਮ ਦੀ ਬਖਸ਼ਿਸ਼ ਕਰਦਾ ਹੈ, ਆਪਣੀ ਭਗਤੀ ਦਿੰਦਾ ਹੈ, ਉਹ ਵਿਕਾਰਾਂ ਵਲ ਨਹੀਂ ਭਟਕਦੇ, ਸਗੋਂ ਹਿਰਦੇ ਰੂਪੀ ਨਿਜ ਘਰ ਵਿਚ ਟਿਕੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਅੰਦਰ ਸਦਾ ਹੀ ਪ੍ਰਭੂ ਮਿਲਾਪ ਦੀ ਤਾਂਘ ਬਣੀ ਰਹਿੰਦੀ ਹੈ (ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ) ਉਹ ਸਦਾ ਇਹੀ ਜੋਦੜੀ ਕਰਦੇ ਹਨ ਕਿ ਸੱਚੇ ਪਾਤਸ਼ਾਹ, ਸਾਨੂੰ ਆਪਣਾ ਦੀਦਾਰ ਬਖਸ਼ਸ਼ ਕਰ, ਆਪਣਾ ਮਿਲਾਪ ਬਖਸ਼, ਸਾਨੂੰ ਆ ਮਿਲ (ਮਿਲਹੁ), ਸਾਡੇ ਅੰਦਰੋਂ ਵਿਛੋੜਾ ਪਾਣ ਵਾਲੇ ਦਰਵਾਜ਼ੇ ਦੇ ਕਿਵਾੜ ਖੋਲ੍ਹ ਦਿਉ (ਕਪਟ ਦਰ ਖੋਲਹੁ) ਤੈਥੋਂ ਹੋਇਆ ਵਿਛੋੜਾ ਬਰਦਾਸ਼ਤ ਤੋਂ ਬਾਹਰ ਹੈ। ਇਕ ਘੜੀ ਦਾ ਵਿਛੋੜਾ ਛੇ ਮਹੀਨੇ ਦਾ ਵਿਛੋੜਾ, ਜਾਪਦਾ ਹੈ (ਏਕ ਘੜੀ ਖਟੁ ਮਾਸਾ)। ਜਾਗਰੂਪ ਇਨਸਾਨ ਪ੍ਰਮਾਤਮਾ ਦੀ ਯਾਦ ਤੋਂ ਇਕ ਘੜੀ ਦਾ ਵਿਛੋੜਾ ਵੀ ਸਹਾਰ ਨਹੀਂ ਸਕਦਾ–

*ਆਖਾ ਜੀਵਾ ਵਿਸਰੈ ਮਰਿ ਜਾਉ॥ ਅੰਗ – ੯*

# ਗੁਰੂ ਗੋਬਿੰਦ ਸਿੰਘ ਰਚਿਤ - ਜ਼ਫ਼ਰਨਾਮਾ

*ਸ. ਨਿਰੰਜਨ ਸਿੰਘ ਨੂਰ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-55)*

### ਮੂਲ

**31. ਕਿ ਅਫ਼ਗਾਨਿ ਦੀਗਰ ਬਿਆਮਦ ਬਜੰਗ।**
**ਚੁ ਸੈਲਿ ਰਵਾਂ ਹਮਚੁ ਤੀਰੋ ਤੁਫ਼ੰਗ।**

ਅਰਥ - ਸੈਲਿ ਰਵਾਂ:ਹੜ੍ਹ, ਹਮਚੂ:ਵਾਂਗੂੰ, ਬਿਆਮਦ ਬਜੰਗ : ਲੜਾਈ ਲਈ ਆਇਆ

### ਅਨੁਵਾਦ

*ਤੇ ਇਕ ਖਾਨ ਰਣ ਵਿਚ ਇਉਂ ਨਿਤਰਿਆ*
*ਕੋਈ ਗੋਲੀ ਬੰਦੂਕੀ ਜਾਂ ਹੜ੍ਹ ਆ ਗਿਆ।*

ਫਿਰ ਇਕ ਹੋਰ ਪਠਾਣ ਰਣਭੂਮੀ ਵਿਚ ਤੇਜ਼ ਹੜ੍ਹ ਵਾਂਗ ਆਇਆ ਤੇ ਬੰਦੂਕ ਦੀ ਗੋਲੀ ਵਾਂਗ ਅੱਗੇ ਵਧਿਆ।

### ਮੂਲ

**32. ਬਸੇ ਹਮਲਹ ਕਰਦੰਦ ਬ ਮਰਦਾਨਗੀ।**
**ਹਮ ਅਜ਼ ਹੋਸ਼ਗੀ ਹਮ ਜ਼ਿ ਦੀਵਾਨਗੀ।**

ਅਰਥ - ਮਰਦਾਨਗੀ:ਬਹਾਦਰੀ, ਹੋਸ਼ਗੀ ; ਅਕਲਮੰਦੀ, ਦੀਵਾਨਗੀ:ਝੱਲਾਪਨ, ਬਸੇ ਹਮਲਾ:ਕਈ ਹਮਲੇ।

### ਅਨੁਵਾਦ

*ਉਹ ਮੁੜ ਮੁੜ ਕੇ ਹੱਲਾ ਕਰੇ ਇਸ ਤਰ੍ਹਾਂ,*
ਸਿਆਣਾ ਜਾਂ ਝੱਲਾ ਕਰੇ ਜਿਸ ਤਰ੍ਹਾਂ।

ਉਹਨੇ ਬਹਾਦਰੀ ਨਾਲ ਕਈ ਹੱਲੇ ਕੀਤੇ, ਕੁਝ ਸਿਆਣਪ ਨਾਲ ਤੇ ਕੁਝ ਝੱਲਪੁਣੇ ਅਧੀਨ।

### ਮੂਲ

**33. ਬਸੇ ਹਮਲਹ ਕਰਦੰਦ ਬਸੇ ਜ਼ਖ਼ਮ ਖ਼ੁਰਦ।**
**ਦੋ ਕਸ ਰਾ ਬਜਾਂਕੁਸ਼ਤ ਹਮ ਜਾਂ ਸਪੁਰਦ।**

ਅਰਥ - ਬਸੇ : ਕਈ, ਜ਼ਖਮ ਖੁਰਦ: ਜ਼ਖਮ ਖਾਧੇ, ਬਲਾਂ ਕੁਸ਼ਤ:ਜਾਨੋ ਮਾਰਿਆ, ਜਾਂ ਹਮ ਸਪੁਰਦ:ਆਪ ਵੀ ਜਾਨ ਦੇ ਦਿਤੀ।

### ਅਨੁਵਾਦ

*ਉਹ ਫੱਟ ਮਾਰਦਾ, ਖਾਵੰਦਾ ਖਰ ਗਿਆ,*
*ਤੇ ਦੋ ਮਾਰ ਕੇ ਆਪ ਵੀ ਮਰ ਗਿਆ।*

ਉਹਨੇ ਕਈ ਹਮਲੇ ਕੀਤੇ ਤੇ ਆਪ ਵੀ ਕਈ ਜ਼ਖਮ ਖਾਧੇ। ਅੰਤ ਉਹ ਦੋ ਜਣਿਆਂ ਨੂੰ ਮਾਰ ਕੇ ਆਪ ਵੀ ਮਾਰਿਆ ਗਿਆ।

**34. ਕਿ ਆਂ ਖ਼੍ਵਾਜਾ ਮਰਦੂਦ**
**ਜ਼ਿ ਸਾਯਹ ਦੀਵਾਰ।**
**ਬ ਮੈਦਾਂ ਨਿਆਮਦ ਬ ਮਰਦਾਨਹਵਾਰ।**

ਅਰਥ - ਖ਼੍ਵਾਜਾ: ਫੌਜੀ ਜਰਨੈਲ ਜੀਹਨੇ ਗੁਰੂ ਜੀ ਨੂੰ ਜਿਉਂਦੇ ਫੜ ਕੇ ਲਿਆਉਣ ਦੀ ਸੌਂਹ ਖਾਧੀ ਹੋਈ ਸੀ, ਮਰਦੂਦ:ਪਾਪੀ, ਲੁੱਚਾ, ਨਿਆਮਦ:ਨਾ ਆਇਆ, ਬ ਮਰਦਾਨਹਵਾਰ:ਬਹਾਦਰਾਂ ਵਾਂਗ

### ਅਨੁਵਾਦ

*ਤੇ ਬੁਜ਼ਦਿਲ ਸੀ ਸਰਦਾਰ ਇਸ ਫ਼ੌਜ ਦਾ,*
*ਜੋ ਦੀਵਾਰ ਦੇ ਉਹਲੇ ਲੁਕਿਆ ਰਿਹਾ।*

ਪਰ ਇਸ ਫੌਜ ਦਾ ਪਾਪੀ/ਕਾਇਰ ਜਰਨੈਲ ਗੜ੍ਹੀ ਦੀ ਦੀਵਾਰ ਦੇ ਓਹਲੇ ਹੀ ਰਿਹਾ ਤੇ ਬਹਾਦਰਾਂ ਵਾਂਗ ਮੈਦਾਨ ਵਿਚ ਸਾਮ੍ਹਣੇ ਨਾ ਆਇਆ।

### ਮੂਲ

**35. ਦਰੇਗਾ! ਅਗਰ ਰੂਇ ਊ ਦਦਿਮੇ।**
**ਬਯੱਕ ਤੀਰ ਲਾਚਾਰ ਬਖਸ਼ੀਦਮੇ।**

ਅਰਥ - ਦਰੇਗਾ:ਅਫਸੋਸ, ਰੂਇ ਊ: ਉਹਦਾ ਮੂੰਹ, ਦੀਦਮੇ: ਮੈਂ ਦੇਖਦਾ, ਬਖਸ਼ੀਦਮੇ:ਬਖਸ਼ ਦਿੰਦਾ

### ਅਨੁਵਾਦ

*ਹਾਂ, ਜੇ ਵੇਖ ਲੈਂਦਾ ਮੈਂ ਮੂੰਹ ਓਸਦਾ,*
*ਤਾਂ ਇਕ ਤੀਰ ਉਸ ਕਾਇਰ ਨੂੰ ਮਣਸਦਾ।*

ਅਫਸੋਸ ਹੈ ਕਿ ਮੈਂ ਉਹਦਾ ਮੂੰਹ ਨਾ ਵੇਖ ਸਕਿਆ ਨਹੀਂ ਤਾਂ ਉਹਨੂੰ ਇਕ ਤੀਰ ਜ਼ਰੂਰ ਬਖਸ਼ਦਾ।

### ਮੂਲ

**36. ਹਮਾਖ਼ਰ ਬਸੇ ਜ਼ਖਮਿ ਤੀਰੋ ਤੁਫ਼ੰਗ।**
**ਦੋ ਸੂਏ ਬਸੇ ਕੁਸ਼ਤਹ ਸ਼ੁਦ ਬੇਦਰੰਗ।**

ਅਰਥ - ਹਮਾਖ਼ਰ:ਆਖਰਕਾਰ, ਦੋ ਸੂਏ:ਦੋਨੋਂ ਪਾਸੀਂ, ਕੁਸ਼ਤਹ ਸ਼ੁਦ:ਮਾਰੇ ਗਏ, ਬੇਦਰੰਗ:ਥੋੜ੍ਹੇ ਚਿਰ ਵਿਚ

### ਅਨੁਵਾਦ

*ਦੋਪਾਸੀਂ ਕਈ ਮੌਤ ਨੇ ਢਾ ਲਏ,*
*ਬੰਦੂਕਾਂ ਤੇ ਤੀਰਾਂ ਜਿਵੇਂ ਖਾ ਲਏ।*

ਅੰਤ ਤੀਰਾਂ ਤੇ ਬੰਦੂਕਾਂ ਦੇ ਫੱਟ ਖਾ ਕੇ ਥੋੜ੍ਹੇ ਸਮੇਂ ਵਿਚ ਹੀ ਦੋਹਾਂ ਪਾਸਿਆਂ ਦੇ ਕਾਫੀ ਲੋਕ ਮਾਰੇ ਗਏ।

### ਮੂਲ

**37. ਬਸੇ ਬਾਰ ਬਾਰੀਦ ਤੀਰੋ ਤੁਫ਼ੰਗ।**
**ਜ਼ਮੀਂ ਗਸ਼ਤ ਹਮਚੂ ਗੁਲੇ ਲਾਲਹ ਰੰਗ।**

ਅਰਥ - ਬਸੇ ਬਾਰ: ਬਹੁਤੀ ਵਾਰੀ, ਬਾਰੀਦ:ਬਰਸੇ, ਜ਼ਮੀਂ ਗਸ਼ਤ:ਜ਼ਮੀਨ ਹੋ ਗਈ, ਗੁਲੇ ਲਾਲਹ ਰੰਗ: ਲਾਲ ਰੰਗ ਦਾ ਫੁੱਲ

### ਅਨੁਵਾਦ

*ਤੀਰਾਂ, ਗੋਲੀਆਂ ਕੀਤੀ ਵਾਛੜ ਇਵੇਂ,*
*ਧਰਤ ਨੇ ਲਈ ਸੁਰਖ ਚਾਦਰ ਜਿਵੇਂ।*

ਤੀਰਾਂ ਤੇ ਗੋਲੀਆਂ ਦੀ ਵਰਖਾ ਨਾਲ ਧਰਤੀ ਲਾਲੋ ਲਾਲ ਹੋ ਗਈ ਜਿਵੇਂ ਪੋਸਤ ਦਾ ਲਾਲ ਫੁੱਲ ਹੁੰਦਾ ਹੈ।

### ਮੂਲ

**38. ਸਰੋ ਪਾਏ ਅੰਬੋਹ ਚੰਦਾ ਸ਼ੁਦਹ।**
**ਕਿਹ ਮੈਦਾਂ ਪੁਰ ਅਜ਼ ਗਇਉ ਚੌਗਾਂ ਸ਼ੁਦਹ।**

ਅਰਥ - ਅੰਬੋਹ:ਢੇਰ, ਚੰਦਾਂ:ਏਨਾ, ਗੋਇ:ਗੇਂਦ, ਚੌਗਾਂ:ਖੂੰਡੀ, ਸ਼ੁਦਾਹ:ਹੋ ਗਿਆ

### ਅਨੁਵਾਦ

*ਬੜੇ ਖਿੱਲਰੇ ਅੰਗ ਬੇਜਾਨ ਇਓਂ,*
*ਖਿਦੋ ਖੂੰਡੀਆਂ ਭਰਿਆ ਮੈਦਾਨ ਜਿਓਂ।*

ਮੈਦਾਨ ਵਿਚ ਸਿਰਾਂ ਤੇ ਪੈਰਾਂ ਦਾ ਇਓਂ ਢੇਰ ਲੱਗ ਗਿਆ ਜਿਵੇਂ ਖੇਡ ਦਾ ਮੈਦਾਨ ਖਿਦੋ-ਖੂੰਡੀਆਂ ਨਾਲ ਭਰਿਆ ਹੋਵੇ।

### ਮੂਲ

**39. ਤਰੰਕਾਰਿ ਤੀਰੋ ਤਰੰਗਿ ਕਮਾਂ।**
**ਬਰਾਮਦ ਯਕੇ ਹਾ ਓ ਹੂ ਅਜ਼ ਜਹਾਂ।**

ਅਰਥ - ਤਰੰਕਾਰ:ਆਵਾਜ਼/ਟੁਣਕਾਰ, ਹਾ ਓ ਹੂ:ਹਾਹਾਕਰ, ਤਰੰਗ : ਆਵਾਜ਼, ਬਰਾਮਦ:ਬਾਹਰ ਆਈ।

### ਅਨੁਵਾਦ

*ਬੰਦੂਕਾਂ ਕਮਾਨਾਂ ਦਾ ਉਹ ਸ਼ੋਰ ਸੀ,*
*ਤ੍ਰਭੱਕੀ ਲੋਕਾਈ, ਦੁਹਾਈ ਮਚੀ।*

ਤੀਰਾਂ ਤੇ ਕਮਾਨਾਂ ਦੀ ਕੜ-ਕੜਾਹਟ ਨਾਲ ਲੋਕਾਂ ਵਿਚ ਸ਼ੋਰ ਮਚ ਗਿਆ।

### ਮੂਲ

**40. ਦਿਗਰ ਸ਼ੋਰਸਿ ਕੈਬਰਿ ਕੀਨਹ ਕੋਸ਼।**
**ਜ਼ਿ ਮਰਦਾਨਹ ਮਰਦਾਂ ਬਿਰੂੰ ਰਫ਼ਤ ਹੋਸ਼।**

ਅਰਥ - ਦਿਗਰ:ਫਿਰ, ਸ਼ੋਰਸ਼:ਸ਼ੋਰ, ਕੈਬਰ:ਬਰਛਾ, ਕੀਨਾ ਕੋਸ਼: ਬੁਰਿਆਈ ਤੇ ਤੁਲਿਆ ਹੋਇਆ, ਮਰਦਾਨਿ ਮਰਦਾਂ : ਬਹੁਤ ਬਹਾਦਰ, ਬਰੂੰ ਰਫ਼ਤ ਹੋਸ਼: ਹੋਸ਼ ਉਡ ਗਏ।

### ਅਨੁਵਾਦ

*ਤੇ ਬਰਛੇ ਗੁਸੈਲੇ ਵੀ ਹਾਬੜ ਗਏ,*
*ਕਿਆਮਤ ਮਚੀ, ਸੂਰਮੇ ਵੀ ਡਰੇ।*

ਫਿਰ ਕੀਨਾਖੋਰ ਮਾਰੂ ਬਰਛਿਆਂ ਨੇ ਐਸੀ ਗੜਬੜ ਮਚਾਈ ਕਿ ਵੱਡੇ-ਵੱਡੇ ਸੂਰਮਿਆਂ ਦੀ ਮਤ ਗਈ।

### ਮੂਲ

**41. ਹਮਾਖ਼ਰ ਚਿਹ ਮਰਦੀ ਕੁਨੱਦ ਕਾਰਜ਼ਾਰ।**
**ਕਿਹ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ।**

ਅਰਥ- ਮਰਦੀ:ਮਰਦਾਨਗੀ; ਹਮਾਖ਼ਰ:ਆਖਰਕਾਰ, ਕਾਰਜ਼ਾਰ:ਲੜਾਈ ਚਹਲ ਤਨ:ਚਾਲੀ ਬੰਦੇ, ਆਯਦਸ਼:ਚੜ੍ਹ ਆਏ।

### ਅਨੁਵਾਦ

*ਇਕੱਲੀ ਕਰੇਂਦੀ ਕੀ ਮਰਦਾਨਗੀ।*
*ਪਏ ਚਾਲੀਆਂ ਨੂੰ ਬੇਹੱਦ ਧਾੜਵੀ।*

ਆਖਰ ਲੜਾਈ ਵਿਚ ਇਕੱਲੀ ਬਹਾਦਰੀ ਕੀ ਕਰਦੀ ਜਦ ਕਿ ਚਾਲੀ ਸੂਰਮਿਆਂ ਉਤੇ ਬੇਸ਼ੁਮਾਰ ਫੌਜ ਟੁੱਟ ਪਈ।

### ਮੂਲ

**42. ਚਰਾਗਿ ਜਹਾਂ ਚੂੰ ਸ਼ੁਦਹ ਬੁਰੱਕਾਪੋਸ਼।**
**ਸ਼ਹੇ ਸ਼ਬ ਬਰਾਮਦ ਹਮਹ ਜਲਵਹ ਜੋਸ਼।**

ਅਰਥ - ਚਰਾਗਿ ਜਹਾਂ : ਸੂਰਜ, ਬੁਰਕਾਪੋਸ਼, ਲੁਕ ਗਿਆ, ਸ਼ਹੇ ਸ਼ਬ : ਚੰਦ

### ਅਨੁਵਾਦ

*ਵਿਸ਼ਵ-ਦੀਪ ਸੁੱਤਾ ਜਿਉਂ ਮਹਿਬੂਬ ਸੀ,*
*ਤੇ ਰਜਨੀ ਦੇ ਸ਼ਾਹ ਦਾ ਜਲੌ ਖੂਬ ਸੀ।*

ਜਦੋਂ ਸੰਸਾਰ ਦੇ ਚਿਰਾਗ (ਸੂਰਜ) ਨੇ ਮੂੰਹ ਢਕ ਲਿਆ ਤਾਂ ਰਾਤ ਦਾ ਰਾਜਾ (ਚੰਦ) ਪੂਰੇ ਜਲੌ ਨਾਲ ਨਿਕਲਿਆ।

*'ਚਲਦਾ........।'*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-60)*

**ਸਿਰੀਰਾਗੁ ਮਹਲਾ ੧**
**ਮਰਣੈ ਕੀ ਚਿੰਤਾ ਨਹੀ;**
**ਜੀਵਣ ਕੀ ਨਹੀ ਆਸ॥**

ਉਨ੍ਹਾਂ ਗੁਰਮੁਖਾਂ ਨੂੰ ਫਿਰ ਮੌਤ ਦੀ ਕੋਈ ਚਿੰਤਾ ਨਹੀਂ ਹੁੰਦੀ ਜਿਵੇਂ ਆਮ ਸੰਸਾਰੀ ਜੀਵਾਂ ਨੂੰ ਹੈ ਕਿ ਕਿਤੇ ਹੁਣੇ ਨਾ ਮਰ ਜਾਈਏ, ਅਜੇ ਤਾਂ ਧਉਲੇ ਵੀ ਨਹੀਂ ਆਏ। ਕਿਉਂਕਿ ਉਹ ਤਾਂ ਪਹਿਲਾਂ ਹੀ ਆਪਾ ਭਾਵ ਨੂੰ ਮਾਰ ਚੁੱਕੇ ਹਨ। ਦੇਹ ਦੀ ਹੰਗਤਾ ਮਮਤਾ ਤੋਂ ਮੁਕਤ ਹੋ ਗਏ ਹਨ ਅਤੇ ਜੀਵਨ ਦੀ ਆਸਾ ਵੀ ਨਹੀਂ ਰੱਖੀ ਹੈ। ਉਹ ਮਹਾਂਪੁਰਖ ਤਾਂ ਇੱਛਾਵਾਂ ਤੋਂ ਨਿਰਾਸ਼ੇ ਹੋ ਗਏ ਹਨ ਭਾਵ ਮੁਕਤ ਹੋ ਗਏ ਹਨ। ਉਹ ਤਾਂ ਜੀਵਨ ਮਰਨ ਨੂੰ ਇੱਕੋ ਜਿਹਾ ਜਾਣਦੇ ਹਨ। ਜੈਸਾ ਕਿ -

*ਜੀਵਣ ਮਰਣੁ ਕੋ ਸਮਸਰਿ ਵੇਖੈ॥*
*ਬਹੁੜਿ ਨ ਮਰੈ ਨਾ ਜਮੁ ਪੇਖੈ॥* *ਅੰਗ - ੭੯੮*

**ਤੂ ਸਰਬ ਜੀਆ ਪ੍ਰਤਿਪਾਲਹੀ;**
**ਲੇਖੈ ਸਾਸ ਗਿਰਾਸ॥**

ਉਹ ਨਿਸਚੇ ਨਾਲ ਆਖਦੇ ਹਨ ਕਿ ਹੇ ਪ੍ਰਭੂ! ਤੂੰ ਸਰਬ=ਸਾਰੇ ਜੀਵਾਂ ਦੀ ਪ੍ਰਤਿਪਾਲਣਾ ਕਰਨ ਵਾਲਾ ਹੈਂ। ਜੈਸਾ ਕਿ -

*ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ ॥* *ਅੰਗ - ੬੭੩*
*ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ*
*ਕਾਹੇ ਮਨ ਭਉ ਕਰਿਆ॥* *ਅੰਗ - ੧੦*

ਜੀਵ ਜਿੰਨੇ ਵੀ ਸੁਆਸ ਲੈ ਰਹੇ ਹਨ ਤੇ ਜਿੰਨੇ ਵੀ ਗਿਰਾਸ=ਗਿਰਾਹੀਆਂ ਭੋਜਨ ਖਾ ਰਹੇ ਹਨ, ਉਹ ਸਭ ਉਸ ਦੇ ਲੇਖੈ=ਹਿਸਾਬ 'ਚ ਹਨ।

**ਅੰਤਰਿ ਗੁਰਮੁਖਿ ਤੂ ਵਸਹਿ;**
**ਜਿਉ ਭਾਵੈ ਤਿਉ ਨਿਰਜਾਸਿ॥੧॥**

ਹੇ ਪ੍ਰਭੂ ਜੀ! ਗੁਰਮੁਖਾਂ ਦੇ ਹਿਰਦੇ ਅੰਤਰਿ-ਅੰਦਰ ਤਾਂ ਤੂ=ਤੁਸੀਂ ਆਪ ਵਸਹਿ=ਵਸਦੇ ਹੋ। ਉਹ ਹੱਡ ਚੰਮ ਦੇ ਸਰੀਰ ਨੂੰ ਆਪਣਾ ਆਪ ਨਹੀਂ ਮੰਨਦੇ ਬਲਕਿ ਤੇਰੀ ਜੋਤ ਸਰੂਪ ਨੂੰ ਮੰਨਦੇ ਹਨ। ਜਿਉ=ਜਿਵੇਂ ਆਪ ਨੂੰ ਭਾਵੈ=ਭਾਉਂਦਾ ਹੈ, ਤਿਉਂ=ਤਿਵੇਂ ਹੀ ਨਿਰਜਾਸਿ=ਨਿਰਣੇ ਕਰਦੇ ਹੋ ਅਥਵਾ ਜਿਵੇਂ ਆਪ ਜੀ ਨੂੰ ਭਾਉਂਦਾ ਹੈ, ਗੁਰਮੁਖਾਂ ਨੇ ਉਵੇਂ ਹੀ ਨਿਰਜਾਸਿ=ਨਿਰਣਾ ਜਾਣ ਲਿਆ ਹੈ ਅਰਥਾਤ ਆਪਣੀ ਸਲਾਹ ਜਾਂ ਇੱਛਾ ਛੱਡ ਦਿਤੀ ਹੈ।

**ਜੀਅਰੇ; ਰਾਮ ਜਪਤ ਮਨੁ ਮਾਨੁ॥**

ਉਹ ਗੁਰਮੁਖ ਜਨ ਆਪਣੇ ਆਪ ਨੂੰ ਗਿਆਨ ਕਰਾਉਂਦੇ ਇਉਂ ਕਹਿੰਦੇ ਹਨ ਕਿ ਜੀਅਰੇ=ਹੇ ਜੀਵ! ਪਰਮੇਸ਼ਰ ਦਾ ਨਾਮ ਜਪਿਆ ਕਰ ਤਾਂ ਵਾਹਿਗੁਰੂ ਵਿਚ ਤੇਰਾ ਮਨ ਮੰਨ ਜਾਵੇਗਾ। ਭਾਵ ਨਾਮ ਸਿਮਰਨ ਤੋਂ ਬਿਨਾਂ ਮਨ ਮੰਨਦਾ ਨਹੀਂ ਹੈ। ਤੇ ਉਹ ਆਪਣੇ ਸੰਕਲਪਾਂ ਵਿਕਲਪਾਂ ਜਾਂ ਦਲੀਲਾਂ ਨੂੰ ਛੱਡਦਾ ਨਹੀਂ ਤੇ ਇਕਾਗਰ ਨਹੀਂ ਹੁੰਦਾ। ਇਕਾਗਰਤਾ ਬਿਨਾਂ ਅਨੰਦ ਦੀ ਪ੍ਰਾਪਤੀ ਨਹੀਂ ਹੁੰਦੀ ਜਿਵੇਂ ਪਾਣੀ ਦੇ ਟਿਕਣ ਤੋਂ ਬਿਨਾਂ ਪ੍ਰਤੀਬਿੰਬ ਨਹੀਂ ਹੁੰਦਾ।

**ਅੰਤਰਿ ਲਾਗੀ ਜਲਿ ਬੁਝੀ;**
**ਪਾਇਆ ਗੁਰਮੁਖਿ ਗਿਆਨੁ॥1॥ਰਹਾਉ॥**

ਮਨ ਦੇ ਅੰਦਰ ਜੋ ਪਦਾਰਥਾਂ ਦੀ ਪ੍ਰਾਪਤੀ ਤੇ ਵਿਸ਼ੇ-ਵਿਕਾਰਾਂ ਦੀ ਤ੍ਰਿਸ਼ਨਾ ਰੂਪੀ ਅਗਨੀ ਲਾਗੀ=ਲੱਗੀ ਹੋਈ ਸੀ, ਉਹ ਨਾਮ ਰੂਪੀ ਜਲ ਦੁਆਰਾ ਬੁਝ ਗਈ ਹੈ। ਜਦੋਂ ਗੁਰਮੁਖਿ=ਮੁਖੀ ਗੁਰਾਂ ਦੁਆਰਾ ਗਿਆਨ ਪਾਇਆ=ਪ੍ਰਾਪਤ ਹੁੰਦਾ ਹੈ, ਭਾਵ ਗੁਰਾਂ ਤੋਂ ਨਾਮ ਤੇ ਗਿਆਨ ਦੀ ਦਾਤ ਪ੍ਰਾਪਤ ਕਰਕੇ ਸਾਰੀ ਤ੍ਰਿਸ਼ਨਾ ਅਗਨੀ ਬੁਝ ਜਾਂਦੀ ਹੈ। ਰਹਾਉ।

**ਅੰਤਰ ਕੀ ਗਤਿ ਜਾਣੀਐ;**
**ਗੁਰ ਮਿਲੀਐ ਸੰਕ ਉਤਾਰਿ॥**

ਜਦੋਂ ਸੰਕ=ਸ਼ੰਕਾ ਉਤਾਰਿ=ਲਾਹ ਭਾਵ ਦੂਰ ਕਰਕੇ ਗੁਰ=ਸਤਿਗੁਰਾਂ ਨੂੰ ਮਿਲਿਐ=ਮਿਲ ਪਈਏ ਤਾਂ ਆਪਣੇ ਅੰਤਰ=ਅੰਦਰ ਕੀ=ਦੀ ਗਤਿ=ਹਾਲਤ ਨੂੰ ਜਾਣੀਐ=ਸਮਝ ਲਈਦਾ ਹੈ ਅਥਵਾ ਅੰਤਰ=ਅੰਦਰ ਦੀ ਗਤਿ=ਹਾਲਤ ਵਾ: ਅਵਸਥਾ ਨੂੰ ਜਾਣ ਲਈਦਾ ਹੈ ਕਿ ਇਸ ਸਰੀਰ ਅੰਦਰ ਕੀ ਹੈ, ਭਾਵ ਫਿਰ ਮਿਥਿਆ ਸਰੀਰ ਦਾ ਹੰਕਾਰ ਨਹੀਂ ਕਰਦਾ। ਉਹ ਜਾਣ ਲੈਂਦਾ ਹੈ ਕਿ ਇਸ ਵਿਚ ਹੱਡ, ਮਾਸ, ਲਹੂ, ਨਾੜੀਆਂ, ਮਿੱਝ ਤੇ ਗੰਦਗੀ ਆਦਿ ਹੀ ਹੈ। ਜੈਸਾ ਕਿ -

*ਬਿਸਟਾ ਅਸਤ ਰਕਤੁ ਪਰੇਟੇ ਚਾਮ॥*
*ਇਸੁ ਉਪਰਿ ਲੇ ਰਾਖਿਓ ਗੁਮਾਨ॥* *ਅੰਗ - ੩੭੪*
*ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥*
*ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥*
*ਅੰਗ - ੬੫੯*

ਅਥਵਾ ਉਹ ਪਰਮਾਤਮਾ ਮਨ ਅੰਦਰ ਦੀ ਗਤਿ=ਹਾਲਤ ਜਾਂ ਭੇਦ ਨੂੰ ਜਾਣਦਾ ਹੈ, ਭਾਵ ਉਹ ਅੰਤਰਜਾਮੀ ਹੈ। ਜੈਸਾ ਕਿ -

**ਬਿਨੁ ਬਕਨੇ ਬਿਨੁ ਕਹਨ ਕਹਾਵਨ ਅੰਤਰਜਾਮੀ ਜਾਨੈ ॥**

*ਘਟ ਘਟ ਕੇ ਅੰਤਰ ਕੀ ਜਾਨਤ।*
*ਭਲੇ ਬੁਰੇ ਕੀ ਪੀਰ ਪਛਾਨਤ॥*

*(ਸ੍ਰੀ ਦਸਮ ਗ੍ਰੰਥ, ਪੰਨਾ ੧੩੮੭)*

**ਮੁਇਆ ਜਿਤੁ ਘਰਿ ਜਾਈਐ; ਤਿਤੁ ਜੀਵਦਿਆ ਮਰੁ ਮਾਰਿ ॥**

ਮੁਇਆ=ਮਰ ਕੇ ਜਿਤੁ=ਜਿਸ ਪ੍ਰਲੋਕ ਰੂਪੀ ਘਰ ਵਿਚ ਜਾਈਐ=ਜਾਈਦਾ ਹੈ, ਤਿਤੁ=ਉਸ ਘਰ ਵਿਚ ਜਾਣਾ ਤਾ ਸਫਲਾ ਹੈ ਜੇਕਰ ਜੀਵਦਿਆ=ਜਿਉਂਦਿਆਂ ਹੀ ਮਾਰਿ=ਕਾਮ ਆਦਿਕਾਂ ਨੂੰ ਮਰੁ=ਮਾਰ ਜਾਣਾ ਕਰੇ, ਭਾਵ ਜਿਵੇਂ ਮਰ ਕੇ ਸਾਰੇ ਵਿਕਾਰ, ਵੈਰ, ਵਿਰੋਧ, ਨਿੰਦਾ ਤੇ ਝਗੜੇ ਛੁੱਟ ਜਾਂਦੇ ਹਨ, ਉਵੇਂ ਜਿਉਂਦਿਆਂ ਹੀ ਆਪਣੇ ਆਪ ਨੂੰ ਮਰਿਆ ਸਮਝੇ। ਇਸ ਪ੍ਰਕਾਰ ਕਾਮਾਦਿਕਾਂ ਨੂੰ ਜਿਉਂਦਿਆਂ ਹੀ ਸਾਧਨਾ ਕਰੇ ਵਾ: ਜਿਉਂਦਿਆਂ ਹੀ ਮਨ ਨੂੰ ਮਾਰਨਾ ਕਰੇ।

**ਅਨਹਦ ਸਬਦਿ ਸੁਹਾਵਣੇ; ਪਾਈਐ ਗੁਰ ਵੀਚਾਰਿ ॥੨॥**

ਇਸ ਪ੍ਰਕਾਰ ਚਿਤ ਬਿਰਤੀ ਇਕਾਗਰ ਕਰੋਗੇ ਤਾਂ ਅਨਹਦ=ਇਕ ਰਸ ਜੋ ਗੁਰੂ ਦੇ ਸ਼ਬਦ ਸੁਹਾਵਣੇ=ਸ਼ੋਭਨੀਕ ਹਨ ਵਾ: ਅਨਹਦ=ਹੱਦ ਤੋਂ ਰਹਿਤ ਜੋ ਗੁਰ-ਸ਼ਬਦ ਸ਼ੋਭਨੀਕ ਹਨ, ਉਨ੍ਹਾਂ ਦੀ ਦਾਤ ਗੁਰੂ ਸਾਹਿਬ ਦੀ ਵੀਚਾਰ ਦੁਆਰਾ ਪ੍ਰਾਪਤ ਕਰੋਗੇ।

ਅਨਹਦ ਬਾਣੀ ਪਾਈਐ; ਤਹ ਹਉਮੈ ਹੋਇ ਬਿਨਾਸੁ॥ ਅਨਹਦ=ਜੋ ਹੱਦ ਤੋਂ ਰਹਿਤ ਪਰਮੇਸ਼ਰ ਹੈ, ਉਸ ਦੀ ਵਿਸਮਾਦਮਈ ਬਾਣੀ ਨੂੰ ਪਾਈਦਾ ਹੈ ਅਤੇ ਤਹ=ਉਸ ਹਿਰਦੇ ਵਿਚੋਂ ਹਉਮੈ=ਹੰਗਤਾ ਦਾ ਵਿਨਾਸ ਹੋ ਜਾਂਦਾ ਹੈ, ਭਾਵ ਹਿਰਦੇ 'ਚੋਂ ਹਉਮੈ ਹਵਾ 'ਚ ਰੱਖੇ ਮੁਸ਼ਕ ਕਪੂਰ ਵਾਂਗੂੰ ਖਤਮ ਹੋ ਜਾਂਦੀ ਹੈ। ਜਿਥੇ ਵਾਹਿਗੁਰੂ ਮੰਤ੍ਰ ਦਾ ਵਾਸਾ ਹੋਵੇ, ਉਥੇ ਹਉਮੈ ਨਹੀਂ ਠਹਿਰਦੀ।

**ਸਤਗੁਰੁ ਸੇਵੇ ਆਪਣਾ; ਹਉ ਸਦ ਕੁਰਬਾਣੈ ਤਾਸੁ ॥**

ਜੋ ਆਪਣੇ ਸਤਿਗੁਰੂ ਜੀ ਨੂੰ ਸੇਂਵਦੇ ਹਨ, ਭਾਵ ਆਪਣਾ ਪਿਆਰਾ ਜਾਣ ਕੇ, ਪਿਤਾ ਦੀ ਨਿਆਈਂ ਪੂਜਨੀਕ ਜਾਣ ਕੇ ਜਾਂ ਆਤਮਾ ਰੂਪ ਜਾਣ ਕੇ ਮੰਨਦੇ ਹਨ, ਹਉ=ਮੈਂ ਤਾਸੁ=ਉਨ੍ਹਾਂ ਤੋਂ ਸਦ=ਸੈਂਕੜੇ ਵਾਰੀ ਜਾਂ ਸਦਾ ਹੀ ਕੁਰਬਾਣੈ=ਬਲਿਹਾਰ ਜਾਂਦਾ ਹਾਂ।

**ਖੜਿ ਦਰਗਹ ਪੈਨਾਈਐ; ਮੁਖਿ ਹਰਿ ਨਾਮ ਨਿਵਾਸੁ ॥3॥**

ਉਨ੍ਹਾਂ ਦੇ ਦਰਗਹ ਵਿਚ ਖੜਿ=ਲਿਜਾ ਕੇ ਜੱਸ ਰੂਪੀ ਪੁਸ਼ਾਕ ਪੈਨਾਈਐ=ਪਹਿਨਾਈ ਜਾਂਦੀ ਹੈ। ਜਿਨ੍ਹਾਂ ਦੇ ਮੁਖਿ=ਮੁਖ ਵਿਚ ਹਰਿ ਪਰਮੇਸ਼ਰ ਦੇ ਨਾਮ ਦਾ ਨਿਵਾਸੁ=ਵਾਸਾ ਹੈ ਵਾ: ਜਿਨ੍ਹਾਂ ਦੇ ਅੰਤਹਕਰਣ 'ਚ ਨਾਮ ਦਾ ਨਿਵਾਸੁ=ਵਾਸਾ ਹੈ।

**ਜਹ ਦੇਖਾ ਤਹ ਰਵਿ ਰਹੇ; ਸਿਵ ਸਕਤੀ ਕਾ ਮੇਲੁ ॥**

ਜਹ=ਜਿਥੇ ਵੀ ਦੇਖੀਦਾ ਹੈ, ਤਹ=ਉਥੇ ਸੰਸਾਰ ਦੇ ਸਾਰੇ ਲੋਕ ਮਾਇਆ ਵਿਚ ਹੀ ਰਵਿ ਰਹੇ=ਰਮੇ ਹੋਏ ਹਨ, ਭਾਵ ਫਸੇ ਹੋਏ ਹਨ, ਉਥੇ ਸਭ ਜਗ੍ਹਾ ਸਿਵ=ਪੁਰਖ ਅਤੇ ਸਕਤੀ=ਮਾਇਆ ਦਾ ਮੇਲ ਹੈ, ਭਾਵ ਕੋਈ ਕਾਮਨਾ ਵਸ ਸ਼ਿਵ ਦੀ ਉਪਾਸਨਾ ਕਰਦੇ ਹਨ ਤੇ ਕੋਈ ਮਾਇਆ ਵਾਸਤੇ ਦੇਵੀਆਂ ਦੀ ਪੂਜਾ ਕਰਦੇ ਹਨ।

**ਤ੍ਰਿਹੁ ਗੁਣ ਬੰਧੀ ਦੇਹੁਰੀ; ਜੋ ਆਇਆ ਜਗਿ ਸੋ ਖੇਲੁ ॥**

ਇਹ ਜੋ ਦੇਹੁਰੀ=ਦੇਹ ਮਾਇਆ ਦੇ ਤ੍ਰਿਹੁ=ਤਿੰਨਾਂ ਗੁਣਾਂ (ਰਜ, ਤਮ, ਸਤ) ਕਰਕੇ ਬੰਧੀ=ਬਣੀ ਹੋਈ ਹੈ ਵਾ: ਜੋ ਦੇਹੁਰੀ=ਬੁੱਧੀ ਹੈ। ਤ੍ਰਿਹੁ ਗੁਣ=ਮਾਇਆ ਦੇ ਤਿੰਨਾਂ ਗੁਣਾਂ ਦੀ ਉਪਾਸਨਾ ਵਿਚ, ਜੋ ਵੀ ਸੰਸਾਰ 'ਚ ਆਇਆ ਹੈ, ਸੋ=ਉਹ ਖੇਲੁ=ਖੇਡ ਮਾਤਰ ਹੀ ਹੈ, ਭਾਵ ਕਿਸੇ ਨੇ ਵੀ ਦੁਨੀਆਂ 'ਚ ਸਦਾ ਕਾਇਮ ਨਹੀਂ ਰਹਿਣਾ।

**ਵਿਜੋਗੀ ਦੁਖਿ ਵਿਛੁੜੇ; ਮਨਮੁਖਿ ਲਹਹਿ ਨ ਮੇਲੁ ॥੪॥**

ਪਰਮਾਤਮਾ ਤੋਂ ਵਿਛੁੜੇ=ਭੁੱਲਿਆਂ ਹੋਇਆਂ ਦੀ ਸੰਗਤ ਕਰਨ ਵਾਲੇ ਵਾਹਿਗੁਰੂ ਤੋਂ ਵਿਜੋਗੀ=ਵਿਛੜਣ ਕਰਕੇ ਦੁਖਿ=ਕਸ਼ਟ ਸਹਾਰਦੇ ਹਨ ਵਾ: ਜਿਹੜੇ ਵਿਜੋਗੀ=ਵਿਛੋੜਾ ਪਾਉਣ ਵਾਲੇ ਕਾਮ ਆਦਿਕਾਂ ਨਾਲ ਮਿਲ ਕੇ ਰਹਿੰਦੇ ਹਨ। ਉਨ੍ਹਾਂ ਨੂੰ ਜੰਮਣ ਮਰਣ ਦਾ ਦੁਖ ਬਣਿਆ ਰਹਿੰਦਾ ਹੈ ਅਤੇ ਵਾਹਿਗੁਰੂ ਦੇ ਸਰੂਪ ਨਾਲੋਂ ਵਿਛੜੇ ਰਹਿੰਦੇ ਹਨ। ਜਿਨ੍ਹਾਂ ਨੇ ਮਨਮੁਖਿ=ਮਨ ਨੂੰ ਮੁਖ ਬਣਾਇਆ ਹੋਇਆ ਹੈ, ਉਹ ਸਰੂਪ ਦੇ ਮਿਲਾਪ ਦੀ ਪ੍ਰਾਪਤੀ ਨਹੀਂ ਕਰ ਸਕਦੇ।

**ਮਨੁ ਬੈਰਾਗੀ ਘਰਿ ਵਸੈ; ਸਚ ਭੈ ਰਾਤਾ ਹੋਇ ॥**

ਜਿਹੜਾ ਮਨ ਬੈਰਾਗੀ ਪੁਰਸ਼ ਦੀ ਨਿਆਈਂ ਭ੍ਰਮਦਾ ਰਹਿੰਦਾ ਹੈ, ਉਹ ਹਿਰਦੇ ਰੂਪੀ ਘਰ ਵਿਚ ਜਾਂ ਸੱਚ ਸਰੂਪ ਰੂਪੀ ਘਰ ਵਿਚ ਉਦੋਂ ਹੀ ਠਹਿਰਦਾ ਹੈ ਜਦੋਂ ਸੱਚ=ਸੱਚੇ ਦੇ ਭੈ ਵਿਚ ਰਾਤਾ=ਰੰਗਿਆ ਹੋਵੇ, ਭਾਵ ਸੱਚੇ ਪ੍ਰਭੂ ਦੇ ਭੈ ਵਿਚ

*(ਬਾਕੀ ਪੰਨਾ 63 'ਤੇ)*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

***(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-62)***

### ਆਸਨ ਤੇ ਪ੍ਰਾਣਾਯਾਮ

ਰਾਜ ਯੋਗ ਦੀ ਪੌੜੀ ਦਾ ਤੀਸਰਾ ਡੰਡਾ ਹੈ ਆਸਨ ਜਾਂ ਕਹਿ ਲਓ ਬੈਠਣ ਦਾ ਤਰੀਕਾ। ਰਾਜ ਯੋਗ ਵਿਚ ਦੋ ਤਰ੍ਹਾਂ ਦੇ ਆਸਨ ਹਨ ਇਕ ਸਰੀਰਕ, ਦੂਸਰੇ ਮਾਨਸਿਕ ਮੈਡੀਟੇਸ਼ਨ ਕਰਨ ਦੇ। ਸਿੱਖਣ ਵਾਲਾ ਮੈਡੀਟੇਸ਼ਨ ਲਈ ਇਕ ਸਿੱਧੇ ਆਸਨ, ਜੋ ਕਿ ਅਰਾਮ ਦੇਹ ਹੋਵੇ, ਸਥਿਰ ਰਹਿਣ ਵਾਲਾ ਹੋਵੇ, ਉਸ ਨਾਲ ਸ਼ੁਰੂ ਕਰਦਾ ਹੈ। ਬਾਈਬਲ ਵਿਚ ਵੀ ਇਸ ਬਾਰੇ ਦਸਿਆ ਗਿਆ ਹੈ, ਬਿਲਕੁਲ ਸ਼ਾਂਤ ਬੇਜਾਨ ਹੋ ਕੇ ਬੈਠੋ ਤੇ ਸਮਝੋ ਤੁਸੀਂ ਰੱਬ ਹੋ। ਮੈਂ ਬਹੁਤ ਸਾਰੇ ਈਸਾਈ ਮੱਠਾਂ ਵਿਚ ਗਿਆ ਹਾਂ ਬਹੁਤ ਸਾਰਿਆਂ ਵਿਚ, ਉਹ ਮੈਡੀਟੇਸ਼ਨ ਬਾਰੇ ਜਾਣਦੇ ਹੀ ਨਹੀਂ, ਮੈਡੀਟੇਸ਼ਨ ਦਾ ਤਰੀਕਾ ਹੀ ਨਹੀਂ ਜਾਣਦੇ। ਪਰ ਬਾਈਬਲ ਵਿਚ ਬੜਾ ਸਪਸ਼ਟ ਲਿਖਿਆ ਹੋਇਆ ਹੈ ਕਿ ਜਗਿਆਸੂ ਨੂੰ ਪਹਿਲਾਂ ਸ਼ਾਂਤ ਹੋ ਕੇ ਸਥਿਰ ਹੋ ਕੇ ਬੈਠਣਾ ਸਿਖਣਾ ਚਾਹੀਦਾ ਹੈ।

ਪ੍ਰਾਣਾਯਾਮ ਜਾਂ ਕਹਿ ਲਓ ਸਵਾਸਾਂ ਦਾ ਕੰਟਰੋਲ ਅਗਲਾ ਡੰਡਾ ਹੈ। ਇਕ ਵਾਰੀ ਜਦੋਂ ਜਗਿਆਸੂ ਆਪਣੇ ਆਪ ਤੇ ਆਪੇ ਨੂੰ ਸੋਧਣ ਲਗਦਾ ਹੈ, ਉਸ ਦੀ ਚੇਤਨਾ ਅੰਤਰਮੁਖੀ ਹੋ ਜਾਂਦੀ ਹੈ। ਉਹ ਸੁਆਸਾਂ ਪ੍ਰਤੀ ਚੇਤਨ ਹੋ ਜਾਂਦਾ ਹੈ। ਸੁਆਸਾਂ ਦੀ ਸਿਖਿਆ, ਸੁਆਸਾਂ ਬਾਰੇ ਜਾਨਣਾ ਬਹੁਤ ਹੀ ਰੌਚਕ ਹੈ। ਭਗਵਤ ਗੀਤਾ ਵਿਚ ਲਿਖਿਆ ਹੈ ਕਿ ਸਾਡੇ ਜੀਵਨ ਦੇ ਦੋ ਦੁਆਰਪਾਲ ਹਨ, ਉਹ ਹਨ ਸੁਆਸ ਅੰਦਰ ਲੈਣਾ, ਸੁਆਸ ਬਾਹਰ ਕੱਢਣਾ, ਇਹ ਮਨ ਅਤੇ ਸਰੀਰ ਦੇ ਵਿਚ ਸੇਤੂ ਹਨ। ਜਦੋਂ ਤਕ ਇਹ ਕੰਮ ਕਰਦੇ ਹਨ, ਜੀਵਨ ਚਲਦਾ ਹੈ, ਜਦੋਂ ਇਹ ਕੰਮ ਕਰਨਾ ਬੰਦ ਕਰ ਦਿੰਦੇ ਹਨ, ਉਹ ਮੌਤ ਹੈ, ਮਰਨਾ ਹੈ। ਗਿਆਨੀ ਉਹ ਹੈ ਜਿਹੜਾ ਜੀਵਨ ਰਹੱਸ ਜਾਣਦਾ ਹੈ, ਸਮਝਦਾ ਹੈ, ਏਥੇ ਵੀ ਸਮਝਦਾ ਹੈ, ਅੱਗੇ ਵੀ ਜਾਣਦਾ ਹੈ।

ਜਦੋਂ ਤੁਸੀਂ ਸਵਾਸਾਂ ਬਾਰੇ ਜਾਨਣਾ ਸ਼ੁਰੂ ਕਰਦੇ ਹੋ, ਸੁਆਸਾਂ ਦੀ ਕਸਰਤ ਕਰਕੇ ਹੀ ਨਹੀਂ, ਜਦੋਂ ਤੁਸੀਂ ਚੇਤਨ ਹੋ ਜਾਂਦੇ ਹੋ, ਸੁਆਸਾਂ ਬਾਰੇ ਜਾਣ ਜਾਂਦੇ ਹੋ, ਤੁਸੀਂ ਸੋਚਦੇ ਹੋ, ਇਹ ਜੀਵਨ ਦਾਨ ਮੈਨੂੰ ਕੌਣ ਦੇ ਰਿਹਾ ਹੈ। ਕੇਵਲ ਇਕ ਹੀ ਕੇਂਦਰ ਹੈ ਜਿਹੜਾ ਇਹ ਦੇ ਰਿਹਾ ਹੈ, ਜੀਵਨ ਦਾਨ ਦੇ ਰਿਹਾ ਹੈ, ਸਾਰਿਆਂ ਨੂੰ ਦੇ ਰਿਹਾ ਹੈ। ਜਦੋਂ ਇਕ ਯੋਗੀ ਇਹ ਸਭ ਕੁਝ ਜਾਣ ਜਾਂਦਾ ਹੈ, ਉਹ ਕਿਸੇ ਨਾਲ ਵੀ ਨਫਰਤ ਨਹੀਂ ਕਰਦਾ। ਉਸ ਦੀ ਚੇਤਨਾ ਸਾਰਿਆਂ ਦੇ ਸਵੈ ਵਿਚ ਮਿਲ ਜਾਂਦੀ ਹੈ। ਇਹ ਗਿਆਨ, ਇਹ ਬਰਾਬਰੀ ਦਾ ਗਿਆਨ ਬਰਾਬਰ ਚਲਦਾ ਰਹਿੰਦਾ ਹੈ। ਉਹ ਵਿਸ਼ਵ ਕੇਂਦਰ ਨਾਲ ਇਕ ਹੋ ਜਾਂਦਾ ਹੈ, ਜਿਹੜਾ ਸਾਰਿਆਂ ਦਾ ਜੀਵਨ ਦਾਤਾ ਹੈ। ਤੁਸੀਂ ਸੁਆਸਾਂ ਤੋਂ ਬਿਨਾਂ ਤਾਂ ਜੀਉਂਦੇ ਹੀ ਨਹੀਂ ਰਹਿ ਸਕਦੇ। ਤੁਹਾਨੂੰ ਜੀਵਨ ਦਾਨ ਹਰ ਸਮੇਂ ਮਿਲ ਰਿਹਾ ਹੈ। ਵਾਸਤਵ ਵਿਚ ਪ੍ਰਾਣਾਂ ਦਾ ਵਿਸ਼ਾ, ਸੁਆਸਾਂ ਦੇ ਵਿਗਿਆਨ ਤੋਂ ਬਿਲਕੁਲ ਅਲੱਗ ਹੈ। ਏਥੇ ਏਨਾ ਹੀ ਕਹਿਣਾ ਕਾਫੀ ਹੈ ਕਿ ਹਰ ਇਕ ਪ੍ਰਾਣੀ ਦਾ ਵਿਸ਼ਵ ਸਤ ਨਾਲ ਸਿੱਧਾ ਜੋੜ ਹੈ, ਸਬੰਧ ਹੈ, ਜਿਥੋਂ ਉਸ ਨੂੰ ਜੀਵਨ ਸੁਆਸ ਮਿਲਦੇ ਹਨ। ਇਹੋ ਹੀ ਕਾਰਣ ਹੈ ਰਾਜ ਯੋਗ ਤੇ ਬੋਧੀ ਦੀ ਜ਼ੈਨ ਪ੍ਰਣਾਲੀ ਆਪਣੇ ਸਾਧਕਾਂ ਨੂੰ ਸੁਆਸਾਂ ਪ੍ਰਤੀ ਚੇਤਨ ਕਰਵਾਉਂਦੀ ਹੈ।

ਸੁਆਸਾਂ ਦਾ ਮਨ ਨਾਲ ਬੜਾ ਡੂੰਘਾ ਸਬੰਧ ਹੈ। ਤੁਸੀਂ ਕਹੋਗੇ ਸੁਆਸਾਂ ਦਾ ਮੇਰੇ ਸੋਚਣ ਨਾਲ ਕੀ ਸਬੰਧ ਹੈ। ਮੈਂ ਤੁਹਾਨੂੰ ਬਹੁਤ ਚੰਗੀ ਤਰ੍ਹਾਂ ਦਸ ਸਕਦਾ ਹਾਂ। ਜੇਕਰ ਤੁਸੀਂ ਅਚਾਨਕ ਇਕ ਦਮ ਕੋਈ ਸਦਮੇ ਵਾਲੀ ਜਾਂ ਕੋਈ ਹੋਰ ਖਬਰ ਦੱਸੋਗੇ, ਮੇਰੇ ਸੁਆਸਾਂ ਨੂੰ ਝਟਕਾ ਲੱਗੇਗਾ, ਮੇਰੇ ਫੇਫੜਿਆਂ ਦੀ ਗਤੀ ਅਸ਼ਾਂਤ ਹੋ ਜਾਏਗੀ। ਮੇਰੀ ਸੱਜੀ ਨਾਸਿਕਾ, ਸਰਵਚਾਲਕ ਨਾੜੀ ਤੰਤੂ ਅਸ਼ਾਂਤ ਹੋ ਜਾਂਦਾ ਹੈ।

ਵਾਸਤਵ ਵਿਚ ਸੁਆਸ ਮਨ ਤੇ ਸਰੀਰ ਦਾ ਥਰਮਾਮੀਟਰ ਹੈ, ਜਿਹੜਾ ਮਨ ਤੇ ਸਰੀਰ ਦੀ ਸਥਿਤੀ ਨਾਪਦਾ ਹੈ। ਇਕ ਵਾਰੀ ਜਦੋਂ ਤੁਸੀਂ ਆਪਣੇ ਸੁਆਸਾਂ ਲਈ ਸੁਚੇਤ ਹੋ ਜਾਂਦੇ ਹੋ। ਤੁਹਾਨੂੰ ਉਸ ਦੀ ਅਸਾਧਾਰਣਤਾ ਦਾ ਪਤਾ ਲਗ ਜਾਏਗਾ। ਪਰ ਪ੍ਰਾਣਾਯਾਮ ਨਾਲ ਸੁਆਸਾਂ ਨੂੰ ਨਿਯਮਤ ਕਰਕੇ ਤੁਸੀਂ ਆਪਣੇ ਅਚੇਤ ਮਨ ਤੇ ਚੇਤਨ ਕਾਬੂ ਪਾ ਸਕਦੇ ਹੋ, ਆਪਣੇ ਸਵੈ-ਚਾਲਕ ਨਾੜੀ ਤੰਤੂ ਤੇ ਕਾਬੂ ਪਾ ਸਕਦੇ ਹੋ ਅਤੇ ਅਸਧਾਰਨਤਾ ਹਟਾ ਸਕਦੇ ਹੋ। ਇਹ ਆਪਣੇ ਆਪ ਵਿਚ ਇਕ ਵਿਗਿਆਨ ਹੈ, ਇਕ ਫਿਲੌਸਫੀ ਹੈ ਜਿਹੜੀ ਕਿ ਕੇਵਲ ਯੋਗੀ ਜਿਹੜੇ ਅਭਿਆਸ ਕਰਦੇ ਹਨ ਉਹ ਹੀ ਕਰਾ ਸਕਦੇ ਹਨ ਜਿਹੜੇ ਇਸ ਵਿਗਿਆਨ ਵਿਚ ਪਰਪੱਕ ਹਨ।

ਪ੍ਰਾਣਾਯਾਮ ਬਹੁਤ ਕਠਨ ਵਿਸ਼ਾ ਹੈ, ਪਰ ਜੇਕਰ ਤੁਸੀਂ ਆਪਣੇ ਸੁਆਸਾਂ ਨੂੰ ਵੀ ਸਮਝਿਆ ਹੈ ਤੁਸੀਂ ਜਾਣ ਜਾਓਗੇ ਕਿ ਤੁਸੀਂ ਕੇਵਲ ਸਰੀਰ ਅਤੇ ਸੁਆਸ ਨਹੀਂ,

ਤੇ ਤੁਸੀਂ ਇਨ੍ਹਾਂ ਤੋਂ ਕਿਤੇ ਵੱਧ ਹੋ, ਤੁਸੀਂ ਸੋਚਦੇ ਹੋ ਇਕ ਸ਼ਬਦ ਹੈ ਮਨ। ਸੰਸਕ੍ਰਿਤ ਵਿਚ ਉਸ ਨੂੰ ਮਨਸ (Manas) ਕਹਿੰਦੇ ਹਨ। ਉਸ ਦਾ ਅਰਥ ਹੈ ਮਨ (mind)। ਅੰਗ੍ਰੇਜ਼ੀ ਦਾ ਸ਼ਬਦ man ਸੰਸਕ੍ਰਿਤ ਦੇ ਸ਼ਬਦ manas ਤੋਂ ਬਣਿਆ ਹੈ। ਤੁਸੀਂ ਕੇਵਲ ਸਰੀਰ ਨਹੀਂ ਹੋ, ਤੁਸੀਂ ਸੋਚਣ ਵਾਲੇ ਮਨੁੱਖ ਹੋ, ਇਸ ਕਰਕੇ ਤੁਹਾਡੇ ਸੋਚਣ ਦੀ ਪ੍ਰੀਕ੍ਰਿਆ ਤੁਹਾਡੇ ਕੰਟਰੋਲ ਵਿਚ ਹੋਣੀ ਚਾਹੀਦੀ ਹੈ। ਤੁਹਾਨੂੰ ਸਿੱਖਣਾ ਚਾਹੀਦਾ ਹੈ ਕਿ ਕਿਵੇਂ ਮਨ ਦੀ ਸਾਰੀ ਸੁਧਾਈ, ਸਾਰਾ ਪਰਿਵਰਤਨ ਸੁਚੇਤ ਮਨ ਦੇ ਕੰਟਰੋਲ ਵਿਚ ਲਿਆਂਦਾ ਜਾ ਸਕਦਾ ਹੈ, ਜਿਵੇਂ ਕਿ ਪੰਤਾਜਲ ਨੇ ਦਸਿਆ ਹੈ। ਰਾਜ ਯੋਗ ਦੀਆਂ ਆਖਰੀ ਚਾਰ ਪੌੜੀਆਂ ਇਸੇ ਤੇ ਦਿਤੀਆਂ ਗਈਆਂ ਹਨ।

## ਮਨ ਦਾ ਕੰਟਰੌਲ

ਤੁਸੀਂ ਬਹੁਤ ਸੌਖੀ ਤਰ੍ਹਾਂ ਮਨ ਨੂੰ ਕੰਟਰੌਲ ਕਰਨਾ ਸਿੱਖ ਸਕਦੇ ਹੋ ਕਿਉਂਕਿ ਇਹ ਤੁਹਾਡਾ ਹੈ, ਪਰ ਦੂਸਰਿਆਂ ਦਾ ਮਨ ਕੰਟਰੋਲ ਕਰਨ ਦੀ ਕੋਸ਼ਿਸ਼ ਨਾ ਕਰੋ, ਉਨ੍ਹਾਂ ਨੂੰ ਆਪਣੇ ਉਤੇ ਨਿਰਭਰ ਨਾ ਬਣਾਓ। ਜਦੋਂ ਤੁਸੀਂ ਨਿਰਭਰ ਹੋ ਜਾਂਦੇ ਹੋ ਤੁਸੀਂ ਬਹੁਤ ਦੁਖੀ ਹੁੰਦੇ ਹੋ। ਤੁਹਾਨੂੰ ਸੁਤੰਤਰ ਹੋਣਾ ਚਾਹੀਦਾ ਹੈ, ਤੁਹਾਨੂੰ ਦੂਸਰਿਆਂ ਨੂੰ ਵੀ ਆਪਣੇ ਉਤੇ ਨਿਰਭਰ ਨਹੀਂ ਕਰਨਾ ਚਾਹੀਦਾ। ਜਦੋਂ ਤੁਸੀਂ ਇਹ ਸਿੱਖ ਲੈਂਦੇ ਹੋ ਕਿ ਸੰਸਾਰਕ ਚੀਜ਼ਾਂ ਨਾਲ ਅਭੇਦ ਨਹੀਂ ਹੋਣਾ, ਲਿਪਤ ਨਹੀਂ ਹੋਣਾ, ਜਦੋਂ ਤੁਸੀਂ ਆਪਣੇ ਮਨ ਤੇ ਪੂਰਾ ਕੰਟਰੌਲ ਕਰਨਾ ਸਿੱਖ ਲੈਂਦੇ ਹੋ, ਮਨ ਦੀ ਸੁਧਾਈ ਸਿੱਖ ਲੈਂਦੇ ਹੋ, ਉਸ ਤੋਂ ਬਾਅਦ ਹੀ ਤੁਹਾਨੂੰ ਸਵੈ ਦੀ, ਆਤਮਾ ਦੀ ਪਛਾਣ ਹੁੰਦੀ ਹੈ। ਕੰਟਰੌਲ ਤੋਂ ਭਾਵ ਹੈ ਇਕੱਠਾ ਕਰਨਾ, ਸਮੇਟਣਾ, ਜਿਹੜੀਆਂ ਸ਼ਕਤੀਆਂ ਖੇਰੂੰ-ਖੇਰੂੰ ਹਨ ਉਨ੍ਹਾਂ ਨੂੰ ਇਕੱਠਾ ਕਰਨਾ, ਸਿਰਜਨਾਤਮਕ ਬਣਨਾ ਗਤੀਸ਼ੀਲ ਬਣਨਾ। ਕੰਟਰੋਲ ਤੋਂ ਭਾਵ ਦਬਾਣਾ ਨਹੀਂ, ਛੁਪਾਉਣਾ ਨਹੀਂ। ਜਦੋਂ ਪੰਤਾਜਲ ਇੰਦ੍ਰੀਆਂ ਨੂੰ ਮੋੜ ਲੈਣ ਦੀ ਗੱਲ ਕਰਦਾ ਹੈ ਭਾਵ ਪ੍ਰਤੀਹਾਰ ਸ਼ਬਦ ਦੀ ਵਰਤੋਂ ਕਰਦਾ ਹੈ, ਇਹ ਰਾਜ ਯੋਗ ਦੀ ਪੰਜਵੀਂ ਪੌੜੀ ਹੈ। ਉਸ ਤੋਂ ਉਸ ਦਾ ਭਾਵ ਇਹ ਨਹੀਂ ਕਿ ਤੁਸੀਂ ਸੰਸਾਰ ਤੋਂ ਹਟ ਜਾਓ, ਪਿੱਛੇ ਹੋ ਜਾਓ। ਭਾਵ ਹੈ ਕਿ ਤੁਹਾਡੇ ਆਪਣੇ ਸਾਰੇ ਕਰਮ, ਕੰਮ ਆਤਮਕ ਪ੍ਰਗਤੀ ਲਈ ਹੋਣੇ ਚਾਹੀਦੇ ਹਨ, ਤੁਹਾਡੀ ਰੁਚੀ ਤੁਹਾਡੇ ਰਹਿਣ ਸਹਿਣ ਦਾ ਤਰੀਕਾ ਬਦਲਣਾ ਚਾਹੀਦਾ ਹੈ।

ਜਦੋਂ ਤੁਸੀਂ ਮਨ ਨੂੰ ਕੰਟਰੌਲ ਕਰ ਲੈਂਦੇ ਹੋ, ਸੋਧ ਲੈਂਦੇ ਹੋ, ਕੀ ਹੁੰਦਾ ਹੈ? ਤੁਹਾਡੇ ਵਿਅਕਤੀਤਵ ਦਾ ਰੂਪ ਬਦਲ ਜਾਂਦਾ ਹੈ, ਪਰ ਤੁਸੀਂ ਆਸਾਧਾਰਣ ਨਹੀਂ ਹੁੰਦੇ। ਪੰਤਾਜਲ ਇਸ ਬਾਰੇ ਬਿਲਕੁਲ ਸਿੱਧੀ ਗੱਲ ਕਰਦੇ ਹਨ ਬਿਲਕੁਲ ਸਤ ਦਸਦੇ ਹਨ, ਤੁਸੀਂ ਆਪਣੇ ਅਸਲੀ ਤੱਤਵ ਸੁਭਾ ਵਿਚ ਚਲੇ ਜਾਂਦੇ ਹੋ, ਵਾਸਤਵ ਵਿਚ ਜੋ ਤੁਹਾਡਾ ਹੈ।

ਜਦੋਂ ਤੁਹਾਨੂੰ ਇਕ ਵਾਰੀ ਆਪਣੇ ਤੱਤਵ ਦਾ, ਆਪਣੇ ਸੁਭਾਅ ਦਾ ਪਤਾ ਲਗ ਜਾਂਦਾ ਹੈ, ਆਪਣੇ ਚੇਤਨ ਬਿੰਦੂ ਦਾ ਪਤਾ ਲਗ ਜਾਂਦਾ ਹੈ, ਜਿਥੋਂ ਕਿ ਵੱਖ-ਵੱਖ ਜਗ੍ਹਾ ਤੇ ਚੇਤਨਾ ਦਾ ਪ੍ਰਵਾਹ ਹੈ, ਤੁਸੀਂ ਜਾਗ੍ਰਤ ਹੋ ਜਾਂਦੇ ਹੋ, ਗਿਆਨ ਪ੍ਰਕਾਸ਼ ਹੋ ਜਾਂਦਾ ਹੈ, ਅਗਿਆਨ ਹਨ੍ਹੇਰਾ ਖਤਮ ਹੋ ਜਾਂਦਾ ਹੈ, ਤੁਸੀਂ ਸਾਰੇ ਦੁਖਾਂ ਤੋਂ ਮੁਕਤ ਹੋ ਜਾਂਦੇ ਹੋ, ਇਹ ਰਾਜ ਯੋਗ ਦੀ ਫਿਲੋਸਫੀ ਹੈ। ਇਹ ਤੁਸੀਂ ਉਦੋਂ ਹੀ ਕਰ ਸਕਦੇ ਹੋ ਜਦੋਂ ਤੁਹਾਡਾ ਮਨ ਤੇ ਕੰਟਰੋਲ ਹੋਵੇ, ਉਸ ਦੀ ਸੁਧਾਈ ਕਰਕੇ ਪਰਿਵਰਤਨ ਕੀਤਾ ਹੋਵੇ। ਇਕਾਗਰਤਾ, ਧਾਰਨਾ ਇਹ ਛੇਵੀਂ ਪੌੜੀ ਹੈ ਜਿਹੜੀ ਤੁਹਾਨੂੰ ਮਨ ਨੂੰ ਕੰਟਰੋਲ ਕਰਨਾ ਸਿਖਾਉਂਦੀ ਹੈ।

ਜਦੋਂ ਤੁਸੀਂ ਆਪਣੇ ਆਪ ਨੂੰ ਸਮੇਟਣਾ ਸ਼ੁਰੂ ਕਰਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਖੇਰੂੰ-ਖੇਰੂੰ ਹੋਇਆ ਦੇਖੋਗੇ, ਤੁਸੀਂ ਦੇਖੋਗੇ ਤੁਸੀਂ ਕੋਈ ਫੈਸਲਾ ਹੀ ਨਹੀਂ ਲੈ ਸਕਦੇ। ਇਸ ਕਰਕੇ ਅਧਿਆਪਕਾਂ ਲਈ ਇਹ ਕਹਿਣਾ ਕਿ ਇਕਾਗਰਤਾ ਦੀ ਕੋਈ ਬਹੁਤੀ ਲੋੜ ਨਹੀਂ, ਇਹ ਗੱਲ ਠੀਕ ਨਹੀਂ। ਜੇ ਤੁਸੀਂ ਇਕਾਗਰ ਹੀ ਨਾ ਹੋਵੋ, ਕੀ ਤੁਸੀਂ ਕੁਝ ਕਰ ਸਕਦੇ ਹੋ? ਨਹੀਂ, ਬਿਲਕੁਲ ਨਹੀਂ, ਤੁਹਾਡਾ ਬੋਲਣਾ, ਤੁਹਾਡੀ ਸੋਚ ਵਿਚ ਫਰਕ ਹੋਵੇਗਾ। ਤੁਸੀਂ ਜਾਣਾ ਕਿਥੇ ਹੋਵੇਗਾ, ਜਾਓਗੇ ਕਿਤੇ ਹੋਰ। ਜੇਕਰ ਤੁਸੀਂ ਕਿਤਾਬ ਤੇ ਮਨ ਇਕਾਗਰ ਨਹੀਂ ਕਰੋਗੇ ਤੁਸੀਂ ਕਿਸ ਤਰ੍ਹਾਂ ਪੜ੍ਹੋਗੇ, ਸਮਝੋਗੇ? ਇਹ ਬਹੁਤ ਬੇਵਕੂਫੀ ਦੀ ਗੱਲ ਹੈ ਕਿ ਇਕਾਗਰਤਾ ਅਵੱਸ਼ਕ ਨਹੀਂ ਇਹ ਤਾਂ ਇਕ ਪਲਾਇਨ ਹੈ, ਸ਼ੋਸ਼ਣ ਹੈ। ਵਾਸਤਵ ਵਿਚ ਇਕਾਗਰਤਾ ਬਹੁਤ ਅਵੱਸ਼ਕ ਹੈ, ਇਸ ਨੂੰ ਹੌਲੀ-ਹੌਲੀ ਵਿਕਸਿਤ ਕਰਨਾ ਚਾਹੀਦਾ ਹੈ। ਇਹ ਤੁਹਾਨੂੰ ਰੋਜ਼ ਦੇ ਜੀਵਨ ਵਿਚ ਗਤੀਸ਼ੀਲ ਬਣਾਉਂਦੀ ਹੈ, ਸੰਸਾਰ ਵਿਚ ਗਤੀਸ਼ੀਲ ਬਣਾਉਂਦੀ ਹੈ।

ਪੰਤਾਜਲ ਨੇ ਇਕਾਗਰਤਾ ਦੇ ਵੱਖ-ਵੱਖ ਤਰੀਕੇ ਦੱਸੇ ਹਨ। ਜਦੋਂ ਇਕਾਗਰਤਾ ਆਪਣੇ ਆਪ ਸੁਤੇ ਹੀ ਹੋਣ ਲਗ ਪੈਂਦੀ ਹੈ ਭਾਵ ਸੁਭਾਅ ਬਣ ਜਾਂਦਾ ਹੈ, ਫੇਰ ਉਹ ਮੈਡੀਟੇਸ਼ਨ ਵਲ ਵਹਿ ਤੁਰਦੀ ਹੈ। ਮੈਡੀਟੇਸ਼ਨ, ਧਿਆਨ ਜਿਹੜੀ ਕਿ ਰਾਜ ਯੋਗ ਦੀ ਸੱਤਵੀਂ ਪੌੜੀ ਹੈ, ਉਹ ਪੱਕੀ ਹੋ ਜਾਂਦੀ ਹੈ, ਉਹ ਆਪਣੇ ਆਪ ਫੇਰ ਸਮਾਧੀ ਦਾ ਰੂਪ ਲੈ ਲੈਂਦੀ ਹੈ, ਜਿਹੜਾ ਕਿ ਰਾਜ ਯੋਗ ਦੇ ਮਾਰਗ ਦੀ ਆਖਰੀ ਪੌੜੀ ਹੈ। ਸਮਾਧੀ ਦੀਆਂ ਕਈ ਪੌੜੀਆਂ ਹਨ, ਕਈ ਪੱਧਰ ਹਨ ਪਰ ਜਦੋਂ ਜਗਿਆਸੂ ਪਹਿਲੀ ਪੌੜੀ ਦੀ ਪ੍ਰਾਪਤੀ ਕਰ ਲੈਂਦਾ ਹੈ, ਉਹ ਦੁਖ ਸੰਤਾਪ ਤੋਂ ਮੁਕਤ ਹੋ ਜਾਂਦਾ ਹੈ।

'ਚਲਦਾ........।'

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ ਰਤਵਾੜਾ ਸਾਹਿਬ, ਸਮਾਂ-12.00 ਤੋਂ 4.00 ਵਜੇ ਤੱਕ ।**

**ਪੂਰਨਮਾਸ਼ੀ - 5 ਅਕਤੂਬਰ, ਦਿਨ ਵੀਰਵਾਰ (ਸਮਾਂ - ਦੁਪਹਿਰ 12.00 ਤੋਂ 4.00 ਵਜੇ ਤੱਕ)**

**ਸੰਗਰਾਂਦ - ਕਤਿਕਿ, 17 ਅਕਤੂਬਰ, ਦਿਨ ਮੰਗਲਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

**ਅੰਮ੍ਰਿਤ ਸੰਚਾਰ - ਮਹੀਨੇ ਦੇ ਪਹਿਲੇ ਐਤਵਾਰ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਦਿਨੇ 11 ਵਜੇ ਹੁੰਦਾ ਹੈ।**

## INTERNET MEDIA AND LIVE TELECAST

**Website :- www.ratwarasahib.in**
**Website :- www.ratwarasahib.org**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib13**
**Live Audio Link 1 - https://www.awdio.com/Ratwara Sahib**
**Live Audio Link 2 - https://mixlr.com/ratwara-sahib**
**E-mail :- sratwarasahib.in@gmail.com** ***Contact - 9569455861, 9417912900, 9814612900***

*(ਪੰਨਾ 6 ਦੀ ਬਾਕੀ)*

ਟਰੱਸਟ ਰਤਵਾੜਾ ਸਾਹਿਬ ਵਲੋਂ ਲਾਏ ਜਾ ਰਹੇ ਹਨ। ਭਾਰੀ ਮਾਤਰਾ ਵਿਚ ਦੋ ਦਿਨ ਅੰਮ੍ਰਿਤ ਸੰਚਾਰ ਹੋ ਰਿਹਾ ਹੈ। ਟਰੱਸਟ ਰਤਵਾੜਾ ਸਾਹਿਬ ਵਲੋਂ ਸਮੂੰਹ ਸੰਗਤਾਂ ਅਤੇ ਪਾਠਕ ਜਨਾਂ ਨੂੰ ਬੇਨਤੀ ਹੈ ਕਿ ਚਾਰ ਦਿਨਾਂ ਮਹਾਨ ਗੁਰਮਤਿ ਰੂਹਾਨੀ ਸਮਾਗਮ ਵਿਚ ਸੰਗਤਾਂ ਤੇ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ ਜੀ।

ਦੇਸ਼ਾਂ-ਵਿਦੇਸ਼ਾਂ ਵਿਚੋਂ ਬੇਅੰਤ ਪ੍ਰੇਮੀ ਅਗੇਤੀਆਂ ਟਿਕਟਾਂ ਬੁੱਕ ਕਰਵਾ ਕੇ ਹਰ ਸਾਲ ਦੀ ਤਰ੍ਹਾਂ ਪਿਆਰੇ ਦੇ ਪਿਆਰ ਵਿਚ ਪਹੁੰਚ ਰਹੇ ਹਨ। ਸਮੂੰਹ ਸੰਗਤਾਂ ਨੂੰ ਬੇਨਤੀ ਹੈ ਕਿ ਅਗਾਊਂ ਸੂਚਨਾ ਰਾਹੀਂ ਆਪ ਜੀ ਆਉਣ ਬਾਰੇ ਪ੍ਰਬੰਧਕ ਜਨਾਂ ਨੂੰ ਦੱਸਣ ਦੀ ਕ੍ਰਿਪਾਲਤਾ ਕਰਨਾ ਜੀ। ਆਪ ਜੀ ਦੇ ਆਉਣ ਦੀ ਉਡੀਕ ਵਿਚ ਟਰੱਸਟ ਰਤਵਾੜਾ ਸਾਹਿਬ ਅਤੇ ਸਮੂੰਹ ਸੰਗਤ। ਆਇ ਦੀਦਾਰੇ ਬਖਸ਼ੋ ਜੀ। ਆਉ! ਅਰਦਾਸ ਵਿਚ ਜੁੜੀਏ - ***'ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥'***

*(ਪੰਨਾ 60 ਦੀ ਬਾਕੀ)*

ਰੰਗੇ ਜਾਣ 'ਤੇ ਹੀ ਬੈਰਾਗੀਆਂ ਦੀ ਤਰ੍ਹਾਂ ਭ੍ਰਮਦਾ ਚੰਚਲ ਮਨ ਆਪਣੇ ਨਿਜ ਸਰੂਪ ਰੂਪੀ ਘਰ ਵਿਚ ਵਸਦਾ ਹੈ।

**ਗਿਆਨ ਮਹਾ ਰਸੁ ਭੋਗਵੈ;**
**ਬਾਹੁੜਿ ਭੂਖ ਨ ਹੋਇ॥**

ਹੇ ਭਾਈ! ਜੇਕਰ ਗੁਰਾਂ ਦੇ ਗਿਆਨ ਕਰਕੇ ਮਹਾ ਰਸੁ=ਬ੍ਰਹਮ ਗਿਆਨ ਦੇ ਅਨੰਦ ਨੂੰ ਭੋਗਵੈ=ਮਾਨਣਾ ਕਰੇ ਤਾਂ ਫਿਰ ਬਾਹੁੜਿ=ਮੁੜ ਕੇ ਪਦਾਰਥਾਂ ਦੇ ਰਸਾਂ ਕਸਾਂ ਤੇ ਪਹਿਨਣ ਭੋਗਣ ਆਦਿ ਦੀ ਭੂਖ=ਭੁੱਖ ਨਹੀਂ ਰਹਿੰਦੀ।

**ਨਾਨਕ ਇਹੁ ਮਨੁ ਮਾਰਿ ਮਿਲੁ;**
**ਭੀ ਫਿਰਿ ਦੁਖੁ ਨ ਹੋਇ॥੫॥੧੮॥**

ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਇਸ ਮਨ ਦੇ ਮੰਦੇ ਸੁਭਾਅ ਨੂੰ ਮਾਰ ਕੇ ਹੀ ਉਸ ਪ੍ਰਭੂ ਨਾਲ ਮਿਲੁ=ਮਿਲਣਾ ਕਰ ਭੀ=ਬਹੁੜੋ ਫਿਰ ਤੈਨੂੰ ਜਨਮ ਮਰਣ ਦਾ ਦੁੱਖ ਨਹੀਂ ਹੋਵੇਗਾ ਵਾ: ਗਰਭ 'ਚ ਪੈਣ ਦਾ ਵਾ: ਨਰਕਾਂ ਦਾ ਦੁੱਖ ਪ੍ਰਾਪਤ ਨਹੀਂ ਹੋਵੇਗਾ ਭਾਵ ਮੁਕਤ ਹੋ ਜਾਵੇਂਗਾ।

*'ਚਲਦਾ..........।'*

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861100000003** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ **sms** ਕੀਤਾ ਜਾਵੇ।

**ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

✓ ☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

*Foreign Membership*

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Euro | 50 € | 500 € |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ

| ਜਨਵਰੀ | ਫਰਵਰੀ | ਮਾਰਚ | ਅਪ੍ਰੈਲ | ਮਈ | ਜੂਨ | ਜੁਲਾਈ | ਅਗਸਤ | ਸਤੰਬਰ | ਅਕਤੂਬਰ | ਨਵੰਬਰ | ਦਸੰਬਰ |
|---|---|---|---|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ | ☐ | ☐ | ☐ | ☐ |

ਨਾਮ/Name ਅਤੇ ਪਤਾ/Address.......................................................................................................

...........................................................................................................................................

..............................Pin Code........................................Phone......................... E-mail :..............................

ਮੈਂ.......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ............................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ – ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਸੁਖਦੇਵ ਕੌਰ ਗਰੇਵਾਲ | ਔਰਤਾਂ ਸਬੰਧੀ ਰੋਗਾਂ ਦੇ ਮਾਹਿਰ | ਸੋਮਵਾਰ |
| 2. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | " |
| 3. | ਡਾ. ਸਵੇਤਾ | ਫੀਜ਼ੀਓਥਰੈਪਿਸਟ | ਸੋਮਵਾਰ ਤੋਂ ਸ਼ੁਕਰਵਾਰ |
| 4. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 5. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ | " |
| 6. | ਜੇ.ਪੀ.ਆਈ ਹਸਪਤਾਲ ਮੋਹਾਲੀ ਵਲੋਂ ਡਾਕਟਰ | ਅੱਖਾਂ ਦੇ ਮਾਹਿਰ | " |
| 7. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | ਮੰਗਲਵਾਰ ਅਤੇ ਵੀਰਵਾਰ |
| 8. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ ਆਦਿਕ | ਬੁੱਧਵਾਰ |
| 9. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 10. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 11. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 12. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 13. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | " |
| 14. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਐਤਵਾਰ |
| 15. | ਡਾ. ਜਿੰਦਲ, ਡਾ. ਗਰਗ | ਜਨਰਲ ਮੈਡੀਸਨ | " |
| 16. | ਡਾ. ਗੁਰਪ੍ਰੀਤ ਕੌਰ ਗਿੱਲ | ਹੋਮਿਊਪੈਥਿਕ | ਬੁੱਧਵਾਰ |

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੂਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

## ਜ਼ਰੂਰੀ ਸੂਚਨਾ

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹਿੰਦਾ ਹੈ। ਸਮਾਂ 11.00 ਤੋਂ 1.00 ਤੱਕ।**
**ਹਰ ਸ਼ਨਿੱਚਰਵਾਰ ਨੂੰ ਛੁੱਟੀ ਹੁੰਦੀ ਹੈ ।**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ (ਸੱਤ ਭਾਗਾਂ ਦਾ ਸੰਗ੍ਰਹਿ) | 400/- | 400/- |
| 4. | ਕਿਵ ਸਚਿਆਰਾ ਹੋਈਐ - (ਤਿੰਨ ਭਾਗਾਂ ਦਾ ਸੰਗ੍ਰਹਿ) | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | 90/- | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | 50/- | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਭਗਵਤ ਗੀਤਾ ਦੀ ਚਿਰ ਸਥਾਈ... | 100/- | |
| 38. | ਆਤਮ ਗਿਆਨ | 120/- | |
| 39. | ਜਨਮ ਪਦਾਰਥੁ ਸਫਲੁ ਹੋਇ | 120/- | |
| 40. | ਜਨ ਪਰਉਪਕਾਰੀ ਆਏ (ਭਾਗ -1) | 65/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 41. | ਜਨ ਪਰਉਪਕਾਰੀ ਆਏ (ਭਾਗ -2) | 65/- |
| 42. | ਗੁਰ ਅੰਗਦ ਅਮਰ ਨਿਧਾਨ | 10/- |
| 43. | ਕਲਜੁਗਿ ਜਹਾਜ ਅਰਜੁਨ ਗੁਰ | 100/- |
| 44. | ਧਰਮ ਹੇਤਿ ਸਾਕਾ | 20/- |
| 45. | ਮੰਝ ਗੁਰੂ ਕਾ ਬੋਹਿਥਾ | 30/- |
| 46. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 47. | ਗੁਰੂ ਗ੍ਰੰਥ ਜੀ ਮਾਨਿਉ | 10/- |
| 48. | ਬਾਬਾ ਬੰਦਾ ਸਿੰਘ ਬਹਾਦਰ | 10/- |
| 49. | ਤ੍ਰੈ ਸ਼ਤਾਬਦੀ | 20/- |

| | English Version | Price |
|---|---|---|
| 1. | Baisakhi (ਵੈਸਾਖੀ) | . 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | . 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ ੧) | 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ ੨) | 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ ੩) | 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ ੪) | 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ ੫) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank – **S/B A/C No. 12861000000003**

**RTGS/IFSC Code - PSIB0021286\ Branch Code - C1286**

**Our Address: VGRMCT, Gurdwara Ishar Parkash, Ratwara Sahib,
(New Chandigarh) P.o. Mullanpur Garibdas,
Teh. Kharar, Distt. S.A.S Nagar (Mohali)
140901, Pb. India**

# How to Serve The Lord and Meditate on Him ?

*Sant Waryam Singh Ji*
*English Translation: Prof. Beant Singh*

*(Continued from P. 75, issue* Sep., *2017)*

In this way, engaging your motor organs and sense organs in virtuous deeds, use them fruitfully. With your eyes glimpse true and holy men; with your ears listen to their discourses; with the tongue taste the Name elixir and sing Divine laudations. Render service with your own hands and feet; with your brow touch the lotus feet of the holy. Doing all these tasks with humility and entrusting them to the Guru, live in the world in a detached manner." In this manner, with his boundless grace, Guru Sahib made him achieve self-realization. Guru Sahib said, "Inder Sain! this experience of self-realization you have achieved through me while Bhai Jhanda has gained it through Divine knowledge obtained by God's devotional worship. Of these two, knowledge alone creates darkness for the world, in which individual self tries to imitate the Supreme Self, and the feeling *'I am God, I am truth'* in the absence of the absorption of his 'self' in 'Supreme Self' creates a wrong notion. Here he gets entrapped by *Maya* (Mammon), but worship and devotion being feminine is not affected by the female *Maya*. Getting guidance and direction from holy men through worship and devotion, he gains absorption in the Supreme Self without let or hindrance, and he annuls his egoism completely."

Bhai Tiloka Ji tried to explain this subject to the Princess by giving various examples, but owing to impurity, confusion and veil in the mind, she was not following them. She tried hard. She was forming notions and taking decisions after careful thought and reflection, but her understanding and intellect could not merge in the all-pervasive Lord, because as long as there is impurity, confusion and veil in the mind, illumination does not come about. By merely saying that there is light, a person suffering from cataract does not see it (light). This is because he is incapable of seeing light. Unless an ophthalmologist operates and removes cataract and fits the required lens, he cannot see light. Bhai Tiloka Ji thought, "She has heard everything about truth, and eagerness too has been created in her, but to remove the darkness of duality in her, True Guru's grace is needed." Therefore, instead of laying stress on acquainting her with the Soul, he thought of emphasizing the devotional aspect.

Now time does not permit to dwell further on this subject because three hours have already passed. So let me conclude here. God willing, we will discuss it further next week.

# Chapter - 4

## How to be true to the Creator?

*Invocation:*

*'Prostrate salutation and obeisance I make many a time before the Omnipresent Lord, the Possessor of all powers.*
*Reach me Thy hand, O Lord and save me from wavering, says Nanak'.* *P. 256*

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥

*'After wandering and wandering O Lord, I have come and entered Thy sanctuary.*
*O Master, Nanak's prayer is: Attach me to Thy devotional service.'* *P. 289*

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥

ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥

*'Leaving all portals, I have come to Portal Thine;*
*Hold my hand and save honour mine,*
*O Lord, I am slave of Thine.'*
*Dohira, Tenth Guru*

ਸਗਲ ਦੁਆਰ ਕਉ ਛਾਡਿਕੈ ਗਹਿਓ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥

*'A boughten slave am I, my name the fortunate:*
*By the Master's word in the market sold;*
*As directed, have I engaged myself in task.*
*What cleverness can Thy servant show?*
*The Lord's commands,*
*Can I not perform well.*
*My mother a slave; a slave my father –*
*A slave's progeny am I.*
*My slave - mother dances, my slave-father sings in devotion to Thee.*
*Divine King, Thy devotion I too perform.*
*Lord! shouldst Thou need a drink of water, that I shall fetch;*
*Shouldst thou desire for food, grain shall I grind.*
*The fan shall I wave, Thy feet rub,*
*And ever utter Thy Name.*
*Nanak is an ungrateful slave:*
*Shouldst Thou pardon him, in it lies Thy greatness.*
*Since beginning of time and the yugas, Lord of grace, provider art Thou –*
*Without Thy grace is liberation not attained.'* *P. 991*

ਮੁਲ ਖਰੀਦੀ ਲਾਲਾ ਗੋਲਾ
ਮੇਰਾ ਨਾਉ ਸਭਾਗਾ॥
ਗੁਰ ਕੀ ਬਚਨੀ ਹਾਟਿ ਬਿਕਾਨਾ
ਜਿਤੁ ਲਾਇਆ ਤਿਤੁ ਲਾਗਾ॥
ਤੇਰੇ ਲਾਲੇ ਕਿਆ ਚਤੁਰਾਈ॥
ਸਾਹਿਬ ਕਾ ਹੁਕਮੁ ਨ ਕਰਣਾ ਜਾਈ॥
ਮਾ ਲਾਲੀ ਪਿਉ ਲਾਲਾ
ਮੇਰਾ ਹਉ ਲਾਲੇ ਕਾ ਜਾਇਆ॥
ਲਾਲੀ ਨਾਚੈ ਲਾਲਾ ਗਾਵੈ
ਭਗਤਿ ਕਰਉ ਤੇਰੀ ਰਾਇਆ॥
ਪੀਅਹਿ ਤ ਪਾਣੀ ਆਣੀ
ਮੀਰਾ ਖਾਹਿ ਤ ਪੀਸਣ ਜਾਉ॥
ਪਖਾ ਫੇਰੀ ਪੈਰ ਮਲੋਵਾ
ਜਪਤ ਰਹਾ ਤੇਰਾ ਨਾਉ॥
ਲੂਣ ਹਰਾਮੀ ਨਾਨਕੁ ਲਾਲਾ
ਬਖਸਿਹਿ ਤੁਧੁ ਵਡਿਆਈ॥
ਆਦਿ ਜੁਗਾਦਿ ਦਇਆ
ਪਤਿ ਦਾਤਾ ਤੁਧੁ ਵਿਣੁ
ਮੁਕਤਿ ਨ ਪਾਈ॥

*Refrain: Servant and slave am I my Master...*

ਧਾਰਨਾ – ਲਾਲਾ ਗੋਲਾ,
ਲਾਲਾ ਗੋਲਾ, ਲਾਲਾ ਗੋਲਾ ਜੀ,
ਆਪਣੇ ਸਾਹਿਬ ਦਾ ਮੈਂ
ਲਾਲਾ ਗੋਲਾ ਜੀ

*Saith Kabir: Weak is the deer, green the Lake (i.e. the world).*

*Amid a million hunters is the single life – How long shall it cheat death?'* *P. 1367*

ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ॥
ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ॥

**Holy congregation! today with Guru Sahib's inspiration you have come from distant places to attend this gathering. Those devotees who have attended the earlier three discourses, they have tried to understand very many things. I shall repeat that briefly, so that the new-comers of whom I see a sea of them, may understand something. There is**

**a very big programme before this *'jeev'* (sentient being) which he has to complete in this very incarnation. In short, it is that this *'jeev'* (sentient being), coming under the power and control of 'ego', has got separated from God. Guru Sahib says: "My dear! just think when your journey started and for how long you have been treading on this path to complete it –**

*'Hear, O man, who art thou and wherefrom thou comest?*
*Even this much thou knowest not how long thou hast to stay here?*
*Of thy departure thou hast no intimation.'*
*P. 999*

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥***
***ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥***

**Further, Guru Sahib says that God has wrought this creation according to His own sweet will and pleasure. He was true in the beginning of time, and when time and space began, He alone was in existence. Now, too, He Himself is in evidence, as is the Guru's edict –**

*'All that is visible is Thy form –*
*Thou that art treasure of merit,*
*Lord of the earth beyond compare.'* *P. 724*

***ਜੋ ਦੀਸੈ ਸੋ ਤੇਰਾ ਰੂਪੁ॥***
***ਗੁਣ ਨਿਧਾਨ ਗੋਵਿੰਦ ਅਨੂਪ॥***

**When there was nothing in the world, then He Himself alone must have been here. Understand it carefully that God has created the world-expanse from His own self, and He Himself is in existence both in transcendent and immanent forms. Whatever is visible is nothing but God Himself. To enact this play of creation, God created the element of 'ego' and stuck it to all living beings –**

*'The Supreme Creator, who made the cosmos,*
*Into it also introduced egoism.*
*The ego it is that is born and dies;*
*That too transmigrates.'* *P. 999*

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥***
***ਜਨਮ ਮਰਣੁ ਉਸਹੀ ਕਉ ਹੈ ਰੇ ਓਹਾ ਆਵੈ ਜਾਈ॥***

**How long has the *'jeev'* (sentient being) been here? Guru Sahib explains to us: 'Now comprehend fully thy chance of getting human incarnation. By becoming aligned with Lord God through remembrance, end your journey. By attaining to the exalted state of truth, intellect and bliss, enjoy supreme joy forever. Such is the *Gurbani* edict –**

*'After wandering to exhaustion through various births for aeons,*
*At last hast thou obtained the human incarnation.*
*Saith Nanak: This is thy occasion to find union with the Lord –*
*Why don't you contemplate Him?'* *P. 632*

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥***

**Many ages have passed. This *'jeev'* (sentient being) has been wandering through multiple-births and he has not been able to find an abode of rest and peace. He dies in body or incarnation and carries with him the bundle of deeds done in egoism, and to suffer the consequences of those deeds, he is born again. Every time, he undergoes sorrows and sufferings. Neither is the cycle of deeds ended, nor ends his transmigration. It is to suffer the consequences of his deeds that, he is born again. These are called *'Pralabadh karma'* (deeds of previous birth by which is obtained the present incarnation or birth). The deeds that he does in this life are called *'Kiryamaan karma'* and they continue adding to the store of his accumulated deeds.**

**Under the influence of deeds, many types of desires are born in him. Shackled by these desires, he has been wandering in existences for millions and billions of years. Many times he is born in low existences also. Sometimes, he enjoys the pleasures of heavens. Many times he practises mendicancy, and many times, born as a Pandit (Brahmin priest and scholar) he imparts wisdom to the people. Many times, as a rank sinner and rogue, he causes pain and suffering to the people. So this is the long tale of every *'jeev'* (sentient being) –**

*'For numerous births were you made rocks and mountains.'* *P. 176*

**ਕਈ ਜਨਮ ਸੈਲ ਗਿਰਿ ਕਰਿਆ ॥**

**Sometimes, the *'jeev'* (sentient being) becomes a stone. How long is the life of a stone? Thousands of years will pass and it will still be there. Many times he falls into the incarnation of snakes. It is said that snakes live for millions of years. According to an estimate, to complete one round are spent eight to nine crore years. Similarly, he becomes a tree –**

*'Numerous trees and plants in our incarnation have we observed;*
*Numerous are the animal forms in which we were created.*
*In numerous serpent-forms were we incarnated;*
*As numerous bird-species on wings did we fly.'* *P. 156*

**ਕੇਤੇ ਰੁਖ ਬਿਰਖ ਹਮ ਚੀਨੇ**
**ਕੇਤੇ ਪਸੂ ਉਪਾਏ ॥**
**ਕੇਤੇ ਨਾਗ ਕੁਲੀ ਮਹਿ ਆਏ**
**ਕੇਤੇ ਪੰਖ ਉਡਾਏ ॥**

**So, according to our estimate, if the average life of one incarnation is ten years, then one cycle takes 8,400000 years. This type of cycle has 'egoism' put around the neck of every *'jeev'* (sentient being), that after going through 84 lakh existences, it obtains the human birth. It is in this human incarnation that he can attain to his ultimate goal (of uniting with the Lord) through deeds, worship and knowledge Divine. Guru Sahib says that there are many hunters to bind him in shackles which have been discussed in detail in the earlier congregations. In *Gurbani*, there is an edict which says that the *'jeev'* (sentient being) by his own strength cannot escape from hunters like lust, wrath, avarice, attachment and pride. His only hope lies in God, who by His mercy may enable him to meet with a capable holy Preceptor by whose assistance this weak deer may come out of mire –**

*'Saith Kabir: Weak is the deer, green the Lake,*
*Amid a million hunters is the single life –*
*How long shall it cheat death?'* *P. 1367*

**ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ ॥**
**ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ ॥**

**This *'jeev'* (sentient being) being weak cannot face any hunter. All the hunters are able to subdue him. If we talk of them individually, how big they are! We are surprised at their power and strength. What can the poor *'jeev'* (sentient being) do when faced with them? This means that he is helpless before them. Try to understand this thing fully. Very powerful thieves or robbers – lust, wrath, avarice, attachment and pride – continue surrounding him all the time. Let us consider the power of lust alone. When we read ancient tales, we come to know how great saints and sages, gods, the three chief deities – Brahma, Vishnu and Mahesh – came to be possessed by it. Today if we can talk about these things, it is on the basis of the ancient books. One such tale is that once Brahma's daughter came into the**

assembly in great beauty and charm. Seeing at her Brahma Ji was infatuated by her. When the daughter observed her father's lustful glance, she turned to the other side. Brahma Ji started gazing at her with the eyes on his second face. The girl turned in the third direction. Brahma Ji started looking her with the eyes on the third face, and on her turning on the fourth side, he cast his lustful glance with his fourth face. At last, she flew towards the sky. Creating a new face, Brahma Ji started looking towards the sky. Shiv Ji was observing all this play. With his trident, he destroyed the fifth head of Brahma Ji, which clung to the palm of his hand. Many efforts were made to remove this head from Shiv Ji's palm. The entire head was rubbed off, but the scar did not go. Some parts of the skull went so deep into the hand that they became a part of it. When Shiv Ji came to the pilgrim centre of *Kapal Mochan*, he washed his palm in its sacred water. It was then that the scar from the palm was removed. Such is the reference to this tale in *Gurbani* –

*'Shiva, the destroyer of many sins and the Master of the three worlds,*
*Wandered from shrine to shrine, yet he never found the end of them.*
*The sinful act of cutting off Brahma's head, he could not efface.'* P. 695

***ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ***
***ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥***
***ਕਰਮ ਕਰਿ ਕਪਾਲੁ ਮਫੀਟਸਿ ਰੀ ॥***

Similarly, there are tales about Lord Shiva and Lord Vishnu. These are the tales of the gods. In our history too there are such references. Allaudin got thousands of soldiers killed in fighting to acquire Raja Bhim Singh's beautiful queen Padmani. Queen Padmani immolated herself through the observance of *'Johar'*. Allaudin got nothing from it. He kept the honour neither of his kingship, nor of his character. He behaved like a brute. Similarly, there are tales of many other kings.

Only a few days ago, I had read in the newspaper about a girl who, to elope with her lover, poisoned all the members of her family. So, when even one thief – lust is so powerful how can the *'jeev'* (sentient being) escape? In wrath, man loses his reason and understanding. He loses sense of discriminating between good and evil, right and wrong. Possessed by anger, man wages war and gets thousands of soldiers killed for nothing. Guru Sahib says –

*'Draw not near and in the neighbourhood of those in whose heart is the pariah wrath.'*
P. 40

***ਓਨਾ ਪਾਸਿ ਦੁਆਸਿ ਨ ਭਿਟੀਐ***
***ਜਿਨ ਅੰਤਰਿ ਕ੍ਰੋਧੁ ਚੰਡਾਲ ॥***

So, lust and wrath powerfully impact one and all, from the highest gods to the lowest man. The elephant is quite an intelligent animal, but when he sees a paper she-elephant, he is so much overcome with lust that he falls into the pit prepared for him and becomes a slave for life. In avarice, man violates all principles. Such is the edict in *Gurbani* –

*'Trust not anyone that is avaricious, as far as in your power may lie.*
*In the end shall he drag you where no succour may reach.*
*Association with the egoist may bring blackening and branding of the face.*
*Black are the faces of the avaricious –*
*They depart this life, making waste of it.*
*Lord! unite me to holy company wherein the Name in the self may be lodged;*
*Where, saith Nanak, servant of God,*
*The impurity of birth and death may be shed,*
*And the Lord's praise may be chanted.'*
P. 1417

*ਲੋਭੀ ਕਾ ਵੇਸਾਹੁ ਨ ਕੀਜੈ*
*ਜੇ ਕਾ ਪਾਰਿ ਵਸਾਇ॥*
*ਅੰਤਿ ਕਾਲਿ ਤਿਥੈ ਧੁਹੈ*
*ਜਿਥੈ ਹਥੁ ਨ ਪਾਇ॥*
*ਮਨਮੁਖ ਸੇਤੀ ਸੰਗੁ ਕਰੇ*
*ਮੁਹਿ ਕਾਲਖ ਦਾਗੁ ਲਗਾਇ॥*
*ਮੁਹ ਕਾਲੇ ਤਿਨ ਲੋਭੀਆਂ*
*ਜਾਸਨਿ ਜਨਮੁ ਗਵਾਇ॥*
*ਸਤਸੰਗਤਿ ਹਰਿ ਮੇਲਿ ਪ੍ਰਭ*
*ਹਰਿ ਨਾਮੁ ਵਸੈ ਮਨਿ ਆਇ॥*
*ਜਨਮ ਮਰਨ ਕੀ ਮਲੁ ਉਤਰੈ*
*ਜਨ ਨਾਨਕ ਹਰਿ ਗੁਨ ਗਾਇ॥*

*'Man like a rabid dog in ten directions runs.*
*The avaricious man, of discrimination bereft,*
*grabs things, righteously and unrighteously.'*
*P. 50*

*ਜਿਉ ਕੂਕਰ ਹਰਕਾਇਆ ਧਾਵੈ ਦਹ ਦਿਸ ਜਾਇ॥*
*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥*

**In this context, there is an illustrative story. Once four friends were going on a long journey. As they were going through the forest, they saw a pouch of gold coins lying. It was quite heavy. They decided to divide it among themselves in four equal parts. Going away from the path, they sat under a cluster of trees. There they decided that before dividing the treasure, they should first eat something. Two persons were sent to the city to bring food, while other two sat guarding the treasure. This thought came into their mind that they should pocket the entire treasure. They should take their meals and the food for the other two should be poisoned. On the other hand, the two friends who were sitting guard over the bag of gold coins also thought of killing their friends when they returned with the food. This is what happened. As they bent down to place the packet of food, their friends beheaded them. Picking up the bag of gold coins, they went a little farther and sat down to take the food and divide the treasure. As they ate the food, the poison was so deadly that they died there and then. The bag of gold coins kept lying there while the four avaricious fiends died. In this manner, out of greed, people kill their dear and near ones. Even more powerful than lust and avarice is 'attachment'. Under the power of attachment, man continues to be born and to die at the same place. To illustrate this point, holy men often tell a story. Once a holy man was going. A farmer saw him and called out to him – 'Holy man! food has just come from home. Butter-milk too has come. Share a few morsels so that your onward journey may be easy for you." The holy man saw the beautiful spot near the well and stopped there. The farmer served him with great love and devotion. The holy man thought of bestowing on him something superior. He said, "Old man! should I liberate you?" At this, the farmer became annoyed and said, "Knowing you to be a holy man, I served you food. What fault have I committed that you want to liberate me?" He thought that 'liberation' meant death. When, on the holy man's repeatedly saying, the farmer said 'no', he went away. After a long time, when the holy man came there again, bullocks were ploughing in the field. One bullock was pulling the plough with great force. He asked about the old man. He was told that he had died. Going into deep meditation, he saw that the old farmer in his next birth had become that ox who was straining all his strength and energy to pull the plough. The holy man got the plough stopped and said, "Good man! I want to talk to this bullock." Using his spiritual power, he asked the bullock, "Now you have become a bullock. Get yourself liberated now." The bullock shook his head in the negative and said, "If I die, my children will have to buy another**

